ISSN: 2277-9930

72-73

ਅਪ੍ਰੈਲ-ਸਤੰਬਰ 2022

# ਪ੍ਰਤਿਮਾਨ

ਮੁੱਲ: 50/-



## ਇਸ ਅੰਕ ਦਾ ਸ਼ਾਇਰ / ਪ੍ਰੋ. ਮੋਹਨ ਸਿੰਘ

### ਸੱਤਵਾਂ ਰੰਗ

ਕੀੜਾ ਸਾਂ ਮੈਂ ਧਰਤ ਦਾ
ਕੋਝਾ ਤੇ ਅੰਜਾਣ,
ਖਲ ਅਪਣੀ ਦੀ ਨਿੱਘ ਵਿਚ
ਮੱਤਾ ਤੇ ਗ਼ਲਤਾਨ,
ਅਚਨਚੇਤੀ ਦਿਸ ਪਈ,
ਪੀਂਘ ਪਈ ਅਸਮਾਨ।

ਲੂੰ ਲੂੰ ਬਿੱਜਾਂ ਕੂੰਦੀਆਂ
ਚੜ੍ਹਿਆ ਜਿੰਦ ਨੂੰ ਵੇਠ,
ਤੜਪ ਤੜਪ ਮੈਂ ਹੁੱਟਿਆ,
ਪੀਂਘ ਨਾ ਉਤਰੀ ਹੇਠ,
ਏਸੇ ਖਿੱਚੋਤਾਣ ਵਿਚ
ਮੇਰੇ ਉੱਗ ਪਏ ਖੰਭਲੇਟ।
ਭੋਂ ਦੀਆਂ ਪਕੜਾਂ ਟੁੱਟੀਆਂ
ਚੜ੍ਹਿਆ ਮੈਂ ਅਸਮਾਨ,
ਜਿਉਂ ਜਿਉਂ ਉੱਡਾਂ ਪੀਂਘ ਦੇ
ਰੰਗ ਨਿਖਰਦੇ ਜਾਣ,
ਰੰਗ-ਵਿਹੂਣੇ ਖੰਭ ਮੇਰੇ
ਲਗ ਪਏ ਝਿਲਮਿਲਿਆਣ।

ਰੰਗ-ਲੀਲ੍ਹਾ ਨੂੰ ਦੇਖ ਕੇ,
ਤੱਸੀ ਮੇਰੀ ਜਿੰਦ,
ਪੀਂਘ ਕਲਾਵੇ ਵੜ ਗਈ
ਅਟਕੀ ਇਕ ਨਾ ਬਿੰਦ,
ਕੀ ਛੱਡੇ ਤੇ ਕੀ ਫੜੇ
ਇਹਨੂੰ ਸੱਤੇ ਰੰਗ ਪਸਿੰਦ।
ਰੰਗ ਤੱਕੇ ਦੋ ਏਸ ਨੇ
ਰੰਗ ਲਏ ਦੋ ਫੜ,
ਦੋ ਰੰਗ ਚੱਖੇ ਏਸ ਨੇ
ਹੋਠ ਹੋਠਾਂ ਤੇ ਜੜ,
ਸਤਵੇਂ ਵਲ ਪਰ ਵਧੀ ਜਾਂ
ਖੰਭ ਪਏ ਸੂ ਝੜ।

ਡਿੱਗੀ ਫੇਰ ਜ਼ਮੀਨ ਤੇ
ਜਿੰਦ ਮੇਰੀ ਨਾਦਾਨ,
ਵਿਚ ਹਨੇਰਿਆਂ ਭਟਕਦੀ
ਗਾਂਹਦੀ ਫਿਰੇ ਜਹਾਨ,
ਸ਼ਾਇਦ ਲਭ ਪਏ ਧਰਤ ਚੋਂ
ਸਤਵਾਂ ਰੰਗ ਮਹਾਨ।



ਛਡ ਦੇ ਜਿੰਦੇ ਕਮਲੀਏ
ਸਤਵੇਂ ਰੰਗ ਦੀ ਭਾਲ,
ਸਿਖਰ ਦੁਪਹਿਰ ਨਾ ਲਭਿਆ
ਕੀ ਲਭਣਾ ਤਰਕਾਲ,
''ਲਭਸਾਂ, ਲਭਸਾਂ, ਲਭਸਾਂ,
ਮੇਰੀ ਆਸ ਨਾ ਟੁੱਟੀ ਹਾਲ।''

### ਬਿਰਛ

ਇਹ ਸੁੱਕਾ ਬਿਰਛ,
ਬੁੱਢਾ ਤੇ ਬਿਰਧ
ਜਿਸ ਦੀ ਜ਼ਿੰਦਗੀ
ਪੜਾਅ ਹੀ ਪੜਾਅ ਹੈ
ਕਿਸ ਆਸ 'ਤੇ ਖੜਾ ਹੈ ?

ਇਕ ਇਕ ਕਰਕੇ
ਸਾਰੇ ਪੱਤਰ ਝੜ ਗਏ
ਫਿਰ ਟਹਿਣੀਆਂ ਨੂੰ ਸੁਕਾ ਕੇ
ਹੱਡ ਕੜਕਾ ਕੇ ਹਵਾ ਲੈ ਗਈ
ਹੁਣ ਨਿਰਾ ਟੁੰਡ ਹੀ ਖੜਾ ਹੈ
ਇਕ ਕਲ-ਮੁਕੱਲੇ
ਘੁਣਾਧੇ ਦੰਦ ਦੀ ਤਰ੍ਹਾਂ
ਨਾ ਕੁਝ ਬਿਰਛ ਤੋਂ ਉਰਾਂ
ਨਾ ਕੁਝ ਬਿਰਛ ਤੋਂ ਪਰਾਂ
ਮੀਲਾਂ ਤੀਕ ਇਕੱਲ ਦਾ ਰਾਜ ਹੈ
ਇਹ ਬੁੱਢਾ ਝਰੀਟ ਕਿਉਂ ਜ਼ਿੰਦਗੀ
ਦਾ ਮੁਹਤਾਜ ਹੈ ?

ਜਿੱਥੋਂ ਜਿੱਥੋਂ ਡਾਹਣ ਸੁਕ ਕੇ ਡਿੱਗੇ
ਉੱਥੇ ਉੱਥੇ ਨਿੱਕੀਆਂ ਖੋੜਾਂ
ਬਿਰਧ ਅੱਖਾਂ ਵਿਚ ਦੀ ਝਾਕਣ
ਲੋੜਨ ਜਵਾਨੀ ਦੇ ਗਵਾਚੇ ਸੁਫ਼ਨਿਆਂ।

ਇਕ ਟੰਗ ਭਾਰ ਖਲੋਤਾ ਜੋਗੀ,
ਇਕ ਪਲਕ ਨਾ ਸੈਂਦਾ
ਜਿਸ ਦੇ ਟੁੰਡ ਉੱਤੇ
ਇੱਲ ਦੇ ਸਿਵਾ ਕੋਈ ਪੰਛੀ ਨਾ ਬਹਿੰਦਾ
ਜਿਸ ਨੂੰ ਪਰਛਾਵੇਂ ਦੇ ਸਿਵਾ ਕੋਈ ਫਲ ਨਾ
ਪੈਂਦਾ।
ਜਿਸ ਦਾ ਜੀਵਨ ਪੜਾਅ ਹੀ ਪੜਾਅ ਹੈ
ਕਿਸ ਆਸ 'ਤੇ ਖੜਾ ਹੈ ?

### ਗੀਤ

ਪਰੀਏ ਨੀ ਪਰੀਏ
ਉਮਰਾਂ ਦੇ ਪੁਲਾਂ ਹੇਠੋਂ ਲੰਘ ਗਿਆ ਪਾਣੀ
ਰੇਤੜ ਵਿਚ ਕਿੰਜ ਤਰੀਏ ?

ਪਰੀਏ ਨੀ ਪਰੀਏ
ਨਾਲ ਪਾਵੇ ਜਦ ਕਾਲ ਸੀ ਬੰਨ੍ਹਿਆ
ਉਹ ਘੜੀਆਂ ਕਿੰਜ ਫੜੀਏ ?

ਪਰੀਏ ਨੀ ਪਰੀਏ
ਗਗਨਾਂ ਦੇ ਘੋੜੇ 'ਤੇ ਚੰਨ ਦੀ ਕਾਠੀ
ਪਾ ਕਿੱਦਾਂ ਮੁੜ ਚੜ੍ਹੀਏ ?

ਪਰੀਏ ਨੀ ਪਰੀਏ
ਤਰੁੰਡ ਅਕਾਸ਼ਾਂ ਦੇ ਛਬਿਉਂ ਛਬੀਆਂ
ਪੈਰ ਤੇਰੇ ਕਿੰਜ ਧਰੀਏ ?

ਪਰੀਏ ਨੀ ਪਰੀਏ
ਦੁੱਧਾ ਥਣੀਂ ਨਾ ਆਵੇ ਮੁੜ ਕੇ
ਜੇ ਲੱਖ ਹੀਲਾ ਕਰੀਏ ?

ਪਰੀਏ ਨੀ ਪਰੀਏ
ਖਾਲੀ ਸੁਰਾਹੀ ਤੇ ਸਖਣੇ ਪਿਆਲੇ
ਘੁਟ ਕਿੰਜ ਨਸ਼ਿਆਂ ਦਾ ਭਰੀਏ ?

ਪਰੀਏ ਨੀ ਪਰੀਏ
ਗੁੜ ਹੋਵੇ ਤਾਂ ਵੰਡ ਮੁਕਾਈਏ
ਦਰਦਾਂ ਦਾ ਕੀ ਕਰੀਏ ?

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਪ੍ਰੈਲ-ਸਤੰਬਰ 2022 ਅੰਕ 72-73

ISSN: 2277-9930

RNI No. PUNPUN/2006/16230

ਸੰਪਾਦਕ (ਆਨਰੇਰੀ)

ਡਾ. ਅਮਰਜੀਤ ਕੌਂਕੇ

ਪ੍ਰਬੰਧ ਸੰਪਾਦਕ

ਗਗਨਦੀਪ ਸਿੰਘ

ਰਚਨਾਵਾਂ ਭੇਜਣ ਲਈ ਪਤਾ



ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in



ਸਲਾਹਕਾਰ

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ ਡਾ. ਆਤਮ ਰੰਧਾਵਾ, ਸੁਰਿੰਦਰ ਗੀਤ

TITLE PAINTING BY

MEENA CHOPRA

ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

ਸਹਿਯੋਗ ਰਾਸ਼ੀ

ਇੱਕ ਅੰਕ: 50/-, ਵੀਹ ਅੰਕ (5 ਸਾਲ): 1000/-
ਜੀਵਨ ਮੈਂਬਰਸ਼ਿਪ: 2500/-, ਵਿਦੇਸ਼: $200

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ



PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in
Hon. Editor : Dr. Amarjeet Kaunke


## ਤਰਤੀਬ


### ਸੰਪਾਦਕੀ / 2

### ਸਿਰਜਣ ਪ੍ਰਕ੍ਰਿਆ

ਸਿਰਜਣ ਪ੍ਰਕ੍ਰਿਆ ਅਸਲ ਵਿੱਚ ਇੱਕ ਯਾਤਰਾ ਹੈ / ਗੀਤਾਂਜਲੀ ਸ਼੍ਰੀ / ਪੇਸ਼ਕਸ਼: ਡਾ. ਪਰਮਜੀਤ ਸਿੰਘ ਢੀਂਗਰਾ / 3

### ਕਹਾਣੀਆਂ

ਜਿਊਣ ਮਰਨ / ਗੋਵਰਧਨ ਗੱਬੀ / 5, ਸ਼ਾਹ ਆਲਮ ਕੈਂਪ ਦੀਆਂ ਰੂਹਾਂ / ਅਸਗਰ ਵਜਾਹਤ / ਅਨੁ. ਬਲਬੀਰ ਜਸਵਾਲ / 12, ਛੋਟਾ ਮਿਸਤਰੀ / ਸਵਾਮੀ ਸਰਬਜੀਤ / 21, ਕਬਾੜ ਨਹੀਂ / ਕਮਲੇਸ਼ ਭਾਰਤੀ, ਚੋਰ / ਜਗਰੂਪ ਸਿੰਘ / 28, ਜਾਲ / ਹਰਦੀਪ ਸੱਭਰਵਾਲ / 44

### ਕਵਿਤਾ / ਗ਼ਜ਼ਲ / ਗੀਤ

ਅੰਬਰੀਸ਼ / 4, ਉਂਕਾਰਪ੍ਰੀਤ / 9, ਦਰਸ਼ਨ ਬੁੱਟਰ / 10, ਡਾ. ਸੰਤੋਖ ਸੁੱਖੀ, ਸਤਪਾਲ ਭੀਖੀ / 11, ਡਾ. ਰਵਿੰਦਰ, ਸਵਾਮੀ ਅੰਤਰ ਨੀਰਵ, ਗੁਰਪ੍ਰੀਤ / 15, ਵਿਸ਼ਾਲ, ਰਾਜੀਵ ਸੇਠ / 16, ਸੁਧਾ ਓਮ ਢੀਂਗਰਾ, ਅਮਨਦੀਪ ਗੁਜਰਾਲ ਵਿੰਮੀ / 17, ਸੋਨੀਆ ਭਾਰਤੀ, ਗਗਨਮੀਤ, ਵਿਰਕ ਪੁਸ਼ਪਿੰਦਰ / 18, ਗੁਰਬਿੰਦਰ ਕੌਰ ਧਾਲੀਵਾਲ, ਕੁਲਵਿੰਦਰ ਕੁਮਾਰ / 19, ਸ਼ੰਕਰਾਨੰਦ, ਆਰਤੀ ਕੁਮਾਰੀ / 20, ਪ੍ਰਭਜੋਤ ਸੱਭਰਵਾਲ, ਅੰਜੂ ਵੀ ਰੱਤੀ, ਵੰਦਨਾ ਪਰਾਸ਼ਰ / 26, ਡਾ. ਯਾਦਵਿੰਦਰ, ਅਮਨਜੋਤ ਧਾਲੀਵਾਲ / 27, ਅਨੁਪਮਾ ਤਿਵਾਰੀ / 28, ਅਨੁਪਮਾ ਚਤੁਰਵੇਦੀ / 34, ਗੁਰਸੇਵਕ ਲੰਬੀ / 35, ਸੁਰਜੀਤ ਸਿੰਘ ਕਾਉਂਕੇ / 39, ਡਾ. ਪ੍ਰਤਿਭਾ ਪ੍ਰਭਾ / 42

### ਆਲੋਚਨਾ ਨਿਬੰਧ / ਰੀਵੀਊ

ਪੰਜਾਬੀ ਸਾਹਿਤ ਵਿਚ ਜੁਝਾਰਵਾਦੀ ਕਾਵਿ ਲਹਿਰ ਦਾ ਉਭਾਰ ਤੇ ਯੋਗਦਾਨ / ਜਗਜੀਤ ਸਿੰਘ / 29, ਪਰਵਾਸੀ ਪੰਜਾਬੀ ਕਹਾਣੀ ਵਿਚ ਪੇਸ਼ ਪਰਵਾਸੀ ਬਜ਼ੁਰਗਾਂ ਦਾ ਸੰਤਾਪ / ਪੱਲਵੀ ਜੋਸ਼ੀ / 32, ਗੁਰਪ੍ਰੀਤ ਕੌਰ ਦਾ ਕਾਵਿ-ਸੰਗ੍ਰਹਿ
ਖ਼ੁਸ਼ਬੂ ਕੈਦ ਨਹੀਂ ਹੁੰਦੀ : ਸੱਚੇ-ਸੁੱਚੇ ਪਿਆਰ ਰੰਗ ਵਿੱਚ ਲਬਰੇਜ਼ ਕਾਵਿ / ਗੁਰਪ੍ਰੀਤ ਸਿੰਘ / 36, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕਲਾ ਪੱਖ / ਡਾ. ਜਸਪ੍ਰੀਤ ਕੌਰ / 40, ਸੁਖਮਨੀ ਸਾਹਿਬ ਵਿੱਚ ਆਦਰਸ਼ ਮਨੁੱਖ ਦਾ ਸੰਕਲਪ / ਗੁਰਸੰਤ ਸਿੰਘ / 43, ਜਦੋਂ ਮਿੱਥ ਟੁੱਟਦੀ ਹੈ / ਸਰਵਰਿੰਦਰ ਸਿੰਘ / 45, ਭਾਰਤ ਪਾਕਿ ਵੰਡ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਵਾਲਾ ਅਹਿਮ ਸਰੋਤ / ਨਿਰੰਜਣ ਬੋਹਾ / 47




ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।



## ਪੰਜਾਬ ਦੀ ਹੋਂਦ ਤੇ ਹੋਣੀ

ਪੰਜ਼ ਦਰਿਆਵਾਂ ਦੀ ਧਰਤੀ ਪੰਜਾਬ ਇਸ ਵੇਲੇ ਅਨੇਕ ਸੰਕਟਾਂ ਤੇ ਸਵਾਲਾਂ ਨਾਲ ਜੂਝ ਰਹੀ ਹੈ। ਪੰਜਾਬ ਵਿਚੋਂ ਦਿਨੋ ਦਿਨ ਹੋ ਰਿਹਾ ਪਰਵਾਸ ਇਸ ਵੇਲੇ ਗੰਭੀਰ ਚਿੰਤਾ ਦਾ ਵਿਸ਼ਾ ਹੈ। ਜਿਸ ਤਰਾਂ ਰੋਜ਼ ਜਹਾਜ ਭਰ ਭਰ ਕੇ ਪੰਜਾਬ ਦੀ ਨੌਜਵਾਨੀ ਇਸ ਧਰਤੀ ਨੂੰ ਤਿਆਗ ਕੇ ਬਾਹਰਲੀਆਂ ਧਰਤੀਆਂ ਤੇ ਆਪਣੇ ਵਸੇਬੇ ਵਿਚ ਵਿਸ਼ਵਾਸ ਕਰਨ ਲੱਗੀ ਹੈ, ਉਹ ਬੇਹਦ ਚਿੰਤਾਜਨਕ ਹੈ। ਪਹਿਲਾਂ ਸੁਣਦੇ ਸਾਂ ਕਿ ਦੁਆਬੇ ਦੇ ਪਿੰਡਾਂ ਵਿਚ ਬਹੁਤੇ ਘਰ ਖਾਲੀ ਪਏ ਹਨ ਜਿਨ੍ਹਾਂ ਵਿਚ ਯੂ.ਪੀ., ਬਿਹਾਰ ਦੇ ਲੋਕ ਵਸੇਬਾ ਕਰਦੇ ਹਨ, ਪਰ ਹੁਣ ਤਾਂ ਸਾਰੇ ਪੰਜਾਬ ਦੇ ਪਿੰਡਾਂ ਵਿਚ ਹੀ ਨਹੀਂ ਸ਼ਹਿਰਾਂ ਵਿਚ ਵੀ ਅਨੇਕਾਂ ਘਰ ਸੁੰਨੇ ਪਏ ਹਨ ਜਾਂ ਉਨ੍ਹਾਂ ਵਿਚ ਸੱਠਾਂ ਸੱਤਰਾਂ ਨੂੰ ਪਹੁੰਚੇ ਸਿਰਫ਼ ਬਜ਼ੁਰਗ ਜੋੜੇ ਰਹਿ ਰਹੇ ਹਨ। ਹੋਰ ਦਸਾਂ ਪੰਦਰਾਂ ਸਾਲਾਂ ਨੂੰ ਜਦੋਂ ਇਹ ਬਜ਼ੁਰਗ ਚਲਾਣਾ ਕਰ ਗਏ ਤਾਂ ਇਨ੍ਹਾਂ ਘਰਾਂ ਦਾ ਵਾਲੀਵਾਰਸ ਕੌਣ ਹੋਵੇਗਾ ? ਪਰ ਕਸੂਰ ਸਿਰਫ਼ ਪਰਵਾਸ ਚੁਣਨ ਵਾਲੀ ਨੌਜਵਾਨ ਪੀੜ੍ਹੀ ਦਾ ਹੀ ਨਹੀਂ। ਮਹਿੰਗੀਆਂ ਤੇ ਉੱਚੀਆਂ ਪੜ੍ਹਾਈਆਂ ਕਰ ਵੀ ਜਦੋਂ ਉਨ੍ਹਾਂ ਨੂੰ ਕੋਈ ਰੋਜ਼ਗਾਰ ਦਾ ਰਾਹ ਨਹੀਂ ਦਿਸਦਾ ਤਾਂ ਉਨ੍ਹਾਂ ਲਈ ਪ੍ਰਵਾਸ ਸ਼ਾਇਦ ਇੱਕੋ ਇੱਕ ਰਾਹ ਬਚਦਾ ਹੈ। ਦੂਜੇ ਪਾਸੇ ਪੰਜਾਬ ਵਿਚ ਰਹਿ ਗਈ ਨੌਜਵਾਨ ਪੀੜ੍ਹੀ ਨਿਰਾਸ਼ ਤੇ ਉਦਾਸੀਨ ਹੋ ਕੇ ਨਸ਼ਿਆਂ ਤੇ ਜ਼ੁਰਮਾਂ ਦੇ ਰਾਹ ਤੇ ਤੁਰ ਪਈ ਹੈ। ਇਹ ਜਵਾਨੀ ਉਸੇ ਸਭਿਆਚਾਰ ਵਿਚੋਂ ਆਉਂਦੀ ਹੈ ਜਿੱਥੇ ਸਾਡੀਆਂ ਸਰਕਾਰਾਂ ਕੋਲ ਨਵੀਂ ਪੀੜ੍ਹੀ ਨੂੰ ਕੋਈ ਸਾਰਥਕ ਦਿਸ਼ਾ ਦੇਣ ਵਾਲੀ ਸਿੱਖਿਆ ਪ੍ਰਣਾਲੀ ਨਹੀਂ। ਇਸੇ ਦਿਸ਼ਾਹੀਣਤਾ ਵਿਚ ਸਾਡੀ ਜਵਾਨੀ ਅਪਰਾਧ ਦੀ ਦਲਦਲ ਵਿਚ ਫਸਦੀ ਜਾ ਰਹੀ ਹੈ। ਪੰਜਾਬ ਦੀ ਧਰਤੀ ਤੇ ਗੈਂਗਸਟਰ ਕਲਚਰ ਵੀ ਇਸੇ ਦਿਸ਼ਾਹੀਣਤਾ ਤੇ ਉਦਾਸੀਨਤਾ ਦੀ ਦੇਣ ਹੈ। ਪਹਿਲਾਂ ਪਹਿਲਾਂ ਇਸ ਤਰਾਂ ਦੀਆਂ ਆਪਸੀ ਲੜਾਈਆਂ ਤੇ ਖਹਿਬਾਜੀ ਦਾ ਇਹ ਮਾਹੌਲ ਕਾਲਜਾਂ ਜਾਂ ਯੂਨੀਵਰਸਿਟੀ ਪੱਧਰ ਤੇ ਦੇਖਣ ਨੂੰ ਮਿਲਦਾ ਸੀ ਪਰ ਦੁੱਖ ਤੇ ਹੈਰਾਨੀ ਦੀ ਗੱਲ ਹੈ ਕਿ ਅਪਰਾਧ ਦਾ ਇਹ ਸਭਿਆਚਾਰ ਹੁਣ ਸਕੂਲੀ ਪੱਧਰ ਤੇ ਵੀ ਵਧਣ ਫਲਣ ਲੱਗ ਪਿਆ ਹੈ। ਜ਼ਰੂਰਤ ਹੈ ਕਿ ਸਾਡੀਆਂ ਸਰਕਾਰਾਂ ਸਾਡੀ ਜਵਾਨੀ ਨੂੰ ਸਹੀ ਦਿਸ਼ਾ ਵੱਲ ਲੈ ਕੇ ਜਾਣ ਲਈ ਗੰਭੀਰ ਚਿੰਤਨ ਕਰਨ ਅਤੇ ਉਸ ਲਈ ਇਮਾਨਦਾਰ ਯਤਨ ਵੀ ਕਰਨ। ਜਰੂਰਤ ਹੈ ਅਸੀਂ ਆਪਣੇ ਬੱਚਿਆਂ ਨੂੰ ਸਾਫ਼ ਸੁਥਰਾ ਨੈਤਿਕ ਮਾਹੌਲ, ਚੰਗੇ ਸੰਸਕਾਰ, ਰੋਜਗਾਰ ਤੇ ਸੁਪਨੇ ਦਈਏ। ਉਨ੍ਹਾਂ ਦੀ ਊਰਜਾ ਨੂੰ ਸਹੀ ਦਿਸ਼ਾ ਵੱਲ ਲਾਉਣ ਲਈ ਖੇਡਾਂ ਤੇ ਹੋਰ ਗਤੀਵਿਧਿਆਂ ਲਈ ਪ੍ਰੇਰਿਤ ਕਰੀਏ। ਪੰਜਾਬ ਵਿੱਚ ਰੋਜ਼ਗਾਰ ਤੇ ਸਵੈਰੋਜ਼ਗਾਰ ਲਈ ਢੁਕਵੇਂ ਸਾਧਨ ਪੈਦਾ ਕੀਤੇ ਜਾਣ ਤਾਂ ਜੋ ਨੌਜਵਾਨ ਪੀੜ੍ਹੀ ਬਾਹਰ ਜਾ ਕੇ ਆਪਣੇ ਭਵਿੱਖ ਦਾ ਸੁਪਨਾ ਦੇਖਣ ਦੀ ਥਾਂ ਆਪਣੀ ਧਰਤੀ ਤੇ ਹੀ ਆਪਣੀ ਭਵਿੱਖਮਈ ਅਸਤਿਤਵ ਨੂੰ ਸੁਰੱਖਿਅਤ ਮਹਿਸੂਸ ਕਰ ਸਕੇ। ਨਹੀਂ ਤਾਂ ਆਉਂਦੇ ਵਰ੍ਹਿਆਂ ਵਿੱਚ ਪੰਜਾਬ ਆਪਣੀ ਨੌਜਵਾਨ ਜਵਾਨ ਪੀੜ੍ਹੀ ਤੋਂ ਬਿਨਾਂ ਕਿਸ ਤਰਾਂ ਦੀ ਹੋਂਦ ਤੇ ਹੋਣੀ ਦੇ ਸਨਮੁਖ ਹੋਵੇਗਾ, ਇਸ ਬਾਰੇ ਲੋਕਾਂ ਨੂੰ ਤੇ ਸਰਕਾਰਾਂ ਨੂੰ ਡੂੰਘਾ ਚਿੰਤਨ ਕਰਨ ਦੀ ਜਰੂਰਤ ਹੈ।

## ਸਿਰਜਣ ਪ੍ਰਕ੍ਰਿਆ ਅਸਲ ਵਿੱਚ ਇੱਕ ਯਾਤਰਾ ਹੈ – ਗੀਤਾਂਜਲੀ ਸ਼੍ਰੀ

ਪੇਸ਼ਕਸ਼ : ਪਰਮਜੀਤ ਢੀਂਗਰਾ




ਅੱਜ ਤੋਂ ਦਸ ਬਾਰਾਂ ਸਾਲ ਪਹਿਲਾਂ ਪੰਜਾਬ ਬੁੱਕ ਸੈਂਟਰ, ਚੰਡੀਗੜ੍ਹ ਵਿਚ ਕਿਤਾਬਾਂ ਦੀ ਫੋਲਾ ਫਾਲੀ ਕਰਦਿਆਂ ਇਕ ਕਿਤਾਬ ਹੱਥ ਲੱਗੀ 'ਖਾਲ੍ਹੀ ਜਗ੍ਹਾ'। ਇਹ ਕਿਤਾਬ ਗੀਤਾਂਜਲੀ ਸ਼੍ਰੀ ਦੀ ਸੀ। ਕੁਝ ਚਿਰ ਅਰਾਮ ਨਾਲ ਓਥੇ ਬਹਿ ਕੇ ਫੋਲਾ ਫਾਲੀ ਕੀਤੀ। ਓਦੋਂ ਤੱਕ ਗੀਤਾਂਜਲੀ ਸ਼੍ਰੀ ਦਾ ਨਾਂ ਜ਼ਰੂਰ ਸੁਣਿਆ ਸੀ ਪਰ ਉਹਦੀ ਕੋਈ ਵੀ ਕਿਤਾਬ ਪੜ੍ਹੀ ਨਹੀਂ ਸੀ। 'ਖਾਲ੍ਹੀ ਜਗ੍ਹਾ' ਨਾਵਲ ਖਰੀਦ ਲਿਆ ਪਰ ਕਈ ਚਿਰ ਬਿਨਾ ਪੜ੍ਹਿਆਂ ਪਿਆ ਰਿਹਾ। ਇਕ ਦਿਨ ਫਿਰ ਉਸ ਨਾਵਲ ਨੇ ਖਿਚਿਆ, ਜਦੋਂ ਪੜ੍ਹਿਆ ਤਾਂ ਲੱਗਿਆ ਕਿ ਲੇਖਕਾ ਕੋਲ ਗੱਲ ਕਹਿਣ ਦਾ ਵੱਖਰਾ ਢੰਗ ਹੈ। ਉਹਦੀ ਸ਼ੈਲੀ ਤੇ ਭਾਸ਼ਾ ਕਮਾਲ ਦੀ ਹੈ। ਹੁਣ ਜਦੋਂ ਉਹਨੂੰ ਬੁਕਰ ਵਰਗਾ ਕੌਮਾਂਤਰੀ ਪੁਰਸਕਾਰ ਮਿਲਿਆ ਹੈ ਤਾਂ ਹਰ ਪਾਸੇ ਉਹਦੇ ਨਾਵਲਾਂ ਤੇ ਵਿਸ਼ੇਸ਼ ਕਰਕੇ 'ਰੇਤ ਸਮਾਧੀ' ਦੀ ਚਰਚਾ ਹੋ ਰਹੀ ਹੈ। ਆਪਣੀ ਸਾਹਿਤਕ ਯਾਤਰਾ ਬਾਰੇ ਉਹ ਲਿਖਦੀ ਹੈ–

ਮੇਰੀ ਕਿਤਾਬ ਨੂੰ ਬੁੱਕਰ ਮਿਲਿਆ, ਮੈਨੂੰ ਬੇਹੱਦ ਖੁਸ਼ੀ ਹੈ ਪਰ ਮੈਨੂੰ ਇਸ ਤੋਂ ਵੀ ਵੱਧ ਖੁਸ਼ੀ ਇਸ ਗੱਲ ਦੀ ਹੈ ਕਿ ਇਹ ਹਿੰਦੀ ਦੀ ਕਿਤਾਬ ਨੂੰ ਮਿਲਿਆ ਹੈ। ਇਹ ਸਾਡੀ ਸਾਰਿਆਂ ਦੀ ਸਾਂਝੀ ਖੁਸ਼ੀ ਹੈ। ਮੇਰੀ ਪਿੱਠਭੂਮੀ ਸਾਹਿਤ ਦੀ ਨਹੀਂ, ਨਾ ਹੀ ਮੈਂ ਹਿੰਦੀ ਸਾਹਿਤ ਨੂੰ ਵਿਧੀਵਤ ਰੂਪ ਵਿਚ ਪੜ੍ਹਿਆ ਜਾਂ ਇਹਦਾ ਅਧਿਐਨ ਕੀਤਾ ਹੈ। ਮੈਂ ਇਤਿਹਾਸ ਦੀ ਵਿਦਿਆਰਥਣ ਹਾਂ ਤੇ ਤੀਹ ਵਰ੍ਹਿਆਂ ਦੀ ਉਮਰ ਤੱਕ ਮੇਰਾ ਲੇਖਕ ਮੇਰੇ ਅੰਦਰ ਹੀ ਕਿਤੇ ਗੁੰਮ ਸੀ। ਜ਼ਿੰਦਗੀ ਦੇ ਹੋਰ ਬਥੇਰੇ ਝਮੇਲੇ ਸਨ। ਜਵਾਨੀ ਦਾ ਉਤਸ਼ਾਹ, ਪੁਰਾਣੀਆਂ ਪਰੰਪਰਾਵਾਂ ਤੋਂ ਕੋਫਤ, ਕੁਝ ਨਵਾਂ ਕਰਨ ਦੀ ਇੱਛਾ ਤੇ ਨਾਲ ਹੀ ਆਪਣੇ ਭਵਿੱਖ ਦੀ ਚਿੰਤਾ ਵੀ ਸੀ।

ਉਪਚਾਰਕ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਮੈਂ ਫੈਸਲਾ ਕਰ ਲਿਆ ਕਿ ਹੁਣ ਸਿਰਫ਼ ਲਿਖਾਂਗੀ। ਇਸ ਤੋਂ ਬਾਅਦ ਤਾਂ ਜਿਵੇਂ ਸਿਰਜਣਾ ਦਾ ਬੰਨ੍ਹ ਟੁੱਟ ਗਿਆ ਹੋਵੇ, ਖੂਬ ਲਿਖਿਆ ਤੇ ਲਗਾਤਾਰ ਲਿਖਿਆ। ਲੋਕਾਂ ਨੇ ਸਿਫਤ ਸਲਾਹ ਵੀ ਕੀਤੀ, ਆਲੋਚਕਾਂ ਨੇ ਵੀ ਨਜ਼ਰ ਭਰ ਕੇ ਦੇਖਿਆ ਤੇ ਮੇਰੀ ਸਿਰਜਣਾ ਤੇ ਭਾਸ਼ਾ ਸ਼ੈਲੀ ਬਾਰੇ ਭਰਪੂਰ ਟਿੱਪਣੀਆਂ ਕੀਤੀਆਂ। ਇਸ ਨਾਲ ਮੈਨੂੰ ਉਤਸ਼ਾਹ ਮਿਲਿਆ ਤੇ ਲੱਗਿਆ ਕਿ ਮੇਰੇ ਲਈ ਲੇਖਣੀ ਦਾ ਇਕ ਰਾਹ ਬਣ ਗਿਆ ਹੈ। ਇਸ ਨਾਲ ਸਕੂਨ ਵੀ ਮਿਲਿਆ ਤੇ ਹੋਰ ਚੰਗਾ ਤੇ ਨਵਾਂ ਲਿਖਣ ਦੀ ਪ੍ਰੇਰਨਾ ਵੀ।

ਮੇਰੀ ਪੈਦਾਇਸ਼ ਉਤਰ ਪ੍ਰਦੇਸ਼ ਦੀ ਹੈ ਤੇ ਹਿੰਦੀ ਪੱਟੀ ਦੇ ਕਈ ਸ਼ਹਿਰਾਂ ਵਿਚ ਰਹਿਣ ਤੇ ਸਿੱਖਣ ਦਾ ਮੌਕਾ ਮਿਲਿਆ। ਪਿਤਾ ਦੀ ਸਰਕਾਰੀ ਨੌਕਰੀ ਸੀ ਤੇ ਅਕਸਰ ਉਨ੍ਹਾਂ ਦੀ ਬਦਲੀ ਇਕ ਥਾਂ ਤੋਂ ਦੂਜੀ ਥਾਂ ਹੁੰਦੀ ਰਹਿੰਦੀ। ਉਨ੍ਹਾਂ ਨਾਲ ਰਹਿੰਦਿਆਂ ਹਿੰਦੀ ਨੂੰ ਨੇੜਿਓਂ ਜਾਣਿਆ, ਜੀਵਿਆ, ਸਮਝਿਆ।

ਮੇਰਾ ਪਹਿਲਾ ਨਾਵਲ 'ਮਾਈ' ਮੈਂ ਬੜੇ ਸਹਿਜ ਢੰਗ ਨਾਲ਼ ਲਿਖਿਆ। ਹੌਲੀ ਹੌਲੀ ਉਸਨੇ ਹਿੰਦੀ ਪਾਠਕਾਂ ਵਿਚ ਆਪਣੀ ਥਾਂ ਬਣਾਈ। ਆਲੋਚਕਾਂ ਨੇ ਵੀ ਇਸ 'ਤੇ ਗੌਰ ਕੀਤਾ। 'ਰੇਤ ਸਮਾਧੀ' ਨਾਵਲ ਨਾਲ ਮੈਂ ਇਕ ਲੰਮਾ ਵਕਤ ਗੁਜ਼ਾਰਿਆ, ਤਕਰੀਬਨ ਅੱਠ ਵਰ੍ਹੇ। ਲਿਖਣ ਤੋਂ ਪਹਿਲਾਂ ਮੈਂ ਕੋਈ ਫਾਰਮੂਲਾ ਨਹੀਂ ਬਣਾਉਂਦੀ, ਨਾ ਕੋਈ ਅਜਿਹਾ ਖਾਕਾ ਕਿ ਨਾਵਲ ਵਿਚ ਏਥੇ ਕੀ ਪਾਉਣਾ ਹੈ ਜਾਂ ਏਥੇ ਕੀ ਕਰਨਾ ਹੈ ਤੇ ਓਥੇ ਕਿਵੇਂ ਵਿਓਂਤਣਾ ਹੈ। ਨਾਵਲ ਦੀ ਸਿਰਜਣ ਪ੍ਰਕਿਰਿਆ ਅਸਲ ਵਿਚ ਇਕ ਯਾਤਰਾ ਹੁੰਦੀ ਹੈ। ਇਕ ਪਾਸੇ ਤੁਸੀਂ ਪਾਤਰਾਂ ਨੂੰ ਰਚ ਰਹੇ ਹੁੰਦੇ ਹੋ, ਉਨਾਂ ਨਾਲ ਖੇਡ ਰਹੇ ਹੁੰਦੇ ਹੋ, ਓਥੇ ਤੁਹਾਡੇ ਪਾਤਰ ਆਪਣਾ ਪਾਠ ਤੁਹਾਡੀ ਭਾਸ਼ਾ ਵਿਚ ਰਚ ਰਹੇ ਹੁੰਦੇ ਨੇ, ਬਰੀਕੀਆਂ ਨਾਲ ਬੁਣਤੀ ਪਾ ਰਹੇ ਹੁੰਦੇ ਨੇ। ਲਿਖਣਾ ਸਿਰਫ਼ ਆਪਣੀ ਦ੍ਰਿਸ਼ਟੀ ਰਾਹੀਂ ਦੇਖੀ ਦੁਨੀਆ ਬਾਰੇ ਦੱਸਣਾ ਹੀ ਨਹੀਂ ਹੁੰਦਾ ਸਗੋਂ ਆਪਣੇ ਆਪ ਨੂੰ ਜਾਣਨ ਦਾ ਇਕ ਸਬੱਬ ਵੀ ਹੁੰਦਾ ਹੈ।

ਜਦੋਂ ਤੁਸੀਂ ਲਿਖਣ ਬਹਿ ਜਾਂਦੇ ਹੋ, ਕਹਾਣੀ ਆਪਣੀ ਆਤਮਾ ਨੂੰ ਪਛਾਣ ਲੈਂਦੀ ਹੈ, ਆਪਣੇ ਕੇਂਦਰ ਬਿੰਦੂ 'ਤੇ ਫੋਕਸ ਹੋ ਜਾਂਦੀ ਹੈ ਤਾਂ ਤੁਹਾਡੇ ਕਿਰਦਾਰ ਹੀ ਦੱਸਣ ਲੱਗ ਜਾਂਦੇ ਹਨ ਕਿ ਤੁਸੀਂ ਕਿਧਰ ਨੂੰ ਜਾਣਾ ਹੈ–ਖੱਬੇ ਜਾਂ ਫਿਰ ਸੱਜੇ। ਮੇਰੀ ਰਚਨਾ ਆਪਣਾ ਅਰੰਭ ਖੋਜਦੀ ਹੈ। ਫਿਰ ਉਹਦੀ ਰੂਹ ਦੀ ਤਲਾਸ਼ ਵਿਚ ਨਿਕਲਦੀ ਹੈ, ਜੋ ਮੇਰੀ ਕਲਮ ਦੀ ਮਾਰਗ ਦਰਸ਼ਕ ਬਣਦੀ ਹੈ। 'ਰੇਤ ਸਮਾਧੀ' ਨੇ ਜਦੋਂ ਲੈਅ ਫੜੀ ਤਾਂ ਹਰ ਰਚਨਾ ਵਾਂਗ ਬਹੁਤ ਕੁਝ ਉਹਨੇ ਖੁਦ ਹੀ ਤਹਿ ਕੀਤਾ। ਮੈਂ ਤਾਂ ਬਸ ਲਿਖਦੀ ਰਹੀ। ਕੁਝ ਚੀਜ਼ਾਂ ਤਾਂ ਇਕ ਦਮ ਪ੍ਰਗਟ ਹੋ ਗਈਆਂ, ਕੁਝ ਚੀਜ਼ਾਂ ਨੇ ਬੜੀ ਮਿਹਨਤ ਕਰਵਾਈ।

ਇਸ ਗੱਲ ਦੀ ਮੈਂ ਕਦੇ ਵੀ ਕਲਪਨਾ ਨਹੀਂ ਸੀ ਕੀਤੀ ਕਿ ਇਸ ਨਾਵਲ ਨੂੰ ਦੁਨੀਆਂ ਦਾ ਐਨਾ ਵੱਡਾ ਪੁਰਸਕਾਰ ਮਿਲੇਗਾ। ਅਜਿਹਾ ਹੋ ਸਕਦਾ, ਸੋਚਣਾ ਵੀ ਮੇਰੇ ਲਈ ਮੁਸ਼ਕਲ ਸੀ। ਪਰ ਮੈਂ ਖੁਸ਼ ਵੀ ਹਾਂ ਤੇ ਹੈਰਾਨ ਵੀ ਤੇ ਸ਼ੁਕਰਗੁਜ਼ਾਰ ਵੀ। ਇਹ ਕਿਤਾਬ ਤੇ ਇਹਦੀ ਲੇਖਕਾ, ਸੱਚ ਜਾਣਿਓ ਦੱਖਣੀ ਏਸ਼ੀਆ ਦੀ ਅਮੀਰ ਪਰੰਪਰਾ ਨਾਲ ਜੁੜੇ ਹੋਏ ਹਨ। ਇਹ ਦੱਖਣ ਏਸ਼ੀਆ ਦੀਆਂ ਭਾਸ਼ਾਵਾਂ ਤੇ ਸਾਹਿਤ ਨਾਲ

ਵੀ ਜੁੜੇ ਹੋਏ ਹਨ। ਇਹ ਨਾਵਲ ਜਦੋਂ ਹੁਣ ਦੂਸਰੀਆਂ ਭਾਸ਼ਾਵਾਂ ਦੇ ਦਰ ’ਤੇ ਜਾਏਗਾ ਤਾਂ ਨਿਸਚੇ ਹੀ ਲੋਕ ਸਾਡੀਆਂ ਭਾਸ਼ਾਵਾਂ ਤੇ ਸਾਹਿਤ ਤੋਂ ਜਾਣੂੰ ਹੋਣਗੇ। ਜੇ ਸਾਡੀਆਂ ਭਾਸ਼ਾਵਾਂ ਦਾ ਸਾਹਿਤ ਅਨੁਵਾਦ ਹੋਵੇ ਤਾਂ ਹੋਰ ਪੁਰਸਕਾਰ ਵੀ ਪ੍ਰਾਪਤ ਹੋ ਸਕਣਗੇ।

ਹਿੰਦੀ ਭਾਸ਼ਾ ਨੇ ਪਿਛਲੇ ਸਮੇਂ ਵਿਚ ਵਿਕਾਸ ਕਰਕੇ ਕੌਮਾਂਤਰੀ ਬਰੂਹਾਂ ਟੱਪੀਆਂ ਹਨ। ਰਚਨਾਤਮਕਤਾ ਤੇ ਵਿਸਥਾਰ ਦੇ ਪਖੋਂ ਇਹ ਕਈ ਮੁਲਕਾਂ ਵਿਚ ਪਹੁੰਚੀ ਹੈ। ਇਸ ਪੁਰਸਕਾਰ ਨਾਲ ਉਹਦੀ ਕੌਮਾਂਤਰੀ ਪਛਾਣ ਨੂੰ ਬਲ ਮਿਲਿਆ ਹੈ ਤੇ ਇਹਦੇ ਲਈ ਜੋ ਮੇਰੀ ਭੂਮਿਕਾ ਹੈ ਉਹ ਸੁਖਦਾਈ ਹੈ। ‘ਰੇਤ ਸਮਾਧੀ’ ਪੜ੍ਹਨ ਵਾਲਿਆਂ ਨੇ ਦੱਸਿਆ ਹੈ ਕਿ ਇਸ ਵਿਚ ਮੈਂ ਭਾਸ਼ਾ ਦੀ ਜੋ ਵਰਤੋਂ ਕੀਤੀ ਹੈ ਉਹ ਕਈ ਪੱਖਾਂ ਤੋਂ ਵਿਲੱਖਣ ਹੈ, ਉਹ ਨਵੇਂ ਅਰਥ ਪ੍ਰਗਟਾਉਂਦੀ ਹੈ। ਪਿੰਡ ਜਵਾਰ ਵਿਚ ਬੋਲੀ ਜਾਣ ਵਾਲੀ ਭਾਸ਼ਾ ਦੇ ਸ਼ਬਦਾਂ ਨੂੰ ਮੈਂ ਸਹਿਜ ਸੁਭਾਅ ਹੀ ਵਰਤਿਆ ਹੈ। ਇਸ ਨਾਲ ਭਾਸ਼ਾ ਅਮੀਰ ਹੁੰਦੀ ਹੈ।

**ਪੋਸਟ ਸਕ੍ਰਿਪਟ:** ਗੀਤਾਂਜਲੀ ਸ਼੍ਰੀ ਦੇ ਨਾਵਲ ‘ਰੇਤ ਸਮਾਧੀ’ ਨੂੰ ਬੁਕਰ ਪੁਰਸਕਾਰ ਦਿਵਾਉਣ ਵਿਚ ਇਹਦੀ ਅਨੁਵਾਦਕਾ ਡੇਜ਼ੀ ਰੌਕਵੈਲ ਦਾ ਵੱਡਾ ਯੋਗਦਾਨ ਹੈ। ਮਹਾਨ ਅਮਰੀਕੀ ਪੇਂਟਰ ਨਾਰਮਨ ਰੌਕਵੈਲ ਨਾਲ ਉਹਦੀ ਨਾਤੇਦਾਰੀ ਹੈ। ਡੇਜ਼ੀ ਵੀ ਆਪਣੇ ਵਡੇਰਿਆਂ ਵਾਂਗ ਕੁਝ ਵੱਖਰਾ ਤੇ ਨਵਾਂ ਕਰਨਾ ਚਾਹੁੰਦੀ ਸੀ। ਉਹਨੇ ਹਿੰਦੀ ਦੇ ਪ੍ਰਸਿੱਧ ਲੇਖਕ ਉਪੇਂਦਰਨਾਥ ਅਸ਼ਕ ਦੇ ਨਾਵਲ ‘ਗਿਰਤੀ ਦੀਵਾਰੇਂ ਔਰ ਉਨਕਾ ਜੀਵਨ’ ਵਿਸ਼ੇ ’ਤੇ ਪੀਐਚ.ਡੀ.ਕੀਤੀ। ਫਿਰ ਬਰਕਲੇ ਯੂਨੀਵਰਸਿਟੀ ਵਿਚ ਹਿੰਦੀ ਪੜ੍ਹਾਉਣ ਲੱਗੀ। ਨੌਕਰੀ ਤੋਂ ਮਨ ਉਕਤਾ ਗਿਆ ਤਾਂ ਨੌਕਰੀ ਛੱਡ ਕੇ ਪੇਂਟਿੰਗ ਕਰਨ ਲੱਗੀ। ਫਿਰ ਉਹ ਵੀ ਛੱਡ ਦਿੱਤੀ। ਪੇਂਟਿੰਗ ਕਰਦਿਆਂ ਉਹਨੇ ਆਪਣਾ ਨਵਾਂ ਨਾਂ ਰਖਿਆ ‘ਲਾਪਤਾ’। ਫਿਰ ਉਹਨੇ ‘ਗਿਰਤੀ ਦੀਵਾਰੇਂ’(ਉਪੇਂਦਰਨਾਥ ਅਸ਼ਕ),‘ਤਮਸ’(ਭੀਸ਼ਮ ਸਾਹਨੀ), ਤੇ ਕਈ ਉਰਦੂ ਨਾਵਲਾਂ ਦੇ ਅੰਗਰੇਜ਼ੀ ਅਨੁਵਾਦ ਕੀਤੇ। ਊਸ਼ਾ ਪ੍ਰਿਵੰਦਾ ਦਾ ਮਸ਼ਹੂਰ ਨਾਵਲ ‘ਪਚਪਨ ਖੰਭੇ ਲਾਲ ਦੀਵਾਰੇਂ’ ਦਾ ਵੀ ਉਹਨੇ ਅੰਗਰੇਜ਼ੀ ਅਨੁਵਾਦ ਕੀਤਾ। ਗੀਤਾਂਜਲੀ ਦੇ ਨਾਵਲ ਦੇ ਅਨੁਵਾਦ ਦੇ ਸੰਬੰਧ ਵਿਚ ਉਹਦਾ ਕਥਨ ਹੈ ਕਿ-ਇਹ ਬੜਾ ਕਠਿਨ ਨਾਵਲ ਹੈ। ਇਸ ਦੇ ਅਨੁਵਾਦ ਸਮੇਂ ਕਈ ਤਰ੍ਹਾਂ ਦੀਆਂ ਭਾਸ਼ਾਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਕਈ ਥਾਵਾਂ ’ਤੇ ਖਾਸ ਕਿਸਮ ਦੀ ਡਾਇਲੈਕਟ ਵਰਤੀ ਗਈ ਹੈ, ਜਿਸ ਨੂੰ ਅਨੁਵਾਦ ਵਿਚ ਢਾਲਣਾ ਮੁਸ਼ਕਲ ਹੀ ਨਹੀਂ ਅਸੰਭਵ ਵੀ ਜਾਪਦਾ ਹੈ। ਫਿਰ ਵੀ ਕੋਸ਼ਿਸ਼ ਕਰਕੇ ਇਸ ਅਨੁਵਾਦ ਨੂੰ ਸਿਰੇ ਚਾੜ੍ਹਿਆ।’ ਇਸ ਪ੍ਰਸੰਗ ਵਿਚ ਲੇਖਿਕਾ ਤੇ ਅਨੁਵਾਦਕਾ ਦੋਵਾਂ ਨੂੰ ਮੁਬਾਰਕਾਂ ਕਿਉਂਕਿ ਦੱਖਣ ਏਸ਼ਿਆਈ ਭਾਸ਼ਾਵਾਂ ਲਈ ਕੌਮਾਂਤਰੀ ਪੱਧਰ ’ਤੇ ਸਾਡੀਆਂ ਭਾਸ਼ਾਵਾਂ ਦੀ ਪਛਾਣ ਦੇ ਦਰ ਖੁਲ੍ਹੇ ਹਨ। ਇਸ ਨਾਲ ਸਭਿਆਚਾਰਕ ਤੇ ਭਾਸ਼ਾਈ ਆਦਾਨ ਪ੍ਰਦਾਨ ਨੂੰ ਬਲ ਮਿਲੇਗਾ।

**94173-58120**

## ਸ਼ਸ਼ੋਪੰਜ / ਅੰਬਰੀਸ਼



ਸਮੁੰਦਰ ਕਿਨਾਰਿਓਂ ਹਟਵੀਂ
ਗੋਡਾ-ਡੋਬੂ
ਪਾਣੀ ’ਚ ਕਿਸ਼ਤੀ
ਹਲਕੀਆਂ ਲਹਿਰਾਂ ’ਤੇ
ਹੌਲੀ ਹੌਲੀ
ਲਹਿਰਾਅ ਰਹੀ ਹੈ
ਚੱਪੂ ਪਾਣੀ ’ਚ ਸੁੱਟੀ
ਮੱਲਾਹ ਤਿਆਰ,
ਉਡੀਕਦਾ ਪਿਆ ਹੈ
ਪਹੁ-ਫੁਟਾਲੇ ਤੋਂ
ਪਹਿਲਾਂ ਵਾਲੀ
ਤਾਰਾ-ਲੋਅ ਦੀ
ਸੰਮੋਹਨੀ ਚੁੱਪ-ਚਾਂ ’ਚ
ਦਿਸਹੱਦੇ ’ਤੇ
ਕਾਲੇ ਬੱਦਲ ਛਾਉਂਦੇ ਪਏ
ਵਿਚ ਵਿਚਾਲੇ ਬਿਜਲੀ ਦੀ
ਮੌਨ ਲਿਸ਼ਕੋਰ ਲਿਸ਼ਕ ਜਾਂਦੀ ਹੈ
ਤੇ ਜੀਵਨ ਭਰ
ਉਡੀਕਦਾ ਰਿਹਾ
ਇਸ ਛਿਣ ਤਕ ਪੁੱਜਿਆ ਮੈਂ
ਸ਼ਸ਼ੋਪੰਜ ’ਚ ਪੈ ਗਿਆ ਹਾਂ
ਰੰਗਦਾਰ ਮੱਛੀਆਂ,
ਮੂੰਗਾ ਕਲੋਨੀਆਂ
ਅਥਾਹ ਸਮੁੰਦਰ ਗਹਿਰਾ
ਤੇ ਅਸਗਾਹ ਟਾਪੂਆਂ ਧਰਤੀਆਂ ਨੂੰ
ਗਾਹੁਣ ਲਈ ਠਿੱਲ੍ਹ ਪਵਾਂ
ਕਿ ਘਰ ਆਪਣੇ
ਸ਼ਹਿਰ ਨੂੰ ਪਰਤ ਜਾਵਾਂ?

ਕਹਾਣੀ

# ਜਿਊਣ ਮਰਨ / ਗੋਵਰਧਨ ਗੱਬੀ



ਜਨਵਰੀ ਮਹੀਨੇ ਦਾ ਪਹਿਲਾ ਐਤਵਾਰ। ਸਵੇਰੇ ਸਾਢੇ ਕੁ ਗਿਆਰਾਂ ਵਜੇ ਦਾ ਵਕਤ। ਠੁਰ ਠੁਰ ਕਰਦਾ ਸੂਰਜ ਧੁੰਦ ਨੂੰ ਚੀਰਨ ਦੀ ਬੇਕਾਰ ਕੋਸ਼ਿਸ਼ ਕਰ ਰਿਹਾ ਸੀ। ਠੰਡ ਆਪਣੇ ਜੋਬਨ ਉੱਤੇ ਸੀ। ਪੈਰਾਂ ਤੇ ਸਿਰ ਦੇ ਤਾਪਮਾਨ ਵਿੱਚ ਖਾਸਾ ਅੰਤਰ ਮਹਿਸੂਸ ਹੁੰਦਾ ਪਿਆ ਸੀ।

ਮੁਹੱਲੇ ਦੀ ਵੈੱਲਫੇਅਰ ਕਮੇਟੀ ਵੱਲੋਂ ਨੇੜੇ ਪੈਂਦੇ ਕ੍ਰਿਕਿਟ ਅਭਿਆਸ ਮੈਦਾਨ ਵਿੱਚ ਖੇਤਰੀ ਹਸਪਤਾਲਾਂ ਦੇ ਸਹਿਯੋਗ ਨਾਲ ਇੱਕ ਮੁਫ਼ਤ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਗਿਆ ਸੀ। ਚਾਹ, ਕੌਫੀ, ਬਿਸਕੁਟ ਤੇ ਪਕੌੜੇ ਆਦਿ ਵੀ ਮੁਫ਼ਤ ਵਿੱਚ ਵਰਤਾਏ ਜਾਣੇ ਸਨ। ਸਾਰਾ ਕੁਝ ਮੁਫ਼ਤ ਵਿੱਚ ਮਿਲਣ ਕਰਕੇ ਚਾਰ ਪੰਜ ਮੁਹੱਲਿਆਂ ਦੇ ਵਾਸ਼ਿੰਦੇ ਉਸ ਵਿੱਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਸਨ। ਵੱਖ ਵੱਖ ਰੋਗਾਂ ਦੇ ਇਲਾਜ ਕਰਨ ਵਿੱਚ ਵਿਲੱਖਣ ਕਾਰਗੁਜ਼ਾਰੀ ਰੱਖਣ ਵਾਲੇ ਨਿੱਜੀ ਹਸਪਤਾਲ ਵਾਲਿਆਂ ਨੇ ਆਪਣੇ ਸਟਾਲ ਲਗਾਏ ਹੋਏ ਸਨ। ਉਹ ਆਮ ਜਨਾਂ ਦੀਆਂ ਭਾਂਤ ਭਾਂਤ ਦੀਆਂ ਬਿਮਾਰੀਆਂ ਦੀ ਪਰਖ ਪੜਚੋਲ ਕਰਨ ਵਾਸਤੇ ਟੈਸਟ ਤਾਂ ਮੁਫ਼ਤ ਵਿੱਚ ਕਰ ਰਹੇ ਸਨ ਪਰ ਨਾਲ ਹੀ ਆਪਣੇ ਹਸਪਤਾਲਾਂ ਦੇ ਕਿਤਾਬਚੇ ਵੀ ਵੰਡ ਰਹੇ ਸਨ। ਉਹਨਾਂ ਕਿਤਾਬਚਿਆਂ ਵਿੱਚ ਹਸਪਤਾਲਾਂ ਵੱਲੋਂ ਕੀਤੇ ਜਾਂਦੇ ਹਰ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ਼ ਤੇ ਉਸ ਉੱਪਰ ਆਉਣ ਵਾਲੇ ਖਰਚ ਦੇ ਪੈਕੇਜ਼ ਤਫ਼ਸੀਲ ਵਿੱਚ ਦਿੱਤੇ ਹੋਏ ਸਨ। ਹਸਪਤਾਲ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸਹੂਲਤਾਂ ਤੇ ਛੋਟਾਂ ਬਾਰੇ ਵੀ ਚਾਨਣਾ ਪਾਇਆ ਗਿਆ ਸੀ ਜਿਵੇਂ ਇੱਕ ਗੋਡਾ, ਗੁਰਦਾ ਜਾਂ ਕਿਡਨੀ ਬਦਲਾਉਣ ਬਾਅਦ ਦੂਸਰੇ ਗੋਡੇ, ਗੁਰਦੇ ਜਾਂ ਕਿਡਨੀ ਬਦਲਾਉਣ ਉਪਰ ਪੰਜਾਹ ਫੀਸਦੀ ਛੋਟ। ਉੱਪਰ ਵਾਲਾ ਦੰਦਾਸਾ ਲਗਾਉਣ ‘ਤੇ ਹੇਠਾਂ ਵਾਲਾ ਮੁਫ਼ਤ। ਸ਼ੂਗਰ ਦਾ ਇਲਾਜ਼ ਕਰਵਾਉਣ ਉੱਪਰ ਦਿਲ ਦੀ ਬਿਮਾਰੀ ਦੇ ਇਲਾਜ਼ ਵਿੱਚ ਚਾਲੀ ਪ੍ਰਤੀਸ਼ਤ ਛੋਟ। ਬਗੈਰਾ ਬਗੈਰਾ।

ਮੁਹੱਲੇ ਵਿੱਚ ਰਹਿੰਦਾ ਹਰ ਉਮਰ ਦਾ ਸ਼ਖ਼ਸ ਇਸ ਮੁਫ਼ਤ ਵਾਲੇ ਕੈਂਪ ਦਾ ਫਾਇਦਾ ਲੈਣਾ ਆਪਣਾ ਜਨਮ ਸਿੱਧ ਅਧਿਕਾਰ ਸਮਝ ਰਿਹਾ ਸੀ। ਹਰ ਕਿਸੇ ਵਿੱਚ ਇੱਕ ਅਜੀਬ ਕਿਸਮ ਦਾ ਉਤਸਾਹ ਵੇਖਣ ਨੂੰ ਮਿਲ ਰਿਹਾ ਸੀ।

ਭਜਨ ਕੌਰ ਦਾ ਸਾਰਾ ਪਰਿਵਾਰ ਵੀ ਕਿੱਥੇ ਪਿੱਛੇ ਰਹਿਣ ਵਾਲਾ ਸੀ। ਇਸ ਤੋਂ ਪਹਿਲਾਂ ਕਿ ਸਟਾਲਾਂ ਉੱਪਰ ਭੀੜ ਵੱਧ ਜਾਏ, ਉਹਨਾਂ ਸਵੇਰ ਦੀ ਚਾਹ ਵੀ ਕੈਂਪ ਵਿੱਚ ਹੀ ਪੀਣੀ ਬਿਹਤਰ ਸਮਝੀ।

ਸਣੇ ਭਜਨ ਕੌਰ ਤੇ ਉਸ ਦੀਆਂ ਦੋਨੋਂ ਨੂੰਹਾਂ ਨੇ ਲਗਪਗ ਸਾਰੇ ਟੈਸਟ ਕਰਵਾ ਲਏ ਸਨ। ਉਹ ਤਾਂ ਓਹ ਵਾਲੇ ਟੈਸਟ ਵੀ ਕਰਵਾਉਣਾ ਚਾਹੁੰਦੀਆਂ ਸਨ ਜੋ ਕੇਵਲ ਪੁਰਸ਼ਾਂ ਦੇ ਹੀ ਹੁੰਦੇ ਹਨ ਪਰ ਟੈਸਟ ਕਰਨ ਵਾਲੇ ਨਹੀਂ ਮੰਨੇ।

“ਬਾਬੂ ਜੀ ਤੁਸੀਂ ਕਹਿ ਰਹੇ ਸੀ ਸਾਰੇ ਟੈਸਟ ਫਰੀ ਹੋਣਗੇ...ਉਹ ਅੱਠ ਨੰਬਰ ਸਟਾਲ ਵਾਲੇ ਮੇਰਾ ਟੈਸਟ ਨਹੀਂ ਕਰ ਰਹੇ...ਜਨਾਨੀਆਂ ਨੂੰ ਅੰਦਰ ਲਿਜਾਈ ਜਾ ਰਹੇ ਨੇ...ਮੈਨੂੰ ਕਹਿੰਦੇ ਬਾਬਾ ਤੇਰਾ ਨਹੀਂ ਹੋਣਾ...ਬਾਬੂ ਜੀ ਮੈਂ ਤੀਹ ਸਾਲ ਫੌਜ ਵਿੱਚ ਦੇਸ਼ ਦੀ ਸੇਵਾ ਕੀਤੀ ਹੈ...ਸਰਹੱਦਾਂ ਉੱਪਰ ਦੁਸ਼ਮਣਾਂ ਨਾਲ ਲੜਿਆਂ ਤੇ ਇੱਥੇ ਮੇਰੀ ਕੋਈ ਕਦਰ ਨਹੀਂ ਹੋ ਰਹੀ...ਤੁਸੀਂ ਚੱਲੋ ਮੇਰੇ ਨਾਲ ਜੀ...ਉਹਨਾਂ ਨੂੰ ਸਮਝਾਉ ਜ਼ਰਾ...।”

ਇੱਕ ਬਜ਼ੁਰਗ ਸੇਵਾਮੁਕਤ ਫੌਜੀ ਕੈਂਪ ਦੇ ਕਾਰਿੰਦਿਆਂ ਨਾਲ ਲਾਲ ਪੀਲਾ ਹੋ ਰਿਹਾ ਸੀ।

ਸਾਵਧਾਨ ਪੋਜ਼ ਵਿੱਚ ਗੱਲ ਕਰਨ ਤੋਂ ਬਾਅਦ ਉਹ ਵਿਸ਼ਰਾਮ ਵਾਲੇ ਪੋਜ਼ ਵਿੱਚ ਆ ਜਾਂਦਾ ਸੀ।

“ਬਾਬਾ ਜੀ...ਉਹ ‘ਸਰਵਾਈਕਲ ਕੈਂਸਰ’ ਦੇ ਟੈਸਟ ਕਰਦੇ ਨੇ...ਜੋ ਤੁਹਾਡੇ ਵਾਸਤੇ ਨਹੀਂ ਹਨ..।”

“ਕੀ ਮਤਬਲ...ਮੈਨੂੰ ਵੀ ਕੈਂਸਰ ਨਿਕਲ ਸਕਦਾ ਹੈ...? ਮੇਰਾ ਵੀ ਟੈਸਟ ਕਰਵਾਉ...ਇਹ ਤਾਂ ਗ਼ਲਤ ਗੱਲ ਹੈ ਬਾਬੂ ਜੀ...।”

ਫੌਜੀ ਬਜ਼ੁਰਗ ਉਛਲ ਉਛਲ ਕੇ ਪੈ ਰਿਹਾ ਸੀ।

“ਬਾਬਾ ਜੀ...ਕਰਵਾ ਦਿੰਨੇ ਆਂ...ਇੱਹ ਦੱਸੋ ਤੁਹਾਡੀ ਬੱਚੇਦਾਨੀ ਹੈ...?”

“ਬੱਚੇਦਾਨੀ ! ਇੱਹ ਕੀ ਮਜ਼ਾਕ ਕਰਦੇ ਪਏ ਹੋ ਬਾਬੂ ਜੀ...?”

ਬਜ਼ੁਰਗ ਕੁਝ ਸ਼ਰਮਿੰਦਗੀ ਮਹਿਸੂਸ ਕਰਨ ਲੱਗਾ।

“ਬਾਬਾ ਜੀ ਇਹ ਜਨਾਨੀਆਂ ਦੀ ਬੱਚੇਦਾਨੀ ਦੇ ਕੈਂਸਰ ਦਾ ਟੈਸਟ ਹੈ...ਜੇ ਫਿਰ ਵੀ ਕਹਿੰਦੇ ਹੋ ਤਾਂ ਕਰਵਾ ਦਿੰਨਾਂ ਤੁਹਾਡੀ ਬੱਚੇਦਾਨੀ ਦੇ ਕੈਂਸਰ ਦਾ ਟੈਸਟ...।”

“ਸੌਰੀ ਸਰ...ਮਿਸਟੇਕ ਹੋ ਗਿਆ...।”

ਬਜ਼ੁਰਗ ਸ਼ਰਮਾਉਂਦਾ ਤੇ ਮੁਸਕਰਾਉਂਦਾ ਹੋਇਆ ਗੋਡਿਆਂ ਦੇ ਯੂਰੀਆ ਟੈਸਟ ਕਰਨ ਵਾਲੇ ਸਟਾਲ ਵੱਲ ਚਲਾ ਗਿਆ।

"ਮਹਾਰੇ ਲੀਏ ਵੀ ਕੁਛ ਰਹਿਣ ਦਿਉ...ਇਤਨੀ ਬੜੀ ਪਲੇਟ ਭਰ ਲੀ ਹੈ ਤੁਮਨੇ...ਕੁਛ ਤੋ ਸ਼ਰਮ ਕਰੋ..।"

"ਤੁਮੇ ਸ਼ਰਮ ਨਾ ਆਵੇ... ਮੁਫਤ ਮੇਂ ਖਾਣੇ ਕੇ ਚੱਕਰੋਂ ਮੇਂ ਮੁਹੱਲੇ ਕੀ ਸਾਰੀ ਕਤੀੜ ਸਾਥ ਲੇ ਆਈ ਹੋ ਯਹਾਂ...।"

ਇੱਕ ਚਾਹ ਪਾਣੀ ਵਾਲੇ ਸਟਾਲ ਉਪਰ ਆਪੋ ਆਪਣੀ ਵਾਰੀ ਨੂੰ ਲੈ ਕੇ ਦੋ ਔਰਤਾਂ ਇੱਕ ਦੂਸਰੇ ਦੀ ਗੁੱਤ ਪੁੱਟਣ ਨੂੰ ਫਿਰ ਰਹੀਆਂ ਸਨ।

ਭਜਨ ਕੌਰ ਦੇ ਸਾਰੇ ਟੈਸਟਾਂ ਦੀਆਂ ਰਿਪੋਰਟਾਂ ਉਸ ਦੀਆ ਨੂੰਹਾਂ ਦੀਆਂ ਰਿਪੋਰਟਾਂ ਕੋਲੋਂ ਲਗਪਗ ਕਿਤੇ ਚੰਗੀਆਂ ਤੇ ਸਹੀ ਆਈਆਂ ਸਨ। ਬਸ ਉਸਦੀ ਸ਼ੂਗਰ ਜ਼ਰਾ ਕੁ ਵਧੀ ਹੋਈ ਸੀ।ਵੱਡੀ ਨੂੰਹ ਦਾ ਕਲਸਟਰੋਲ ਵਧਿਆ ਹੋਇਆ ਸੀ। ਹੱਡੀਆਂ ਕਮਜ਼ੋਰ ਹੋਣ ਦੀ ਰਿਪੋਰਟ ਸੀ। ਛੋਟੀ ਨੂੰਹ ਦਾ ਯੂਰੀਆ ਨਿਰਧਾਰਿਤ ਸੀਮਾ ਤੋਂ ਵੱਧ ਆਇਆ ਸੀ।

ਜਿੱਥੇ ਭਜਨ ਕੌਰ ਸਿਹਤ ਨੂੰ ਲੈ ਕੇ ਆਪਣੀ ਜਿੱਤ ਮਹਿਸੂਸ ਕਰ ਰਹੀ ਸੀ। ਉੱਥੇ ਉਸਦੀਆਂ ਨੂੰਹਾਂ ਕੁਝ ਮਾਯੂਸ ਲੱਗ ਰਹੀਆਂ ਸਨ। ਸੱਸ ਤੋਂ ਹੋਈ ਹਾਰ ਦੇ ਚਲਦਿਆਂ ਹੀ ਉਹ ਇੱਕ ਕੁ ਵਜੇ ਹੀ ਘਰ ਪਰਤ ਆਈਆਂ ਸਨ।

ਸੂਰਜ ਵਿੱਚ ਹੁਣ ਗਰਮਾਇਸ਼ ਭਰ ਚੁੱਕੀ ਸੀ। ਦੋਨੋਂ ਨੂੰਹਾਂ ਘਰ ਦੇ ਪਿਛਲੇ ਵਿਹੜੇ ਵਿੱਚ ਆਪੋ ਆਪਣੇ ਫੋਲਡਿੰਗ ਬੈੱਡ ਲਗਾ ਕੇ ਧੁੱਪ ਵਿੱਚ ਉਸਲਵੱਟੇ ਲੈਣ ਲੱਗੀਆਂ।

ਮੈਡੀਕਲ ਕੈਂਪ ਵਿੱਚ ਰਚਾਏ ਗਏ ਸਭਿਆਚਾਰਕ ਮੇਲੇ ਦਾ ਆਨੰਦ ਮਾਨਣ ਤੇ ਭਾਂਤ ਭਾਂਤ ਦੇ ਖਾਣਪੀਣ ਵਾਲੇ ਸਟਾਲਾਂ ਤੋਂ ਪੇਟ ਭਰ ਕੇ ਤਿੰਨ ਚਾਰ ਘੰਟਿਆਂ ਬਾਅਦ ਭਜਨ ਕੌਰ ਵੀ ਘਰ ਪਰਤ ਆਈ ।

ਸੂਰਜ ਧਰਤੀ ਦੇ ਨੇੜੇ ਹੋਣ ਵੱਲ ਯਤਨਸ਼ੀਲ ਸੀ ਪਰ ਧੁੱਪ ਵਿੱਚ ਅਜੇ ਗਰਮਾਇਸ਼ ਬਚੀ ਹੋਈ ਸੀ।

ਨੂੰਹਾਂ ਦੀ ਰੀਸੇ ਉਸਨੇ ਵੀ ਆਪਣਾ ਫੋਲਡਿੰਗ ਬੈੱਡ ਡਾਹਿਆ ਤੇ ਸੌਣ ਦੀ ਕੋਸ਼ਿਸ਼ ਕਰਨ ਲੱਗੀ।

" ਭੈਣ ਜੀ ਧੁੱਪ ਸੇਕ ਰਹੇ ਹੋ...?"

ਅਜੇ ਭਜਨ ਕੌਰ ਦੀ ਅੱਖ ਮਸੀਂ ਲੱਗੀ ਹੀ ਸੀ ਕਿ ਉਹਨਾਂ ਦੀ ਗੁਆਂਢਣ ਰਾਜਪ੍ਰੀਤ ਕੌਰ ਦੀ ਆਵਾਜ਼ ਆਈ।

"ਹਾਂਜੀ ਭੈਣ ਜੀ ਲੰਘ ਆਉ...ਇਧਰ ਹੀ ਆਜੋ ਅੰਦਰ ਤਾਂ ਠੰਡ ਹੈ...।"

ਭਜਨ ਕੌਰ ਬੈੱਡ ਤੋਂ ਉਠਦੀ ਹੋਈ ਬੋਲੀ।

"ਠੀਕ ਹੈ ਭੈਣਜੀ...।"

ਬੋਲਦੀ ਰਾਜਪ੍ਰੀਤ ਕੌਰ ਉਸ ਵੱਲ ਤੁਰ ਪਈ।

"ਇਸਨੇ ਵੀ ਹੁਣੇ ਆਉਣਾ ਸੀ..!"

ਭਜਨ ਕੌਰ ਬੁੜਬੁੜਾਈ।

ਉਸਨੂੰ ਰਾਜਪ੍ਰੀਤ ਦਾ ਆਉਣਾ ਕੁਝ ਅਖਰ ਰਿਹਾ ਸੀ।

"ਸਾਸਰੀਕਾਲ ਭੈਣਜੀ...ਸਾਨੂੰ ਤੁਸੀਂ ਦੱਸਿਆ ਨਹੀਂ ਕਿ ਬਈ ਅੱਜ ਮੁਫਤ ਮੈਡੀਕਲ ਕੈਂਪ ਲੱਗਣੈ...?"

ਬੋਲਦੀ ਹੋਈ ਰਾਜਪ੍ਰੀਤ ਕੌਰ ਬਾਹਰ ਭਜਨ ਕੌਰ ਦੇ ਬੈੱਡ ਉੱਪਰ ਹੀ ਬੈਠ ਗਈ।

ਆਪਣਾ ਗੁਆਂਢੀ ਹੋਣ ਦਾ ਹੱਕ ਸਮਝਦੇ ਹੋਏ ਅਕਸਰ ਬਿਨਾਂ ਕਾਲ ਬੈੱਲ ਕੀਤਿਆਂ ਹੀ ਉਹ ਘਰ ਅੰਦਰ ਦਾਖਲ ਹੋ ਜਾਂਦੀ ।

ਅਸਲ ਵਿੱਚ ਜਦੋਂ ਉਸਨੂੰ ਇਹ ਪਤਾ ਲੱਗਾ ਕਿ ਸਾਰੀਆਂ ਗੁਆਂਢਣਾਂ ਮੁਫ਼ਤ ਮੈਡੀਕਲ ਕੈਂਪ ਵਿੱਚ ਗਈਆਂ ਹੋਈਆਂ ਸਨ ਤਾਂ ਉਹ ਭਜਨ ਕੌਰ ਕੋਲ ਆਪਣੀ ਸ਼ਿਕਾਇਤ ਦਰਜ ਕਰਨ ਆਈ ਸੀ।

"ਆਜੋ ਭੈਣਜੀ...ਸਾਸਰੀਕਾਲ ਜੀ...ਐਵੇਂ ਹੀ ਅੱਖ ਲੱਗ ਗਈ...ਬਸ ਅੜੀਏ ਯਾਦ ਨਹੀਂ ਰਿਹਾ...ਅਗਲੇ ਕਿੰਨੇ ਦਿਨਾਂ ਤੋਂ ਸਪੀਕਰ ਲਗਾ ਕੇ ਅਨਾਊਂਸਮੈਂਟ ਕਰਦੇ ਪਏ ਸੀ ਬਈ ਮੁਫ਼ਤ ਮੈਡੀਕਲ ਕੈਂਪ ਲੱਗਣੈ... ਸਿਹਤ ਮੰਤਰੀ ਨੇ ਵੀ ਆਉਣੈ... ਚਾਹ ਤੇ ਕੌਫੀ ਮੁਫਤ...ਪਕੌੜੇ ਤੇ ਸੈਂਡਵਿੱਚ ਵੱਖਰੇ...ਗਾਉਣ ਵਜਾਉਣ ਵਾਲਾ ਪ੍ਰੋਗਰਾਮ ਵੀ...ਮੈਂ ਸੋਚਿਆ ਬਈ ਭੈਣਜੀ ਨੂੰ ਪਤਾ ਹੀ ਹੋਣੈ...।"

ਭਜਨ ਕੌਰ ਨੇ ਸਹਿਜੇ ਹੀ ਉਸਨੂੰ ਪਤਿਆਉਣ ਦੀ ਕੋਸ਼ਿਸ਼ ਕੀਤੀ।

"ਭੈਣਜੀ, ਮੈਂ ਚਾਰਾਂ ਪੰਜਾਂ ਦਿਨਾਂ ਬਾਅਦ ਕੱਲ੍ਹ ਹੀ ਪਰਤੀ ਹਾਂ ਘਰ...ਸਾਡੇ ਪਿੰਡ ਰਹਿੰਦਾ ਚਾਚਾ ਸਹੁਰਾ ਪੂਰਾ ਹੋ ਗਿਆ ਸੀ...ਮੈਨੂੰ ਤਾਂ ਪਤਾ ਨਹੀਂ ਚਲਿਆ ਬਈ ਮੁਫ਼ਤ ਦਾ ਮੈਡੀਕਲ ਕੈਂਪ ਲੱਗਾ ਹੈ...ਉਹ ਤਾਂ ਹੈਪੀ ਦੀ ਮੰਮੀ ਨੇ ਦੱਸਿਆ ਸੀ...ਜੇ ਪਤਾ ਹੁੰਦਾ ਤਾਂ ਮੈਂ ਵੀ ਕਰਵਾ ਆਉਂਦੀ ਆਪਣੇ ਟੈਸਟ...ਮੇਰੀ ਨਿਗ੍ਹਾ ਵੀ ਕੁਝ ਧੁੰਦਲੀ ਹੋ ਗਈ ਹੈ ਪਤਾ ਨਹੀਂ ਖੌਰੇ ਚਿੱਟਾ ਮੋਤੀਆ ਉੱਤਰ ਆਇਐ ਕਿ ਜਾਂ ਕੋਈ ਹੋਰ ਰੋੜਾ ਵੱਜਿਆ...ਔਂਤਰਾ ਦਿਲ ਵੀ ਚੌਵੀ ਘੰਟੇ ਘਾਊਂ ਮਾਊਂ ਘਾਊਂ ਮਾਊਂ ਕਰਦਾ ਰਹਿੰਦੈ...ਜਦੋਂ ਤੁਰਦੀ ਆਂ ਤਾਂ ਗੋਡਿਆਂ ਵਿੱਚੋਂ ਵੀ ਕਈ ਪ੍ਰਕਾਰ ਦੀਆਂ ਕੜੱਕ ਕੜੱਕ ਦੀਆਂ 'ਵਾਜ਼ਾਂ ਨਿਕਲਦੀਆਂ ਰਹਿੰਦੀਆਂ ਨੇ ਜਿਵੇਂ ਪਹਿਲੇ ਜ਼ਮਾਨਿਆਂ ਵਿੱਚ ਪਿੰਡਾਂ ਵਿੱਚ ਕਈ ਵਾਰ ਸੁੱਕੀ ਗਰੀਸ ਵਾਲੇ ਗੱਡੇ ਤੇ ਰੇਹੜੇ ਨੀ ਚਲਦੇ ਹੁੰਦੇ ਸੀ...ਨੀਂਦ ਵੀ ਪੂਰੀ ਤਰ੍ਹਾਂ ਨਹੀਂ ਆਉਂਦੀ...ਇੱਕ ਦਿਨ ਮੇਰੀ ਨੂੰਹ ਕਹਿ ਰਹੀ ਸੀ ਕਿ ਮੰਮੀ ਤੁਸੀਂ ਰਾਤ ਨੂੰ ਘੁਰਾੜੇ ਬਹੁਤ ਮਾਰਦੇ ਹੋ...ਮੈਂ ਕਿਹਾ, ਚੱਲ ਝੂਠੀ ਕਿਸੇ ਥਾਂ ਦੀ...ਮੇਰੀ ਤਾਂ ਸਾਰੀ ਰਾਤ ਅੱਖ ਨਹੀਂ ਲਗਦੀ ਤੇ ਤੂੰ ਕਹਿਨੀ ਐਂ ਕਿ ਮੈਂ ਘੁਰਾੜੇ ਮਾਰਦੀ ਆਂ...ਚਲੋ ਛੱਡੋ ਪਰ੍ਹਾਂ ਭੈਣਜੀ... ਹੋਰ ਸੁਣਾਓ ...ਘਰੇ ਸਭ ਠੀਕ ਠਾਕ ਹੈ ਨਾ...?"

ਰਾਜਪ੍ਰੀਤ ਕੌਰ ਨੇ ਵੀ ਆਪਣੇ ਸ਼ਿਕਵੇ ਨੂੰ ਜ਼ਿਆਦਾ ਲੰਮਾ ਨਹੀਂ ਖਿਚਿਆ।

"ਭੈਣੇ ਕੀ ਦੱਸਾਂ...ਆਪਣੇ ਨਣਨੋਈਏ ਦਾ ਪਤਾ ਲੈਣ ਜਾਣਾ ਸੀ ਪਿੰਡ...ਉੱਥੇ ਜਾ ਨੀ ਹੋਇਆ...ਕਈ ਮਹੀਨਿਆਂ ਤੋਂ ਮੰਜੀ ਨਾਲ ਮੰਜੀ ਹੋਇਐ ਪਿਐ ਵਿਚਾਰਾ...ਪਤਾ ਨਹੀਂ ਕਿੰਨਾ ਚਿਰ ਹੋਰ ਐ...ਮੇਰੀ ਜੇਠਾਣੀ ਕਦੋਂ ਦੀ ਕਹਿ ਰਹੀ ਸੀ ਬਈ ਭਜਨ ਕੁਰੇ ਜਾ ਆਊਨਿਆਂ...ਨਨੋਈਏ ਨੇ ਕਹਿਣਾ ਬਈ ਜਦੋਂ ਦੀ ਇਹਨਾਂ ਦੀ ਨਨਾਣ ਪੂਰੀ ਹੋਈ ਹੈ ਤਦ ਦਾ ਇਹਨਾਂ ਨੇ ਮੈਨੂੰ ਵਿਸਾਰ ਈ ਦਿੱਤੈ...ਕੋਈ ਮੇਰਾ ਪਤਾ ਲੈਣ ਹੀ ਨਹੀਂ ਆਉਂਦਾ...ਮੈਂ ਕਿਹਾ ਬਈ ਰਤਨ ਕੁਰੇ ਕਹਿ ਤਾਂ ਤੂੰ ਠੀਕ ਰਹੀਂ ਐਂ ਪਰ ਢਾਈ ਸੌ ਮੀਲ ਇਹੋ ਜਿਹੀ ਹੱਡ ਠਾਰਨੀ ਠੰਡ ਵਿਚ ਬੰਦਾ ਜਾਵੇਂ ਵੀ ਤਾਂ ਕਿੱਦਾਂ ਜਾਵੇ...ਬੱਸਾਂ ਵਾਲੇ ਤਾਂ ਵੈਸੇ ਹੀ ਹੱਡੀਆਂ ਖੜਕਾ ਦਿੰਦੇ ਨੇ...ਐਵੇਂ ਅੱਜ ਕੱਲ੍ਹ ਅੱਜ ਕੱਲ੍ਹ ਕਰਦੇ ਟੈਮ ਲੰਘਾਂ 'ਤਾ...ਅੱਜ ਪਤਾ ਲਗਿਆ ਬਈ ਕੱਲ੍ਹ ਦਾ ਨਣਨੋਈਏ ਦਾ ਨਿੱਕਾ ਭਰਾ ਪੂਰਾ ਹੋ ਗਿਐ....ਹੁਣ ਤਾਂ ਭੈਣੇ ਜਾਣਾ ਹੀ ਪੈਣੈ ਭੋਗ 'ਤੇ...।

ਭਜਨ ਕੌਰ ਨੇ ਹੌਕਾ ਭਰਦਿਆਂ ਕਿਹਾ।

"ਅੱਛਾ...! ਨਿੱਕਾ ਭਰਾ ਪਹਿਲੇ ਚਲਾ ਗਿਐ ਭੈਣਜੀ...?"

ਰਾਜਪ੍ਰੀਤ ਕੌਰ ਨੇ ਹੈਰਾਨ ਹੁੰਦਿਆਂ ਪੁੱਛਿਆ।

"ਏ ਕੁੜੇ ਨਿੰਦਰ ...ਉਠ ਨੀ...ਰਾਜਪ੍ਰੀਤ ਭੈਣਜੀ ਆਏ ਨੇ...ਕੁੜੇ ਚਾਹ ਦਾ ਕੱਪ ਤਾਂ ਬਣਾ...ਮਿੱਠਾ ਵੀ ਪਾ ਲਈਂ ਭੋਰਾ... ਐਵੇਂ ਫਿੱਕੀ ਚਾਹ ਨਾ ਲੈ ਆਵੀਂ ਤੇ ਨਾ ਹੀ ਫੋਕੀ...ਕੈਂਪ ਵਾਲਿਆਂ ਤੇ ਐਵੇਂ ਚਾਹ ਕੌਫੀ ਵਾਲੀ ਖਾਨਾਪੂਰਤੀ ਕੀਤੀ ਹੋਈ ਸੀ...ਨਾ ਸੁਆਦ ਤੇ ਨਾ ਕੋਈ ਸਿਰ ਪੈਰ... ਭੈਣਜੀ ਨੇ ਕਹਿਣੈ ਬਈ ਨਾ ਕੋਈ ਚਾਹ ਨਾ ਪਾਣੀ ਬਸ ਆਉਂਦਿਆਂ ਹੀ ਭੈਣਜੀ ਨੇ ਮਰਨ ਮਾਰਨ ਦੀਆਂ ਛੇੜ ਲਈਆਂ...।"

ਭਜਨ ਕੌਰ ਨੇ ਆਪਣੀ ਛੋਟੀ ਨੂੰਹ ਨੂੰ ਉੱਚੀ 'ਵਾਜ਼ ਮਾਰਦਿਆਂ ਕਿਹਾ।

ਨਿੰਦਰ ਨੇ ਭਜਨ ਕੌਰ ਦੀ ਆਵਾਜ਼ ਨੂੰ ਅਣਸੁਣਿਆਂ ਕਰਦੇ ਪਾਸਾ ਪਰਤ ਲਿਆ। ਅਸਲ ਵਿੱਚ ਉਹ ਆਪਣੇ ਟੈਸਟਾਂ ਦੀਆਂ ਰਿਪੋਰਟਾਂ ਤੋਂ ਦੁਖੀ ਸੀ।

"ਚਲੋ ਆਪੇ ਚਾਹ ਵੀ ਬਣ ਜੂਗੀ...ਹਾਂ ਸੱਚ..ਭੈਣਜੀ...ਨਣਨੋਈਏ ਦਾ ਭਰਾ ਬਿਮਾਰ ਸੀ...?"

ਰਾਜਪ੍ਰੀਤ ਨੇ ਗੱਲ ਨੂੰ ਜਾਰੀ ਰੱਖਣ ਦਾ ਯਤਨ ਕੀਤਾ।

"ਭੈਣੇ ਤੈਨੂੰ ਪਤੈ ਜਿਸ 'ਲੇ ਟੈਮ ਆਉਂਦੈ ਨਾ....ਉਹ ਫਿਰ ਉਮਰ ਥੋੜੀ ਦੇਖਦੈ...ਨਾ ਹੀ ਇਹ ਦੇਖਦਾ ਬਈ ਨਿੱਕਾ ਕੌਣ ਹੈ ਤੇ ਵੱਡਾ ਕੌਣ ਹੈ...ਦੂਰ ਕਿਉਂ ਜਾਣੈ...ਮੇਰੇ ਭਤੀਜੇ ਦਾ ਕੋਈ ਟੈਮ ਸੀ ਭਲਾ ਜਾਣ ਦਾ...ਚੰਗੀ ਭਲੀ ਨੌਕਰੀ ਕਰਦਾ ਸੀ ਫੌਜ ਵਿੱਚ...ਅਫਸਰ ਵੀ ਬਣ ਗਿਆ ਸੀ... ਵਹੁਟੀ ਨੇ ਉਸਨੂੰ ਬਥੇਰਾ ਕਹਿਣਾ ਬਈ ਜੇਕਰ ਤੇਰੇ ਦਿਲ ਵਿਚ ਦਰਦ ਹੁੰਦੈ ...ਜ਼ੋਰ ਜ਼ੋਰ ਨਾਲ ਧੜਕਦੈ... ਠਾਹ ਠਾਹ ਵੱਜਦੈ ਤਾਂ ਕਿਸੇ ਚੰਗੇ ਡਾਕਦਾਰ ਕੋਲੋਂ ਚੈੱਕ ਕਰਵਾ ਲੈ...ਕੋਈ ਦਵਾ ਦਾਰੂ ਲੈ ਲੈ ਪਰ ਉਹ ਮੰਨਣ ਵਾਲੇ ਦਿਨ ਪੈਦਾ ਹੀ ਨਹੀਂ ਹੋਇਆ ਸੀ...ਅਖੇ- ਕਰਾ ਲਾਂਗਾ...ਕਰਾ ਲਾਂਗਾ...ਅਗਲੀ ਛੁੱਟੀ ਵਿਚ ਪੱਕਾ ਕਰਾ ਲਾਂਗਾ...ਪਰ ਵਿਚਾਰਾ ਫਿਰ ਕਦੇ ਛੁੱਟੀ ਆਇਆ ਹੀ ਨਹੀਂ...ਪੰਜਾਵ੍ਹਾਂ ਸਾਲ ਲੱਗਿਆ ਸੀ ਮਸੀਂ...ਫੌਜ ਵਿੱਚ ਕੋਈ ਵੱਡਾ ਖਾਣਾ ਸੀ...ਰਮ ਜ਼ਿਆਦਾ ਪੀ ਲੀ ਹੋਣੀ ਐ...ਬਾਥਰੂਮ ਗਿਐ ..ਅਚਾਨਕ ਚੱਕਰ ਖਾ ਕੇ ਡਿਗ ਪਿਆ...ਸਿਰ ਫਰਸ਼ ਉੱਪਰ ਜਾ ਵੱਜਾ..ਲਹੂ ਲੁਹਾਣ ਹੋ ਗਿਆ...ਡੀ.ਜੇ. ਉੱਚੀ 'ਵਾਜ਼ ਵਿੱਚ ਲੱਗਾ ਸੀ...ਨਾਲ ਦੇ ਸਾਥੀ ਨੱਚਦੇ ਟਪਦੇ ਰਹੇ ਉਸ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ 'ਤੇ ਘੜੀਆਂ ਵਿਚ ਹੀ ਭਤੀਜਾ ਵਿਚਾਰਾ 'ਗਾਂਹ ਗਿਆ...ਆਪਣੇ ਪਿੱਛੇ ਵੀਹਾਂ ਇੱਕੀਆਂ ਸਾਲਾਂ ਦੀ ਨੌਜਵਾਨ ਧੀ ਤੇ ਸਤਾਰਾਂ ਅਠਾਰਾਂ ਸਾਲਾਂ ਦੀ ਉਮਰ ਦਾ ਪੁੱਤ ਛੱਡ ਗਿਆ ਈ...ਹੁਣ ਨੂੰਹ ਵਿਚਾਰੀ ਪਿਛਲੇ ਕਈ ਸਾਲਾਂ ਤੋਂ ਸੰਤਾਪ ਭੋਗ ਰਹੀ ਹੈ...।"

ਬੋਲਦੇ ਹੋਏ ਭਜਨ ਕੌਰ ਦੇ ਗਲੇਢੂ ਭਰ ਆਏ ਸਨ।

"ਅੱਛਾ ਭੈਣਜੀ...ਇਹ ਤਾਂ ਬਹੁਤ ਮਾੜਾ ਹੋਇਆ...।"

ਰਾਜਪ੍ਰੀਤ ਕੌਰ ਵੀ ਗ਼ਮਗੀਨ ਹੋ ਗਈ ।

"ਭੈਣੇ ਮੌਤ ਭਲਾ ਕਿਸੇ ਨੂੰ ਪੁੱਛ ਕੇ ਆਉਂਦੀ ਹੈ...ਛਿੰਦੇ ਹੁਰਾਂ ਦੇ ਪਾਪੇ ਦੀ ਵੀ ਸੁਣ ਲੈ...ਵੱਡੀ ਨੂੰਹ ਨੇ ਨਵਾਂ ਕੁਰਤਾ ਪੰਜਾਮਾ ਸਵਾ ਕੇ ਦਿੱਤਾ ਆਪਣੀ ਵੈਡਿੰਗ ਅਨਵਸਰੀ ਉਪਰ...ਮੈਂ ਬਥੇਰਾ ਕਿਹਾ ਬਈ ਭਲਿਆ ਲੋਕਾ ਨਵਾਂ ਕੁਰਤਾ ਪਜਾਮਾ ਪਾ ਲੈ ...ਨੂੰਹ ਗੁੱਸਾ ਕਰੇਗੀ...ਕਹਿੰਦਾ-ਕੋਈ ਨਹੀਂ ਜਦੋਂ ਮੌਕਾ ਆਏਗਾ ਤਾਂ ਪਾ ਲਾਂਗਾ...ਬਸ ਭੈਣੇ ਵੱਡੇ ਪੋਤਰੇ ਦਾ ਜਨਮ ਦਿਨ ਸੀ ਪਰੈਲ ਮੀਨ੍ਹੇ...ਉਸ ਦਿਨ ਘੜੀ ਦੀ ਘੜੀ ਪਾਇਆ ਤੇ ਛੇਤੀ 'ਤਾਰ ਦਿੱਤਾ...ਅਖੇ-ਪਿਠ 'ਤੇ ਖਾਰਸ਼ ਕਰਦੈ...ਫਿਰ ਦੋਬਾਰਾ ਪਾਣ ਦਾ ਹੁਕਮ ਹੀ ਨੀ ਹੋਇਆ ਭੈਣਜੀ...ਪਿਸ਼ਾਬ ਆਲੀ ਬਿਮਾਰੀ ਪੈ ਗਈ ਪਿੱਛੇ ਹੱਥ ਧੋ ਕੇ....ਰੋਜ਼ ਹਸਪਤਾਲ...ਡਾਕਟਰਾਂ ਕੋਲ...ਸ਼ਰੀਰ ਨੂੰ ਲੱਗੀਆਂ ਚਾਰ ਚਾਰ ਨਲੀਆਂ ਚੁੱਕੀ ਇਧਰ ਉਧਰ ਘੁੰਮਦਾ ਰਹਿੰਦਾ...ਕੁੜ੍ਹਦਾ ਰਹਿੰਦਾ...ਹਰ ਵੇਲੇ ਮੇਰੇ ਨਾਲ ਲਾਲ ਪੀਲਾ ਹੁੰਦਾ ਰਹਿੰਦਾ...ਅਖੇ- ਇਹ ਨਲੀਆਂ ਚੁੱਕੀ ਜਿਊਣਾ ਵੀ ਭਲਾ ਕੋਈ ਜਿਊਣਾ ਹੋਇਆ...ਇਸ ਨਾਲੋਂ ਤਾਂ ਮਰਨਾ ਹੀ ਚੰਗਾ..ਹੇ ਰੱਬਾ ਮੈਨੂੰ ਚੁੱਕ ਲੈ....ਤੇ ਭੈਣੇ ਕਤੂਬਰ ਮਹੀਨੇ ਰੱਬ ਨੇ ਸਚਮੁਚ ਉਸਦੀ ਸੁਣਲੀ...ਤੇ ਅਗਲਾ ਚੁੱਕ ਕੇ ਲੈ ਗਿਆ....।"

ਭਜਨ ਕੌਰ ਦੀਆਂ ਅੱਖਾਂ ਫਿਰ ਭਰ ਆਈਆਂ ।

"ਹਾਂ, ਭੈਣਜੀ ਜਦੋਂ ਤਕ ਸਾਹ ਚਲਦੇ ਨੇ ਬਸ ਤਦ ਤੀਕ ਹੀ ਹੈ ਸਾਰਾ ਕੁਝ...ਬੰਦਾ ਐਵੇਂ ਮੇਰਾ ਮੇਰਾ ਕਰੀ ਜਾਂਦੈ...।"

ਭਜਨ ਕੋਰ ਦੀ ਗੱਲ ਸੁਣ ਕੇ ਰਾਜਪ੍ਰੀਤ ਕੌਰ ਹੋਰ ਉਦਾਸ ਹੋ ਗਈ।

"ਛਿੰਦੇ ਦੀ ਦਾਦੀ ਮਤਲਬ ਬੇਬੇ ਦੀ ਵੀ ਸੁਣ ਲਉ ਭੈਣਜੀ...ਸੋ ਉਪਰ ਮਸੀਂ ਪੰਜਾਂ ਦੀ ਸੀ...ਜਦੋਂ ਵੀ ਕਹਿਣਾ ਬੇਬੇ ਓਹੀ ਖਾ ਜਿਹੜਾ ਡਾਕਦਾਰ ਨੇ ਕਿਹੈ...ਤੈਨੂੰ ਸ਼ੂਗਰ ਹੈ...ਮਖਾਣੇ ਜਲੇਬੀਆਂ ਨਾ ਖਾਇਆ ਕਰ..ਦਹੀਂ ਵਿੱਚ ਗੁੜ ਨਾ ਪਾਇਆ ਕਰ...ਪਰ ਉਹ ਕਿਸੇ ਦੀ ਮੰਨਦੀ ਸੀ ਭਲਾ...ਅਖੇ-ਕੁਝ ਨਹੀਂ ਹੁੰਦਾ...ਕੋਈ ਸ਼ੂਗਰ ਸ਼ਾਗਰ ਨਹੀਂ ਹੁੰਦੀ...ਜੇ ਮਰਨਾ ਹੀ ਹੈ ਤਾਂ ਫਿਰ ਖਾ ਪੀ ਕੇ ਹੀ ਮਰਦੀ ਆਂ...ਨਾਲੇ ਜਿਨ੍ਹਾਂ ਨੂੰ ਸ਼ੂਗਰ ਨਹੀਂ ਹੁੰਦੀ ਉਹ ਕਿਹੜੇ ਹਮੇਸ਼ਾ ਵਾਸਤੇ ਇੱਥੇ ਬੈਠੇ ਰਹਿੰਦੇ ਨੇ...ਬਸ ਭੈਣਜੀ ਇਹੀ ਦਿਨ ਸਨ...ਘਰ ਦੀ ਬਣੀ ਪਾਈਆ ਬਰਫੀ ਖਾ ਕੇ ਧੁੱਪੇ ਜਾ ਸੁੱਤੀ....ਤੇ ਸੁੱਤੀ ਸੁੱਤੀ ਹੀ ਬੇਬੇ ਲੰਘ ਗਈ...ਹੋਰ ਤੇ ਹੋਰ...ਇਹਨਾਂ ਦੀ ਨਿੱਕੀ ਭੂਆ ਵੀ ਇੰਜ ਹੀ ਗਈ ਸੀ....ਮਤਲਬ ਮੇਰੀ ਨਣਾਨ.....ਹੋਣੀ ਹੈ ਮੁਸ਼ਕਿਲ ਨਾਲ ਸੱਤਰਾਂ ਦੀ...ਬਸ ਸਵੇਰੇ ਪਾਠ 'ਤੇ ਬੈਠੀ...ਕੁਝ ਸਾਹ ਔਖੇ ਜਿਹੇ ਆਏ...ਮਾੜੀ ਜਿਹੀ ਤੜਫੀ... ਅਖੇ-ਮੇਰੇ ਦਿਲ 'ਚ ਕੁਝ ਹੋ ਰਿਹੈ ...ਬੈਠਦਾ ਜਾ ਰਿਹੈ...ਪੋਤਰੇ ਕੋਲੋਂ ਪਾਣੀ ਮੰਗਿਆ...ਉਹ ਵਿਚਾਰਾ ਦੌੜ ਕੇ ਪਾਣੀ ਦੀ ਬੋਤਲ ਲੈ ਕੇ ਆਇਆ ਪਰ ਪਾਣੀ ਹਲਕ 'ਚ ਉਤਰਿਆ ਹੀ ਨਹੀਂ ਤੇ ਅਗਲੀ ਪਰਲੋਕ ਪਹੁੰਚ ਗਈ...।"

"ਹਾਂ ਭੈਣਜੀ ਇਹ ਤਾਂ ਹੈ...ਮੌਤ ਕਿਹੜੀ ਪੁੱਛ ਕੇ ਆਉਂਦੀ ਹੈ...ਜਦੋਂ ਬੰਦੇ ਦੇ ਸਾਹ ਮੁੱਕੇ ਹੁੰਦੇ ਨੇ...ਅਗਲੀ ਆ ਕੇ ਰੱਸੇ ਪਾ ਲੈਂਦੀ ਐ ਤੇ ਲੈ ਕੇ ਉੱਡ ਜਾਂਦੀ ਹੈ... !"

ਰਾਜਪ੍ਰੀਤ ਕੌਰ ਨੇ ਵੀ ਮੌਤ ਉਪਰ ਚਾਨਣਾ ਪਾਇਆ।

"ਹੋਰ ਕੀ...ਇੱਥੇ ਪਤਾ ਚਲਦੈ ਕਿਤੇ ਬਈ ਕਿਹੜਾ ਸਾਹ ਆਖਰੀ ਐ...ਮੇਰੀ ਵੱਡੀ ਜੇਠਾਣੀ ਖ਼ੁਰੇ ਸ਼ੌ ਸਾਲਾਂ ਦੀ ਸੀ...ਸਾਰਾ ਕੁਝ ਖਾਂਦੀ ਸੀ...ਰੱਜ ਕੇ...ਕੋਈ ਪਰੇਜ਼ ਨੀ...ਬਸ ਦੋ ਦਿਨ ਪੇਟ ਖਰਾਬ ਰਿਹਾ...ਨਾ ਕੁਝ ਖਾਧਾ ਤੇ ਨਾ ਹੀ ਕੁਝ ਪੀਤਾ...ਤੀਸਰੇ ਦਿਨ ਗੁੱਛੀ ਮੁੱਛੀ ਹੋ ਗਈ...।"

"ਅੱਛਾ ਭੈਣਜੀ ਮੈਂ ਚਲਦੀਆਂ...ਦੇਖਾਂ ਸ਼ਾਮ ਨੂੰ ਕੀ ਰਿੰਨਣੈ...ਬਹੂ ਤਾਂ ਖੋਰੇ ਕਦੋਂ ਮੁੜੂਗੀ ਬਾਜ਼ਾਰੋਂ....।"

ਬੋਲਦੀ ਹੋਈ ਰਾਜਪ੍ਰੀਤ ਕੌਰ ਮੰਜੀ ਤੋਂ ਉਠ ਪਈ।

ਉਸਨੂੰ ਲੱਗ ਰਿਹਾ ਸੀ ਕਿ ਭਜਨ ਕੌਰ ਅੱਜ ਸਾਰਿਆਂ ਨੂੰ ਪਰਲੋਕ ਭੇਜ ਕੇ ਹੀ ਗੱਲ ਮੁਕਾਏਗੀ।

"ਕੁੜੇ ਨਿੰਦਰ...ਭੈਣਜੀ ਉਠ ਵੀ ਪਈ ਤੇ ਤੂੰ ਚਾਹ ਬਣਾ ਕੇ ਨਹੀਂ ਲਿਆਈ...ਨਾਲ ਉਹ ਮੋਤੀਚੂਰ ਦੇ ਲੱਡੂ ਵੀ ਲੈ ਆਈਂ ਜਿਹੜੇ ਕੱਲੂ ਦੇ ਵਿਆਹ ਦੇ ਸੱਦੇ ਵਾਲੇ ਕਾਰਡ ਨਾਲ ਆਏ ਨੇ... ਬੈਠੋ ਭੈਣਜੀ...ਚਾਹ ਪੀ ਕੇ ਜਾਇਓ...।"

"ਮੰਮੀ ਡਾਕਟਰ ਨੇ ਕਿਹਾ ਸੀ ਤੁਹਾਡੀ ਸ਼ੂਗਰ ਵਧੀ ਹੋਈ ਹੈ...ਮਿੱਠਾ ਖਾਣ ਤੋਂ ਮਨ੍ਹਾ ਕੀਤਾ ਹੋਇਐ ...ਮੈਂ ਚਾਹ ਫਿੱਕੀ ਬਣਾਉਨੀਆਂ...।"

ਬੈੱਡ ਉੱਪਰੋਂ ਉਠਦੇ ਹੋਏ ਨਿੰਦਰ ਬੋਲੀ।

"ਕੁੜੇ ਤੂੰ ਬਹੁਤੇ ਉਪਦੇਸ਼ ਨਾ ਸੁਣਾ...ਚਾਹ ਨਾ ਫਿੱਕੀ ਬਣਾਈਂ ਤੇ ਨਾ ਹੀ ਫੋਕੀ ਲਿਆਈਂ...ਨਾਲ ਦੇਸੀ ਘੀ ਵਾਲੇ ਲੱਡੂ ਵੀ ਲੈ ਕੇ ਆਵੀਂ..ਜਿਹੜੇ ਪਰਸੋਂ ਬਰਾੜਾਂ ਦੇ ਮੁੰਡੇ ਦੇ ਸ਼ਗਨ ਦੇ ਆਏ ਸਨ...ਨਾਲ ਜੇ ਮਿੱਠੇ ਨਾਲ ਸ਼ੂਗਰ ਹੋਣ ਲੱਗੇ ਤਾਂ ਫਿਰ ਸਾਰੇ ਹਲਵਾਈਆਂ ਨੂੰ ਸ਼ੁਗਰ ਨਾ ਹੋਈ ਹੋਵੇ...ਤੂੰ ਮੇਰੀ ਸ਼ੂਗਰ ਵਧਦੀ ਹੈ ਤਾਂ ਵਧਣ ਦੇ......ਹੁਣ ਸ਼ੂਗਰ ਦੇ ਚੱਕਰਾਂ 'ਚ ਖਾਣਾ ਪੀਣੈ ਥੋੜਾ ਛੱਡ ਦੇਣੈ...ਨਾਲੇ ਮੇਰੇ ਵਰਗੀ ਬੁੱਢੀ ਦੀਆਂ ਰਿਪੋਰਟਾਂ ਤੁਹਾਡੇ ਵਰਗੀਆਂ ਜੁਆਨਾਂ ਕੋਲੋਂ ਕਿਤੇ ਚੰਗੀਆਂ ਆਈਆਂ ਨੇ...ਮੈਂ ਤਾਂ ਅਜੇ ਪੰਝਤਰਾਂ ਤੋਂ ਇੱਕ ਹੀ ਟੱਪੀ ਆਂ...ਕਿਤੇ ਨਹੀਂ ਮਰਦੀ ਮੈਂ...ਲਉ ਭੈਣਜੀ ਮੂੰਹ ਮਿੱਠਾ ਕਰੋ...ਉੱਥੇ ਫਰੀ ਵੰਡਦੇ ਪਏ ਸਨ... ।"

ਬੋਲਦੇ ਹੋਏ ਭਜਨ ਕੌਰ ਨੇ ਆਪਣੀ ਜੇਬ ਵਿੱਚੋਂ ਇੱਕ ਨਿੱਕਾ ਜਿਹਾ ਚਾਕਲੇਟ ਕੱਢ ਕੇ ਚੋਰੀ ਨਾਲ ਰਾਜਪ੍ਰੀਤ ਦੇ ਹੱਥ ਫੜਾ ਦਿੱਤਾ।

"ਹਾਂ ਭੈਣਜੀ ਸੱਚ ਮੈਨੂੰ ਯਾਦ ਆਇਆ...ਹੈਪੀ ਦੀ ਮੰਮੀ ਦੱਸਦੀ ਪਈ ਸੀ ਕਿ ਉਹ ਪਰਲੇ ਮੁਹੱਲੇ ਵਾਲੀ ਚੋਪੜਾ ਭੈਣਜੀ ਨੂੰ ਦਿਲ ਦਾ ਦੌਰਾ ਪਿਆ ਸੀ ਕੁਝ ਦਿਨ ਪਹਿਲਾਂ...ਉਸਦਾ ਪਤਾ ਲੈਣ ਨਹੀਂ ਜਾਣਾ...?"

ਬੋਲਦੀ ਹੋਈ ਰਾਜਪਰੀਤ ਕੌਰ ਨੇ ਚਾਕਲੇਟ ਨੂੰ ਚੱਕ ਮਾਰਿਆ।

"ਕੁੜੇ ਨਿੰਦਰ ਚਾਹ ਬਣਾ ਰਹੀ ਹੈਂ ਕਿ ਕੁਝ ਹੋਰ...ਛੇਤੀ ਲੈ ਕੇ ਆ...ਨ੍ਹੇਰਾ ਹੋ ਰਿਹਾ...ਚੋਪੜਾ ਭੈਣਜੀ ਦਾ ਪਤਾ ਲੈਣ ਜਾਣੈ...ਕਿਤੇ ਮਿਲੇ ਬਿਨਾਂ ਹੀ ਅਗਲੀ ਟੁਰ ਨਾ ਜਾਵੇ ... ਲੋਕਾਂ ਕਹਿਣੈ ਚੰਗੀਆਂ ਸਹੇਲੀਆਂ ਸੀ ਆਖਰੀ ਵਾਰ ਮਿਲੀਆਂ ਵੀ ਨਹੀਂ...ਹਾਂ, ਸੱਚ ਭੈਣਜੀ...ਯਾਦ ਆਇਆ..ਨਿੱਕਾ ਪੁੱਤਰ ਦੱਸਦਾ ਪਿਆ ਸੀ ਅਗਲੇ ਮਹੀਨੇ ਦੇ ਅਖੀਰਲੇ ਐਤਵਾਰ ਪਰਲੇ ਮੁਹੱਲੇ ਵਿੱਚ ਅੱਖਾਂ ਤੇ ਦੰਦਾਂ ਦਾ ਫ੍ਰੀ ਕੈਂਪ ਲੱਗਣੈ.....ਫਿਰ ਨਾ ਕਹੀਂ ਕਿ ਦੱਸਿਆ ਨਹੀਂ... ਹੁਣੇ ਹੀ ਗੰਢੀ ਬੰਨ ਲੈ..।"

ਬੋਲਦੇ ਹੋਏ ਭਜਨ ਕੌਰ ਨੇ ਚਾਕਲੇਟ ਦਾ ਛਿਲਕਾ ਉਤਾਰਦੇ ਹੋਏ ਰਾਜਪ੍ਰੀਤ ਵੱਲ ਦੇਖਿਆ।

**9417173700**

## ਕਵਿਤਾਵਾਂ / ਉਂਕਾਰਪ੍ਰੀਤ, ਟਰਾਂਟੋ (ਕੈਨੇਡਾ)

### ਨਿਰਭਉ

ਹੇ ਧੁਰਦੇਵ...
ਜਿੱਥੇ ਤੂੰ ਮੈਨੂੰ ਘੱਲਿਆ ਹੈ
ਤੋਰਨ ਵੇਲੇ ਤੁਸੀਂ ਤਾਂ ਦੱਸਿਆ ਸੀ :
ਕਿ ਉਹ ਧਰਤੀ-ਗੁਰਮੁਖਾਂ ਲਈ ਹੈ।
ਗੁਰਮੁਖਾਂ ਦੀ ਹੈ
ਜੋ ਘੁੰਮਦੀ ਹੈ ਇੱਕੋ-ਸੱਚ ਦੇ ਧੁਰੇ
ਦੁਆਲੇ।

ਸੱਚ ਜੋ ਉਸਦਾ ਆਦਿ-ਜੁਗਾਦ
ਸੱਚ ਜੋ ਉਸਦਾ ਹੈਸੀ-ਹੋਸੀ
ਤੇ ਉਸ ਧਰਤੀ ਦੇ ਸਭੇ ਜੀਅ-ਜੰਤ
ਇੱਕੋ-ਸੱਚ ਦੀ ਲੈਅ ਪਰੁੱਤੇ
ਉਗਮਣ ਤੋਂ ਅਸਤਣ ਤੀਕ
ਜੀਂਦੇ ਥੀਂਦੇ ਦਿਲ-ਮਨੋ ਸਰਬੱਤੇ।

ਨਾ ਕੋਈ ਕਿਸੇ ਦਾ ਵੈਰੀ ਥੇ
ਨਾ ਕੋਈ ਕਿਸੇ ਲਈ ਬੇਗਾਨਾ
ਮਜ਼ਲੂਮ ਕੋਈ ਨਾਹੀ ਜਰਵਾਣਾ
ਗ਼ਮ ਤੌਖਲਾ ਭੈਅ ਨਾ ਕੋ
ਕਣ-ਕਣ ਵਸਿਆ ਸੱਚ ਨਿਰਭਉ।

ਹੇ ਧੁਰਦੇਵ...
ਪਰ ਇਹ ਮੈਂ ਕਿੱਥੇ ਆ ਗਿਆਂ
ਕਿ ਇੱਥੇ ਤਾਂ ਹਰ ਥਾਂ
ਮਨਮੁੱਖਾਂ ਦਾ ਬੋਲ਼ਬਾਲਾ
ਹਉਂ ਮੈਂ ਦਾ ਸੱਚ ਨਿਰਾਲਾ
ਜਿਸ ਦੁਆਲੇ ਘੁੰਮਦੀ
ਸਭਨਾਂ ਦੀ ਆਪੋ ਅਪਣੀ ਧਰਤੀ।
ਗੁਰਮੁਖਾਂ ਦੀ
ਇੱਕ-ਸੱਚ ਸਰਬੱਤੀ ਧਰਤੀ
ਹਉਂ ਨੇ ਟੋਟੇ ਟੋਟੇ ਕਰਤੀ।
ਹਰ ਧਰਤੀ ਦਾ ਪਰਧਾਨ
ਹਉਂ ਦਾ ਲਾਭ ਹਉਂ ਦਾ ਹਾਨ
ਹਰ ਸੋਚ ਸਮਝ ਸਿਆਣ ਗਿਆਨ
ਧੁਰ ਅੰਦਰੋਂ ਗਾਵੇ ਨਿੱਜਤਾ ਜੈ-ਗਾਨ।

ਨਿੱਜਤਾ ਕਰੀਆਂ ਟੋਟੇ ਟੋਟੇ ਧਰਤੀਆਂ



ਇਕ ਦੂਏ ਨਾਲ ਖਹਿ-ਖਹਿ ਮਰਦੀਆਂ
ਹਉਂ ਜਿੱਤਦੀ ਹਉਂ ਹਾਰਦੀ
ਹਉਂ ਪਸਰਦੀਆਂ ਹਉਂ ਪਸਾਰਦੀ
ਪੌਣ, ਪਾਣੀ, ਵਣ-ਤ੍ਰਿਣ
ਜੀਅ-ਜੰਤ, ਸਭ ਪਸ਼ੂ-ਪਰਿੰਦੇ
ਇਸ ਆਦਮ-ਹਉਂ ਹੱਥੋਂ ਤ੍ਰਹਿੰਦੇ।

ਹੇ ਧੁਰਦੇਵ ਏਥੇ ਜਿੱਥੇ
ਸਰਬੱਤ ਦਾ ਭਲਾ ਸੋਚੇ
ਆਪੇ ਤੋਂ ਹੀ ਡਰ ਲੱਗੇ
ਏਥੇ ਕਿ ਜਿੱਥੇ
ਬੰਦਾ ਹੀ ਬੰਦੇ ਦਾ ਖੌਅ
ਕਿੰਝ ਜੀਵੀਏ ਨਿਰਭਉ?

### ਨਿਰਵੈਰ

ਹੇ ਧੁਰਦੇਵ...
ਜਿੱਥੇ ਤੂੰ ਮੈਨੂੰ ਘੱਲਿਆ ਹੈ
ਇਸ 'ਸਹਰ ਕਾ ਨਾਉ'
ਬੇਗਮਪੁਰਾ ਨਹੀਂ।
ਇਸ 'ਸਹਰ' ਕੀ ਸ਼ਹਿਰੀਅਤ ਲਈ
ਪਹਿਲੀ ਸ਼ਰਤ ਵਜੋਂ ਤਾਂ
ਅਪਣੇ 'ਆਪੇ' ਦੇ ਲਹੂ ਨਾਲ
ਦਸਤਖਤ ਕਰਨਾ ਪੈਂਦਾ
ਅਪਣੇ ਧੁਰ ਦੀ ਬੇਦਖਲੀ ਦਾ ਹਲਫ਼ਨਾਮਾ।
ਏਸ ਸਹਰ
ਰਾਜੇ ਸਿਪਾਹ-ਸਿਲਾਰ ਮੁੱਕਦਮ
ਬਾਮਣ-ਮੌਲਾਣੇ-ਸੰਤ ਮਹੰਤਮ
ਹਰ ਹਾਲ 'ਚ ਲਾਗੂ ਰੱਖਦੇ
ਧੁਰ ਮਾਰੂ ਤੰਤਰ
ਜੋ ਲੋਕਾਂ ਨੂੰ ਰਟਾਉਂਦਾ ਇੱਕੋ ਮੰਤਰ ਕਿ
ਧੁਰ ਦੇ ਲਹੂ ਦਾ ਮਸੂਲ ਭਰੋ
ਆਪੋ ਅਪਣੀ ਹੱਦ ਅੰਦਰ
ਸੁਰਖ਼ਰੂ ਰਹੋ।

ਤੇ - ਇਸ 'ਆਪੋ ਅਪਣੀ ਹੱਦ'
ਤੋਂ ਹੀ ਸ਼ੁਰੂ ਹੁੰਦਾ ਆਪੇ ਨਾਲ ਵੈਰ
ਧੁਰਹੀਣ ਹੈਸੀਅਤ
ਤੇ ਉਸਦੇ ਫੈਲਾਅ ਦੀ ਅੰਨੀ ਦੌੜ
ਅਗਲੀ ਪੁਸ਼ਤ ਲਈ ਜੋੜੀ-ਜੰਮੀ
ਵਸੀਅਤ
ਹਰ ਪੁਸ਼ਤ ਦਾ ਗੁੜ੍ਹਤੀ ਗਿਆਨ:
ਛੋਟੀ ਮੱਛੀ ਵੱਡੀ ਦਾ ਖਾਣ,
ਮਾੜੇ ਦੀ ਹੱਤਕ ਤਕੜੇ ਦਾ
ਸਨਮਾਨ।

ਹੇ ਧੁਰਦੇਵ...
ਧੁਰਹੀਣ ਹੈਸੀਅਤ ਵਾਲੇ
ਇਸ ਘੁਗ-ਵਸਦੇ ਸਹਰ ਕੇ ਵਹਿਣ
ਬੇਸਿਰ, ਅਪੈਰ, ਨਿਹੱਥੇ ਬੰਦੇ ਕੀ
ਰਹਿਣ ਜੋ-
ਟਰੈਫਿਕ ਲਾਈਟਾਂ ਤਕ ਹੀ ਸਿਰ
ਉਠਾ ਸਕੇ
ਘਰੋਂ ਕੰਮ ਤੀਕ ਹੀ ਆ ਜਾ ਸਕੇ
ਨਿੱਜ ਤੋਂ ਪਰ ਵੱਲ ਨਾ ਹੱਥ ਵਧਾ
ਸਕੇ। ਕਿ-ਉਹਦੇ ਸਿਰ ਤੇ
ਹਰ ਦਮ ਪਹਿਰੇ
ਲਾਭ-ਹਾਨ ਦੇ ਚਿਤਰ-ਗੁਪਤਾਂ ਕੇ
ਅੱਖਾਂ ਨੂੰ ਵਰਜਿਤ ਦਿਸਹੱਦੇ
ਨਜ਼ਰਾਂ ਚੋਂ ਮਨਫੀ ਦਰਸ ਅਕਾਲ ਦੇ
ਦਿਲੀ ਮੋਹ ਤੋਂ ਸੱਖਣੇ ਕਰਮ
ਦਯਾ ਵਿਹੂਣ ਧਰਮ।

ਹੇ ਧੁਰਦੇਵ...ਜਿੱਥੇ ਅੱਠੋ-ਪਹਿਰ
ਆਪੋ-ਧਾਪੀ ਦਾ ਨੇਰ-ਝੱਖੜ
ਨਿੱਜਤਾ ਦੀ ਅੰਨੀਂ ਲਹਿਰ-ਬਹਿਰ
'ਹਉਂ ਮੈਂ' ਬਿਨ ਸਭ ਦੁਸ਼ਮਣ-ਗ਼ੈਰ
ਏਸ ਸ਼ਹਿਰ...
ਕਿੰਝ ਹੋਵੀਏ ਨਿਰਵੈਰ?

**1-647-455-5629**

## ਕਵਿਤਾਵਾਂ / ਦਰਸ਼ਨ ਬੁੱਟਰ



### ਕਵਿਤਾ ਢੂੰਡਦਿਆਂ

ਕਵਿਤਾ !
ਤੂੰ ਮੇਰੇ 'ਚੋਂ ਕਦੇ ਕਦੇ
ਇਵੇਂ
ਅਲੋਪ ਹੋ ਜਾਨੀ ਏਂ ਕਿਧਰੇ
........
ਜਿਵੇਂ
ਕਰੰਸੀ ਨੋਟ ਤੇ ਲਿਖੇ ਸ਼ਬਦਾਂ 'ਚੋਂ
ਦਰਦ ਗੁੰਮ ਜਾਂਦਾ ਹੈ

ਜਿਵੇਂ
ਸੇਠ ਅੱਗੇ ਜੁੜੇ ਹੱਥਾਂ 'ਚੋਂ
ਤਾਕਤ ਗਾਇਬ ਹੋ ਜਾਂਦੀ ਹੈ
.........
ਜਿਵੇਂ
ਮਾਸਟਰ ਤੋਂ ਡਰਦੀ ਜੁਆਕੜੀ ਨੂੰ
ਪਹਾੜੇ ਭੁੱਲ ਜਾਂਦੇ ਨੇ

ਜਿਵੇਂ
ਲਟ ਲਟ ਬਲਦੇ ਦੀਵੇ 'ਚੋਂ
ਅਚਾਨਕ ਤੇਲ ਮੁੱਕ ਜਾਂਦਾ ਹੈ
..........
ਜਿਵੇਂ
ਰੱਜੋ ਦੇ ਮੂੰਹ ਤੱਕ ਅਪੜਦਿਆਂ
ਰੋਟੀ ਦਾ ਅਰਥ ਬਦਲ ਜਾਂਦਾ ਹੈ

ਜਿਵੇਂ
ਪਿੰਜਰੇ ਵਿਚਲੇ ਤੋਤੇ ਨੂੰ
ਪਰਵਾਜ਼ ਭੁੱਲ ਜਾਂਦੀ ਹੈ
...........
ਜਿਵੇਂ
ਜਵਾਬ ਦੀ
ਤਲਬ ਵਿਚ ਬੰਦਾ
ਸੁਆਲ ਭੁੱਲ ਜਾਂਦਾ ਹੈ

ਜਿਵੇਂ
ਸਿਵਿਆਂ ਤੋਂ
ਮੁੜਦੀਆਂ ਅੱਖਾਂ ਦੀ
ਲਿਸ਼ਕ ਮਰ ਜਾਂਦੀ ਹੈ
..............
ਕਵਿਤਾ
ਤੂੰ ਮੇਰੇ ਵਿਚੋਂ ਕਦੇ ਕਦੇ
ਇਵੇਂ
ਅਲੋਪ ਹੋ ਜਾਨੀ ਏਂ ਕਿਧਰੇ

### ਅਨੁਭਵ ਕਰਦਿਆਂ

ਅਜੇ ਤਾਂ.....ਸ਼ਿਕਵਿਆਂ ਦੇ ਬੋਲ
ਹੰਢਾ ਰਹੀਆਂ ਨੇ ਨਜ਼ਮਾਂ
ਬੇਗਾਨਗੀ ਦੇ ਰੁਦਨ ਵਿਚ
ਘਿਰੇ ਪਏ ਨੇ....ਗੀਤ
................

ਅਜੇ ਤਾਂ....ਲਿਖਦਾ ਹਾਂ
ਉਖੜੇ ਮਨ ਦੀਆਂ ਤਹਿਰੀਰਾਂ
ਉੱਜੜੇ ਚਮਨ ਦੀ ਹੋਣੀ
ਸਾਹਾਂ ਤੇ ਪੌਣਾਂ ਦੀ ਬਹਿਸਬਾਜੀ
.............

ਲਿਖਦਾ ਹਾਂ ਅਜੇ
ਚਿੱਕੜ 'ਚ ਲਿਬੜੇ ਦਿਨ
ਦਲਦਲ 'ਚ ਧਸੀਆਂ ਰਾਤਾਂ
ਧੁੰਦ ਅਤੇ ਧੂੰਏ ਦੀ ਜੁਗਲਬੰਦੀ
..............

ਸਿਰਫ਼ ਕਵਿਤਾ ਹੀ ਤਾਂ ਹੈ
ਜਿਸ ਨੂੰ ਮਿਲਣਾ ਲੋਚਦਾਂ
ਕਠੋਰ ਆਤਮਾ ਦੀਆਂ
ਪਲਾਸਟਿਕੀ ਪਰਤਾਂ ਉਤਾਰ ਕੇ
...........

ਕਵਿਤਾ ਦੀ ਮਹਿਕ
ਸੁਆਸਾਂ 'ਚ ਭਰ ਕੇ
ਵੁਜ਼ੂ ਕਰਨਾ ਲੋਚਦਾਂ
ਆਪਣੇ ਲਹੂ ਨੂੰ....
............

ਓਹ ਨਜ਼ਮ....ਓਹ ਗੀਤ
ਕਦੋਂ ਲਿਖਾਂਗਾ ਮੈਂ
ਜੋ ਕਸੈਲੀ ਜੀਭ ਉੱਤੇ
ਮਿਸ਼ਰੀ ਦੀ ਡਲੀ ਬਣ ਕੇ ਟਿਕ
ਜਾਵੇ......

### ਚੁੱਪ ਤੋੜਦਿਆਂ

ਬਹੁਤ ਗੁਜ਼ਰ ਚੁੱਕਾ
ਪੁਲਾਂ ਹੇਠੋਂ ਪਾਣੀ
ਬਹੁਤ ਵਗ ਚੁੱਕੀ
ਰੱਤ-ਭਿੱਜੀ ਹਵਾ

ਬਸ...ਹੁਣ...ਹੋਰ...ਨਹੀਂ

ਬਹੁਤ ਸੁਣ ਚੁੱਕੇ
ਅਣਚਾਹੀਆਂ ਆਵਾਜ਼ਾਂ
ਬਹੁਤ ਕਹਿ ਚੁੱਕੇ
ਗੈਰ ਜ਼ਰੂਰੀ ਬੋਲ-ਕਬੋਲ

ਬਸ...ਹੁਣ...ਹੋਰ...ਨਹੀਂ

ਬਹੁਤ ਜੋੜ ਚੁੱਕੇ
ਖਾਬਾਂ ਦੇ ਟੁਕੜੇ
ਬਹੁਤ ਸੀਅ ਚੁੱਕੇ
ਰੂਹਾਂ ਦੇ ਲੰਗਾਰ

ਬਸ...ਹੁਣ...ਹੋਰ...ਨਹੀਂ

98728-23110

## ਜ਼ੁਰਮ-ਸਜ਼ਾਵਾਂ / ਡਾ. ਸੰਤੋਖ ਸੁੱਖੀ



ਜ਼ੁਰਮ
ਮੇਰਾ ਹੋਣਾ
ਜਾਗਦੇ ਹੋਣਾ
ਲੜਦੇ ਹੋਣਾ
ਉਹਨਾਂ ਦੇ ਲਿਖੇ
ਇਤਿਹਾਸ ਨੂੰ
ਧੁੱਪ ਵਿਚ ਸੁੱਕਣੇ ਪਾਉਣਾ
ਧਰਮ ਪੋਥੀਆਂ 'ਤੇ
ਸਵਾਲ ਕਰਨਾ
ਮਿੱਟੀ 'ਤੇ ਦਾਵਾ ਕਰਨਾ
ਤਖ਼ਤ ਦੇ ਦੀਵੇ ਵਿੱਚੋਂ
ਆਪਣੇ ਪੁਰਖਿਆਂ ਦਾ
ਖ਼ੂਨ ਪਛਾਣਨਾ
ਲਾਚਾਰ ਧੀਆਂ ਦਾ
ਸਿਰ ਢਕਣਾ
ਵੱਡੇ ਸਰਦਾਰਾਂ ਨੂੰ ਉਹਨਾਂ ਦੀ
ਸਰਦਾਰੀ ਦਿਖਾਉਣਾ
ਅੰਬਰ ਦੇ ਮੱਥੇ 'ਤੇ
ਸਵੈਮਾਣ ਨੂੰ ਮਾਣ ਦੇਣਾ

ਸਜ਼ਾਵਾਂ
ਸਾਜ਼ ਖੋਹਣੇ, ਰਾਗ ਖੋਹਣੇ
ਤਾਜ ਦਾ ਸੁਪਨਾ ਲੈਂਦੀਆਂ ਅੱਖਾਂ
ਵਿੱਚ ਤੱਕਲੇ ਦੇਣੇ
ਪੁਰਖਿਆਂ ਦੇ ਸੁਨਹਿਰੀ ਇਤਿਹਾਸ
ਦੇ ਪੰਨਿਆਂ 'ਤੇ ਰਾਖ ਮਲਣੀ
ਹਿੰਮਤੀ ਹੱਥਾਂ ਨੂੰ
ਹੱਥਕੜੀਆਂ ਵਿਚ
ਲਾਚਾਰ ਕਰਨਾ

ਪੈਰਾਂ ਵਿਚ ਗੁਲ ਮੇਖਾਂ ਗੱਡਣੀਆਂ
ਸਫ਼ਰ ਨੂੰ ਅਧਰੰਗ ਕਰਨਾ
ਤਿਤਲੀਆਂ ਦੇ ਖੰਭਾਂ 'ਤੇ
ਅੰਗਾਰ ਧਰਨੇ
ਪਾਣੀਆਂ ਨੂੰ ਗ੍ਰਹਿਣ ਲਾਉਣਾ
ਮੂੰਹ 'ਤੇ ਕੁੱਜਿਆਂ ਦਾ ਬੋਝ ਧਰਨਾ
ਹੱਕ ਮੰਗਦੀਆਂ ਜੀਭਾਂ ਨੂੰ
ਬਲਦੀਆਂ ਸਲਾਖਾਂ ਦੇ ਹਵਾਲੇ ਕਰਨਾ

ਸਦੀਆਂ ਤੋਂ
ਇਹੀ ਜ਼ੁਰਮ
ਇਹੀ ਸਜ਼ਾਵਾਂ
ਮਰਨ ਤੋਂ ਬਾਅਦ ਚੁਗ ਲੈਣੇ ਫੁੱਲ
ਤੇ ਫਿਰ ਬੀਜ ਦੇਣੇ
ਇਕ ਆਸ ਵਿੱਚ

ਪਰ ਚਲਦੇ ਰਹੇ
ਇਹੀ ਜ਼ੁਰਮ ਉਹੀ ਸਜ਼ਾਵਾਂ
ਕੀ ਬਦਲਿਆ
ਜੇ ਨਹੀਂ ਅੱਖ ਕਾਣੀ
ਤਾਂ ਦੱਸਣਾ ਜ਼ਰੂਰ
ਜ਼ਰੂਰੀ ਹੈ .....ਜਾਣਨਾ।

## ਕਵਿਤਾਵਾਂ / ਸਤਪਾਲ ਭੀਖੀ

### ਇਕ ਪਲ

ਇਸੇ ਪਲ ਦੀ
ਪੈਦਾਇਸ਼ ਹਾਂ ਮੈਂ

ਇਹ ਪੌਣ ਮੈਨੂੰ ਹੁਣੇ ਮਿਲੀ

ਇਹ ਮਿਲੀ ਤਾਂ ਸਾਲਾਂ
ਮਹੀਨਿਆਂ ਦਿਨਾਂ ਪਲਾਂ
ਛਿਣਾਂ ਨੂੰ
ਹੋਣ ਦਾ ਮੌਕਾ ਮਿਲਿਆ

ਬੀਤਿਆ ਸਭ
ਇਸ ਪਲ ਦੀ ਮੌਣ 'ਤੇ ਟਿਕਿਆ
ਇਤਿਹਾਸ

ਭੋਇੰ ਦੇ ਜਿਸ ਵੀ ਹਿੱਸੇ 'ਚ
ਬੈਠਾ, ਖੜਿਆ, ਤੁਰਿਆ
ਇਸਨੂੰ ਨਮਨ ਹੈ
ਇਸੇ ਪਲ ਦੀ ਪੈਦਾਇਸ਼ ਹਾਂ ਮੈਂ!



### ਤੇਰਾ ਖ਼ਿਆਲ

ਸੰਘਣੀ ਉਦਾਸੀ 'ਚ
ਅੱਖਾਂ ਬੰਦ ਹੋ ਜਾਂਦੀਆਂ
ਖ਼ਿਆਲਾਂ 'ਚ
ਬਣਨ ਲੱਗਦੇ ਕੁਝ ਅਕਾਰ

ਭਰੀ ਪੀੜ 'ਚ
ਬਾਹਾਂ ਵਧਾਵਾਂ ਤੇਰੇ ਵੱਲ
ਸਿਮਟਦੀਆਂ ਬਾਹਾਂ ਦੇ
ਕਲਾਵੇ 'ਚ
ਕੁਝ ਨਹੀਂ ਆਉਂਦਾ
ਤੇਰਾ ਵਜ਼ੂਦ-ਅਕਾਰ

ਪਰ ਖ਼ਿਆਲ
ਸਮਰੱਥਖ ਪਾ ਲੈਂਦੇ
ਤੈਨੂੰ- ਸਾਥ ਮਾਣਦੇ

ਅੱਤ ਪੀੜ, ਉਦਾਸੀ, ਇਕੱਲਤਾ 'ਚ
ਮੈਂ ਫਿਰ ਤੋਂ ਜੀਣ ਲਗਦਾ


ਤੇਰਾ ਪੂਰਾ ਵਜ਼ੂਦ ਤਾਂ ਜਲੌਅ ਹੈ

ਤੇਰਾ ਖ਼ਿਆਲ ਹੀ ਕਾਫੀ
ਜਿਊਂਦੇ ਰਹਿਣ ਲਈ।

ਹਿੰਦੀ ਕਹਾਣੀ

# ਸ਼ਾਹ ਆਲਮ ਕੈਂਪ ਦੀਆਂ ਰੂਹਾਂ / ਅਸਗਰ ਵਜਾਹਤ

ਅਨੁ. ਬਲਵੀਰ ਜਸਵਾਲ



(1)

ਸ਼ਾਹ ਆਲਮ ਕੈਂਪ ਵਿਚ ਦਿਨ ਤਾਂ ਕਿਸੇ ਨਾ ਕਿਸੇ ਤਰ੍ਹਾਂ ਲੰਘ ਹੀ ਜਾਂਦੇ ਹਨ, ਪਰ ਰਾਤਾਂ ਕਿਆਮਤ ਦੀਆਂ ਹੁੰਦੀਆਂ ਹਨ, ਇਹੋ ਜਿਹੀ ਭੀੜ-ਭੜੱਕੇ ਦਾ ਮਾਹੌਲ ਹੁੰਦਾ ਹੈ ਕਿ ਅੱਲ੍ਹਾ ਬਚਾਏ। ਇੰਨੀਆਂ ਅਵਾਜ਼ਾਂ ਹੁੰਦੀਆਂ ਹਨ ਕਿ ਕੰਨਾਂ ਵਿਚ ਪਈ ਅਵਾਜ਼ ਵੀ ਸੁਣਾਈ ਨਹੀਂ ਦਿੰਦੀ। ਚੀਕਾਂ-ਕੁਰਲਾਉਣਾ, ਰੌਲਾ-ਰੱਪਾ, ਰੋਣਾ-ਕੁਰਲਾਉਣਾ, ਆਹਾਂ-ਸਿਸਕੀਆਂ......

ਰਾਤ ਦੇ ਸਮੇਂ ਰੂਹਾਂ ਆਪਣੇ ਬਾਲ-ਬੱਚਿਆਂ ਨੂੰ ਮਿਲਣ ਆਉਂਦੀਆਂ ਹਨ। ਰੂਹਾਂ ਆਪਣੇ ਯਤੀਮ ਬੱਚਿਆਂ ਦੇ ਸਿਰ 'ਤੇ ਹੱਥ ਫੇਰਦੀਆਂ ਹਨ, ਉਨ੍ਹਾਂ ਦੀਆਂ ਸੁੰਨ੍ਹੀਆਂ ਅੱਖਾਂ ਵਿਚ ਆਪਣੀਆਂ ਸੁੰਨ੍ਹੀਆਂ ਅੱਖਾਂ ਪਾ ਕੇ ਕੁਝ ਕਹਿੰਦੀਆਂ ਹਨ। ਬੱਚਿਆਂ ਨੂੰ ਸੀਨੇ ਨਾਲ ਲਾ ਲੈਂਦੀਆਂ ਹਨ। ਜਿਉਂਦੇ ਸਾੜਣ ਜਾਣ ਤੋਂ ਪਹਿਲਾਂ ਉਨ੍ਹਾਂ ਦੀਆਂ ਜੋ ਦਿਲ-ਕੰਬਾਊ ਚੀਕਾਂ ਨਿਕਲੀਆਂ ਸਨ, ਉਹ ਪਿਛੋਕੜ ਵਿਚ ਗੂੰਜਦੀਆਂ ਰਹਿੰਦੀਆਂ ਹਨ।

ਸਾਰਾ ਕੈਂਪ ਜਦੋਂ ਸੌਂ ਜਾਂਦਾ ਹੈ ਤਾਂ ਬੱਚੇ ਜਾਗਦੇ ਹਨ। ਉਨ੍ਹਾਂ ਨੂੰ ਉਡੀਕ ਰਹਿੰਦੀ ਹੈ ਆਪਣੀ ਮਾਂ ਨੂੰ ਦੇਖਣ ਦੀ......ਅੱਬਾ ਨਾਲ ਰੋਟੀ ਖਾਣ ਦੀ।

"ਕੀ ਹਾਲ ਹੈ ਸਿਰਾਜ?" ਮਾਂ ਦੀ ਰੂਹ ਨੇ ਸਿਰਾਜ ਦੇ ਸਿਰ 'ਤੇ ਹੱਥ ਫੇਰਦੇ ਕਿਹਾ।

"ਤੇਰਾ ਕੀ ਹਾਲ ਹੈ ਮਾਂ?"

ਮਾਂ ਖ਼ੁਸ਼ ਨਜ਼ਰ ਆ ਰਹੀ ਸੀ। ਕਹਿਣ ਲੱਗੀ, "ਸਿਰਾਜ, ਹੁਣ.....ਮੈਂ ਰੂਹ ਹਾਂ....ਹੁਣ ਮੈਨੂੰ ਕੋਈ ਅੱਗ ਨਹੀਂ ਲਾ ਸਕਦਾ।"

"ਮਾਂ......ਕੀ ਮੈਂ ਵੀ ਤੇਰੇ ਵਾਂਗ ਹੋ ਸਕਦਾ ਹਾਂ।"

(2)

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਇੱਕ ਔਰਤ ਦੀ ਘਬਰਾਈ, ਬੌਖ਼ਲਾਈ ਰੂਹ ਪਹੁੰਚੀ ਜੋ ਆਪਣੇ ਬੱਚੇ ਦੀ ਭਾਲ ਕਰ ਰਹੀ ਸੀ। ਉਸਦਾ ਬੱਚਾ ਨਾ ਉਸ ਦੁਨੀਆ ਵਿਚ ਸੀ, ਨਾ ਉਹ ਕੈਂਪ ਵਿਚ ਸੀ। ਬੱਚੇ ਦੀ ਮਾਂ ਦਾ ਕਲੇਜਾ ਫਟਿਆ ਜਾ ਰਿਹਾ ਸੀ। ਦੂਜੀਆਂ ਔਰਤਾਂ ਦੀਆਂ ਰੂਹਾਂ ਵੀ ਇਸ ਔਰਤ ਦੇ ਨਾਲ ਬੱਚੇ ਦੀ ਭਾਲ ਕਰਨ ਲੱਗੀਆਂ। ਉਨ੍ਹਾਂ ਸਾਰੀਆਂ ਨੇ ਮਿਲ ਕੇ ਕੈਂਪ ਛਾਣ ਮਾਰਿਆ......ਮੁਹੱਲੇ ਗਈਆਂ......ਘਰ ਧੂ-ਧੂ ਕਰਕੇ ਬਲ ਰਹੇ ਸਨ। ਕਿਉਂਕਿ ਉਹ ਰੂਹਾਂ ਸਨ, ਇਸ ਲਈ ਬਲਦੇ ਮਕਾਨਾਂ ਦੇ ਅੰਦਰ ਘੁਸ ਗਈਆਂ......ਕੋਨਾ-ਕੋਨਾ ਛਾਣ ਮਾਰਿਆ, ਪਰ ਬੱਚਾ ਨਾ ਮਿਲਿਆ।

ਆਖਿਰ ਸਾਰੀਆਂ ਔਰਤਾਂ ਦੀਆਂ ਰੂਹਾਂ ਦੰਗਾਈਆਂ ਕੋਲ ਗਈਆਂ। ਉਹ ਕੱਲ੍ਹ ਲਈ ਪੈਟਰੋਲ ਬੰਬ ਬਣਾ ਰਹੇ ਸਨ। ਬੰਦੂਕਾਂ ਸਾਫ਼ ਕਰ ਰਹੇ ਸਨ। ਹਥਿਆਰ ਚਮਕਾ ਰਹੇ ਸਨ।

ਬੱਚੇ ਦੀ ਮਾਂ ਨੇ ਉਨ੍ਹਾਂ ਨੂੰ ਆਪਣੇ ਬੱਚੇ ਬਾਰੇ ਪੁੱਛਿਆ ਤਾਂ ਉਹ ਹੱਸਣ ਲੱਗੇ ਅਤੇ ਕਹਿਣ ਲੱਗੇ, "ਓ ਪਾਗ਼ਲ ਔਰਤ, ਜਦੋਂ ਦਸ-ਦਸ, ਵੀਹ-ਵੀਹ ਬੰਦਿਆਂ ਨੂੰ ਇੱਕ ਬਾਰ ਅੱਗ ਲਾਈ ਜਾਂਦੀ ਹੈ ਤਾਂ ਇੱਕ ਬੱਚੇ ਦਾ ਹਿਸਾਬ ਕੌਣ ਰੱਖਦਾ ਹੈ? ਪਿਆ ਹੋਵੇਗਾ ਕਿਸੇ ਸੁਆਹ ਦੇ ਢੇਰ 'ਤੇ।"

ਮਾਂ ਨੇ ਕਿਹਾ, "ਨਹੀਂ-ਨਹੀਂ, ਮੈਂ ਹਰ ਥਾਂ ਦੇਖ ਲਿਆ ਹੈ......ਕਿਤੇ ਵੀ ਨਹੀਂ ਮਿਲਿਆ।"

ਤਾਂ ਕਿਸੇ ਦੰਗਾਈ ਨੇ ਕਿਹਾ, "ਓਏ, ਇਹ ਉਸ ਬੱਚੇ ਦੀ ਮਾਂ ਤਾਂ ਨਹੀਂ, ਜਿਸਨੂੰ ਆਪਾਂ ਤ੍ਰਿਸ਼ੂਲ 'ਤੇ ਟੰਗ ਆਏ ਹਾਂ।"

(3)

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਰੂਹਾਂ ਆਪਣੇ ਬੱਚਿਆਂ ਲਈ ਸਵਰਗ ਤੋਂ ਖਾਣਾ ਲੈ ਕੇ ਆਉਂਦੀਆਂ ਹਨ, ਪਾਣੀ ਲਿਆਉਂਦੀਆਂ ਹਨ, ਦਵਾਈਆਂ ਲਿਆਉਂਦੀਆਂ ਹਨ ਅਤੇ ਬੱਚਿਆਂ ਨੂੰ ਦਿੰਦੀਆਂ ਹਨ। ਇਹੀ ਕਾਰਣ ਹੈ ਕਿ ਸ਼ਾਹ ਆਲਮ ਕੈਂਪ ਵਿਚ ਨਾ ਤਾਂ ਕੋਈ ਬੱਚਾ ਭੁੱਖਾ -ਨੰਗਾ ਰਹਿੰਦਾ ਹੈ ਤੇ ਨਾ ਹੀ ਬਿਮਾਰ। ਇਹੋ ਕਾਰਣ ਹੈ ਕਿ ਸ਼ਾਹ ਆਲਮ ਕੈਂਪ ਬਹੁਤ ਮਸ਼ਹੂਰ ਹੋ ਗਿਆ ਹੈ। ਦੂਰ-ਦੂਰ ਮੁਲਕਾਂ ਵਿਚ ਉਸਦਾ ਨਾਂ ਹੈ।

ਦਿੱਲੀ ਤੋਂ ਇੱਕ ਵੱਡੇ ਨੇਤਾ ਜਦੋਂ ਸ਼ਾਹ ਆਲਮ ਕੈਂਪ ਦੇ ਦੌਰੇ 'ਤੇ ਗਏ ਤਾਂ ਬਹੁਤ ਖੁਸ਼ ਹੋ ਗਏ ਅਤੇ ਕਹਿਣ ਲੱਗੇ, "ਇਹ ਤਾਂ ਬਹੁਤ ਵਧੀਆ ਥਾਂ ਹੈ......ਇੱਥੇ ਤਾਂ ਦੇਸ਼ ਦੇ ਸਾਰੇ ਮੁਸਲਮਾਨ ਬੱਚਿਆਂ ਨੂੰ ਪਹੁੰਚਾ ਦੇਣਾ ਚਾਹੀਦਾ ਹੈ।"

(4)



ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਰਾਤ ਭਰ ਬੱਚਿਆਂ ਦੇ ਨਾਲ ਰਹਿੰਦੀਆਂ ਹਨ, ਉਨ੍ਹਾਂ ਨੂੰ ਨੀਝ ਲਾ ਕੇ ਦੇਖਦੀਆਂ ਹਨ....ਉਨ੍ਹਾਂ ਦੇ ਭਵਿੱਖ ਦੇ

ਬਾਰੇ ਸੋਚਦੀਆਂ ਹਨ। ਉਨ੍ਹਾਂ ਨਾਲ ਗੱਲਬਾਤ ਕਰਦੀਆਂ ਹਨ।

"ਸਿਰਾਜ, ਹੁਣ ਤੂੰ ਘਰ ਚਲਿਆ ਜਾਵੀਂ।" ਮਾਂ ਦੀ ਰੂਹ ਨੇ ਸਿਰਾਜ ਨੂੰ ਕਿਹਾ।

"ਘਰ?" ਸਿਰਾਜ ਸਹਿਮ ਗਿਆ। ਉਸਦੇ ਚਿਹਰੇ 'ਤੇ ਮੌਤ ਦੀਆਂ ਪਰਛਾਈਆਂ ਨੱਚਣ ਲੱਗੀਆਂ।

"ਹਾਂ, ਇੱਥੇ ਕਦੋਂ ਤੱਕ ਰਹੇਂਗਾ? ਮੈਂ ਰੋਜ਼ ਰਾਤ ਨੂੰ ਤੇਰੇ ਕੋਲ ਆਇਆ ਕਰਾਂਗੀ।"

"ਨਹੀਂ, ਮੈਂ ਘਰ ਨਹੀਂ ਜਾਵਾਂਗਾ.......ਕਦੀ ਨਹੀਂ....." ਧੂੰਆਂ, ਅੱਗ, ਚੀਕਾਂ...

"ਮਾਂ ਮੈਂ ਤੇਰੇ ਤੇ ਅੱਬਾ ਦੇ ਨਾਲ ਰਹਾਂਗਾ।"

"ਤੂੰ ਸਾਡੇ ਨਾਲ ਕਿਵੇਂ ਰਹਿ ਸਕਦਾ ਏਂ ਸਿੱਕੂ......."

"ਭਾਈ ਜਾਨ ਤੇ ਭੈਣ ਵੀ ਤਾਂ ਰਹਿੰਦੇ ਹੀ ਨੇ ਤੁਹਾਡੇ ਨਾਲ।"

"ਉਨ੍ਹਾਂ ਨੂੰ ਵੀ ਤਾਂ ਸਾਡੇ ਨਾਲ ਹੀ ਸਾੜ ਦਿੱਤਾ ਗਿਆ ਸੀ ਨਾ।"

"ਤਾਂ.....ਤਾਂ ਤੇ ਮੈਂ ਘਰ ਚਲਾ ਜਾਵਾਂਗਾ ਮਾਂ!"

(5)

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਇੱਕ ਬੱਚੇ ਦੀ ਰੂਹ ਆਉਂਦੀ ਹੈ......ਬੱਚਾ ਰਾਤ ਨੂੰ ਚਮਕਦੇ ਹੋਏ ਇੱਕ ਜੁਗਨੂੰ ਵਾਂਗ ਲੱਗਦਾ ਹੈ.....ਇਧਰ-ਉੱਧਰ ਉੱਡਦਾ ਫਿਰਦਾ ਹੈ.....ਉੱਛਲਦਾ-ਕੁੱਦਦਾ ਹੈ.....ਸ਼ਰਾਰਤਾਂ ਕਰਦਾ ਹੈ...... ਤੁਤਲਾਉਂਦਾ ਨਹੀਂ......ਸਾਫ਼-ਸਾਫ਼ ਬੋਲਦਾ ਹੈ.......ਮਾਂ ਦੇ ਕੱਪੜਿਆਂ ਵਿਚ ਲਿਪਟਿਆ ਰਹਿੰਦਾ ਹੈ.......ਬਾਪ ਦੀ ਉਂਗਲੀ ਫੜੀ ਰੱਖਦਾ ਹੈ।

ਸ਼ਾਹ ਆਲਮ ਕੈਂਪ ਦੇ ਦੂਜੇ ਬੱਚਿਆਂ ਤੋਂ ਅਲੱਗ ਇਹ ਬੱਚਾ ਬਹੁਤ ਖ਼ੁਸ਼ ਰਹਿੰਦਾ ਹੈ।

"ਤੂੰ ਇੰਨਾ ਖ਼ੁਸ਼ ਕਿਉਂ ਰਹਿੰਨਾ ਏਂ ਬੱਚੇ?"

"ਤੈਨੂੰ ਨਹੀਂ ਪਤਾ...... ਇਹ ਤਾਂ ਸਭ ਜਾਣਦੇ ਨੇ।"

"ਕੀ?"

"ਇਹੀ ਕਿ ਮੈਂ ਸਬੂਤ ਹਾਂ।"

"ਸਬੂਤ? ਕਿਸਦਾ ਸਬੂਤ?"

"ਬਹਾਦਰੀ ਦਾ ਸਬੂਤ ਹਾਂ।"

"ਕਿਸਦੀ ਬਹਾਦਰੀ ਦਾ ਸਬੂਤ ਏਂ?"

"ਉਨ੍ਹਾਂ ਦੀ, ਜਿਨ੍ਹਾਂ ਨੇ ਮੇਰੀ ਮਾਂ ਦਾ ਪੇਟ ਪਾੜ ਕੇ ਮੈਨੂੰ ਬਾਹਰ ਕੱਢਿਆ ਸੀ ਅਤੇ ਮੇਰੇ ਦੋ ਟੋਟੇ ਕਰ ਦਿੱਤੇ ਸਨ।"

(6)

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਨੇ। ਇੱਕ ਮੁੰਡੇ ਕੋਲ ਉਸਦੀ ਮਾਂ ਦੀ ਰੂਹ



ਆਈ। ਮੁੰਡਾ ਦੇਖ ਕੇ ਹੈਰਾਨ ਰਹਿ ਗਿਆ।

"ਮਾਂ, ਤੂੰ ਅੱਜ ਐਨੀ ਖ਼ੁਸ਼ ਕਿਉਂ ਏਂ?"

"ਸਿਰਾਜ, ਮੈਂ ਅੱਜ ਜੰਨਤ ਵਿਚ ਤੇਰੇ ਦਾਦੇ ਨੂੰ ਮਿਲੀ ਸੀ। ਉਨ੍ਹਾਂ ਨੇ ਆਪਣੇ ਅੱਬਾ ਨਾਲ ਮਿਲਵਾਇਆ......ਉਨ੍ਹਾਂ ਨੇ ਆਪਣੇ ਦਾਦੇ... ਨਾਲ......ਨਗੜ ਦਾਦੇ....ਤੇਰੇ ਲਗੜ ਦਾਦੇ ਨੂੰ ਮੈਂ ਮਿਲੀ। ਮਾਂ ਦੀ ਅਵਾਜ਼ ਵਿਚ ਖ਼ੁਸ਼ੀ ਝਲਕ ਰਹੀ ਸੀ।

"ਸਿਰਾਜ, ਤੇਰਾ ਨਗੜ ਦਾਦਾ ਹਿੰਦੂ ਸੀ.... ਹਿੰਦੂ....ਸਮਝਿਆ? ਸਿਰਾਜ, ਇਹ ਗੱਲ ਸਾਰਿਆਂ ਨੂੰ ਦੱਸ ਦਈਂ.......ਸਮਝਿਆ?"

(7)

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇੱਕ ਭੈਣ ਦੀ ਰੂਹ ਆਈ। ਰੂਹ ਆਪਣੇ ਭਰਾ ਦੀ ਤਲਾਸ਼ ਕਰ ਰਹੀ ਸੀ। ਤਲਾਸ਼ ਕਰਦੇ-ਕਰਦੇ ਰੂਹ ਨੂੰ ਪੌੜੀਆਂ 'ਤੇ ਬੈਠਾ ਦਿਖਾਈ ਦਿੱਤਾ। ਭੈਣ ਦੀ ਰੂਹ ਖ਼ੁਸ਼ ਹੋ ਗਈ। ਉਹ ਇਕ ਦਮ ਉਸ ਕੋਲ ਪਹੁੰਚੀ ਅਤੇ ਬੋਲੀ, "ਭਰਾ ਜੀ।"

ਭਰਾ ਨੇ ਸੁਣ ਕੇ ਅਣਸੁਣਾ ਕਰ ਦਿੱਤਾ। ਉਹ ਪੱਥਰ ਦੀ ਮੂਰਤੀ ਵਾਂਗ ਬੈਠਾ ਰਿਹਾ।

ਭੈਣ ਨੇ ਫਿਰ ਕਿਹਾ, "ਭਰਾ ਜੀ, ਸੁਣਿਓ।"

ਭਰਾ ਨੇ ਫਿਰ ਨਹੀਂ ਸੁਣਿਆ, ਨਾ ਹੀ ਭੈਣ ਵੱਲ

ਵੇਖਿਆ।

"ਤੂੰ ਮੇਰੀ ਗੱਲ ਕਿਉਂ ਨਹੀਂ ਸੁਣ ਰਿਹਾ!" ਭੈਣ ਨੇ ਜ਼ੋਰ ਨਾਲ ਕਿਹਾ ਤਾਂ ਭਰਾ ਦਾ ਚਿਹਰਾ ਅੱਗ ਵਾਂਗ ਲਾਲ ਹੋ ਗਿਆ। ਉਸਦੀਆਂ ਅੱਖਾਂ ਉਬਲਣ ਲੱਗੀਆਂ....ਉਹ ਇਕਦਮ ਉੱਠਿਆ ਅਤੇ ਭੈਣ ਨੂੰ ਬੁਰੀ ਤਰ੍ਹਾਂ ਕੁੱਟਣ ਲੱਗਾ। ਲੋਕ ਇਕੱਠੇ ਹੋ ਗਏ। ਕਿਸੇ ਨੇ ਪੁੱਛਿਆ ਕਿ ਉਸਨੇ ਇਹੋ ਜਿਹਾ ਕੀ ਕਹਿ ਦਿੱਤਾ ਜੋ ਭਰਾ ਉਸਨੂੰ ਕੁੱਟਣ ਲੱਗ ਪਿਆ। ਕੁੜੀ ਨੇ ਕਿਹਾ, "ਮੈਂ ਤਾਂ ਸਿਰਫ਼ ਇਸਨੂੰ ਭਰਾ ਕਹਿ ਕੇ ਬੁਲਾਇਆ ਸੀ।"

ਇੱਕ ਬਜ਼ੁਰਗ ਬੋਲਿਆ, "ਨਹੀਂ ਸਲੀਮਾ, ਨਹੀਂ, ਤੂੰ ਏਨੀ ਵੱਡੀ ਗ਼ਲਤੀ ਕਿਉਂ ਕੀਤੀ? ਬਜ਼ੁਰਗ ਫੁੱਟ-ਫੁੱਟ ਕੇ ਰੋਣ ਲੱਗਿਆ ਅਤੇ ਭਰਾ ਆਪਣਾ ਸਿਰ ਕੰਧ ਨਾਲ ਮਾਰਨ ਲੱਗ ਪਿਆ।

(8)

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇਕ ਦਿਨ ਦੂਜੀਆਂ ਰੂਹਾਂ ਦੇ ਨਾਲ ਇੱਕ ਬੁੱਢੇ ਦੀ ਰੂਹ ਵੀ ਸ਼ਾਹ ਆਲਮ ਕੈਂਪ ਆ ਗਈ। ਬੁੱਢਾ ਨੰਗੇ ਤਨ ਸੀ, ਉੱਚੀ ਧੋਤੀ ਬੰਨ੍ਹੀ ਹੋਈ ਸੀ, ਪੈਰਾਂ ਵਿਚ ਚੱਪਲ ਸੀ ਅਤੇ ਹੱਥ ਵਿੱਚ ਬਾਂਸ ਦਾ ਇੱਕ ਸੋਟੀ ਸੀ। ਧੋਤੀ ਵਿੱਚ ਉਸਨੇ ਘੜੀ ਫਸਾਈ ਹੋਈ ਸੀ।

ਰੂਹਾਂ ਨੇ ਬੁੱਢੇ ਨੂੰ ਪੁੱਛਿਆ, "ਕੀ ਤੇਰਾ ਵੀ ਕੋਈ ਰਿਸ਼ਤੇਦਾਰ ਕੈਂਪ ਵਿਚ ਹੈ?"

ਬੁੱਢੇ ਨੇ ਕਿਹਾ, "ਨਹੀਂ ਅਤੇ ਹਾਂ ਵੀ।"

ਰੂਹਾਂ ਨੇ ਬੁੱਢੇ ਨੂੰ ਪਾਗ਼ਲ ਰੂਹ ਸਮਝ ਕੇ ਛੱਡ ਦਿੱਤਾ ਅਤੇ ਉਹ ਕੈਂਪ ਦਾ ਚੱਕਰ ਲਗਾਉਣ ਲੱਗਿਆ।

ਕਿਸੇ ਨੇ ਬੁੱਢੇ ਨੂੰ ਪੁੱਛਿਆ, "ਬਾਬਾ, ਕਿਸਨੂੰ ਲੱਭ ਰਿਹਾ ਏਂ?"

ਬੁੱਢੇ ਨੇ ਕਿਹਾ, "ਇਹੋ ਜਿਹੇ ਬੰਦਿਆਂ ਨੂੰ ਜੋ ਮੇਰੀ ਹੱਤਿਆ ਕਰ ਸਕੇ।"

"ਕਿਉਂ?"

"ਮੈਨੂੰ ਅੱਜ ਤੋਂ ਪੰਜਾਹ ਸਾਲ ਪਹਿਲਾਂ ਗੋਲੀ ਮਾਰਕੇ ਮਾਰ ਦਿੱਤਾ ਗਿਆ ਸੀ। ਹੁਣ ਮੈਂ ਚਾਹੁੰਦਾ ਹਾਂ ਕਿ ਦੰਗਾਈ ਮੈਨੂੰ ਜਿਉਂਦੇ ਨੂੰ ਸਾੜ ਕੇ ਮਾਰ ਦੇਣ।"

"ਤੂੰ ਇਉਂ ਕਿਉਂ ਚਾਹੁੰਦਾ ਏ ਬਾਬਾ?"

"ਸਿਰਫ਼ ਇਹ ਦੱਸਣ ਲਈ ਕਿ ਨਾ ਉਹਨਾਂ ਦੇ ਗੋਲੀ ਮਾਰਨ ਨਾਲ ਮੈਂ ਮਰਿਆ ਸੀ ਅਤੇ ਨਾ ਉਨ੍ਹਾਂ ਦੇ ਜਿਉਂਦੇ ਸਾੜਣ ਨਾਲ ਮਰਾਂਗਾ।"

(9)

ਸ਼ਾਹ ਆਲਮ ਕੈਂਪ ਵਿਚ ਇੱਕ ਰੂਹ ਤੋਂ ਕਿਸੇ ਨੇਤਾ ਨੇ ਪੁੱਛਿਆ, "ਤੇਰੇ ਮਾਂ-ਪਿਉ ਜਿਉਂਦੇ ਨੇ?"

"ਮਾਰ ਦਿੱਤਾ ਸਾਰਿਆਂ ਨੂੰ।"

"ਭਰਾ-ਭੈਣ?"

"ਨਹੀਂ ਹਨ।"

"ਕੋਈ ਹੋਰ ਹੈ?"

"ਨਹੀਂ।"

"ਇੱਥੇ ਅਰਾਮ ਤਾਂ ਹੈ ਨਾ?"

"ਹਾਂ, ਹੈ।"

"ਰੋਟੀ-ਪਾਣੀ ਮਿਲਦਾ ਹੈ?"

"ਹਾਂ, ਮਿਲਦਾ ਹੈ।"

"ਕੱਪੜਾ-ਲੱਤਾ ਹੈ?"

"ਹਾਂ, ਹੈ।"

"ਕੁੱਝ ਚਾਹੀਦਾ ਤਾਂ ਨਹੀਂ?"

"ਨਹੀਂ।"

"ਕੁੱਝ ਨਹੀਂ?"

"ਕੁੱਝ ਨਹੀਂ।"

ਨੇਤਾ ਜੀ ਖ਼ੁਸ਼ ਹੋ ਗਏ। ਸੋਚਿਆ, ਮੁੰਡਾ ਸਮਝਦਾਰ ਹੈ। ਮੁਸਲਮਾਨਾਂ ਵਰਗਾ ਨਹੀਂ।

(10)

ਸ਼ਾਹ ਆਲਮ ਕੈਂਪ ਵਿਚ ਅੱਧੀ ਰਾਤ ਤੋਂ ਬਾਅਦ ਰੂਹਾਂ ਆਉਂਦੀਆਂ ਹਨ। ਇੱਕ ਦਿਨ ਰੂਹਾਂ ਦੇ ਨਾਲ ਸ਼ੈਤਾਨ ਦੀ ਰੂਹ ਵੀ ਆ ਗਈ। ਇੱਧਰ-ਉੱਧਰ ਦੇਖ ਕੇ ਸ਼ੈਤਾਨ ਬੜਾ ਸ਼ਰਮਾਇਆ ਅਤੇ ਛਿੱਥਾ ਪੈ ਗਿਆ। ਉਹ ਲੋਕਾਂ ਨਾਲ ਅੱਖਾਂ ਨਹੀਂ ਮਿਲਾ ਰਿਹਾ ਸੀ। ਰਾਹ ਬਦਲ ਲੈਂਦਾ ਸੀ। ਸਿਰ ਨੀਵਾਂ ਕੀਤੇ ਉੱਧਰ ਨੂੰ ਮੁੜ ਜਾਂਦਾ ਜਿੱਧਰ ਲੋਕ ਨਹੀਂ ਸਨ। ਆਖ਼ਿਰਕਾਰ ਲੋਕਾਂ ਨੇ ਉਸਨੂੰ ਫੜ ਹੀ ਲਿਆ। ਉਹ ਸ਼ਰਮਿੰਦਾ ਹੋ ਕੇ ਬੋਲਿਆ, "ਹੁਣ ਇਹ ਜੋ ਸਾਰਾ ਕੁੱਝ ਹੋਇਆ ਹੈ.......ਇਸ ਵਿਚ ਮੇਰਾ ਕੋਈ ਹੱਥ ਨਹੀਂ......ਅੱਲ੍ਹਾ ਕਸਮ, ਮੇਰਾ ਹੱਥ ਨਹੀਂ ਹੈ।"

ਲੋਕਾਂ ਨੇ ਕਿਹਾ, "ਹਾਂ-ਹਾਂ, ਸਾਨੂੰ ਪਤਾ ਹੈ। ਤੂੰ ਤਾਂ ਇਸ ਤਰ੍ਹਾਂ ਕਰ ਹੀ ਨਹੀਂ ਸਕਦਾ। ਤੇਰਾ ਵੀ ਆਖ਼ਿਰ ਇੱਕ ਮਿਆਰ ਹੈ।"

ਸ਼ੈਤਾਨ ਠੰਢਾ ਸਾਹ ਲੈ ਕੇ ਕਹਿਣ ਲੱਗਾ, "ਚਲੋ, ਦਿਲ ਤੋਂ ਭਾਰ ਉੱਤਰ ਗਿਆ......ਤੁਸੀਂ ਸੱਚਾਈ ਤਾਂ ਜਾਣਦੇ ਹੋ।"

ਲੋਕਾਂ ਨੇ ਕਿਹਾ, "ਕੁੱਝ ਦਿਨ ਪਹਿਲਾਂ ਅੱਲ੍ਹਾ ਮੀਆਂ ਵੀ ਆਏ ਸਨ ਅਤੇ ਉਹ ਵੀ ਇਹੀ ਕਹਿ ਰਹੇ ਸਨ।"

**94171-11462**

## ਸਬਕ / ਡਾ. ਰਵਿੰਦਰ



ਛੋਟੀ ਜਿਹੀ ਚਿੜੀ
ਜਦ ਬੋਗਿਨਵਿਲਾ ਦੀ
ਟਾਹਣੀ ਤੇ ਬਹਿੰਦੀ
ਟਹਿਣੀ ਨੂੰ ਕੋਈ
ਭਾਰ ਨਾ ਲੱਗਦਾ
ਉਹ ਸਗੋਂ ਖੁਸ਼ੀ ਵਿਚ
ਉੱਪਰ ਹੇਠਾਂ ਝੂਮਦੀ
ਆਪਣੇ ਪੱਤਿਆਂ ਨਾਲ
ਚਿੜੀ ਦੇ ਥੱਕੇ ਖੰਭ ਪਲੋਸਦੀ
ਆਪਣੇ ਫੁੱਲਾਂ ਨਾਲ
ਉਸਦੇ ਮੱਥੇ ਤੇ ਛਾਂ ਕਰਦੀ
ਚਿੜੀ ਆਪਣਾ
ਆਹਲਣਾ ਭੁੱਲ ਕੇ
ਉਹਦੀ ਪੀਂਘ ਝੂਟਦੀ
ਸੌਂ ਜਾਂਦੀ

ਬੰਦਾ ਵੱਡਾ ਹੋਈ ਜਾਂਦਾ
ਫੈਲੀ ਜਾਂਦਾ
ਖਿਲਰਦਾ ਜਾਂਦਾ
ਆਪਣੀਆਂ ਜੜ੍ਹਾਂ
ਡੂੰਘੀਆਂ ਕਰਦਾ
ਆਪਣੀ ਛਾਂ ਹੇਠਲਾ
ਹਰ ਬੂਟਾ ਸੁਕਾਈ ਜਾਂਦਾ
ਕਿਸੇ ਹੋਰ ਨੂੰ ਜੀਣ ਨਾ ਦਿੰਦਾ


ਬੰਦਾ ਕੁਝ ਨਾ ਸਿੱਖਦਾ
ਬੋਗਿਨਵਿਲਾ ਦੀ ਟਾਹਣੀ ਤੋਂ
ਨਿੱਕੀ ਜਿਹੀ ਚਿੜੀ ਤੋਂ।

## ਆਤਮਾ ਕੈਸ ਦੀ ਬਣੀ ਹੁੰਦੀ / ਸਵਾਮੀ ਅੰਤਰ ਨੀਰਵ



ਆਤਮਾ ਕੈਸ ਦੀ ਬਣੀ ਹੁੰਦੀ
ਮੇਰੀ ਦਾੜ੍ਹੀ ਨਾਲ਼ ਖੇਡਦੀ
ਸਰਾਰਤੀ ਹੱਸਦੀ
ਬੇਟੀ ਪੁੱਛਦੀ
ਪਿੱਤੀ, ਆਤਮਾ
ਕੈਸ ਦੀ ਬਣੀ ਹੁੰਦੀ
ਫਿਰ ਆਪ ਹੀ ਕਹਿੰਦੀ
ਦਹੀਂ ਵਾਲ਼ੀ ਜਾਗ ਦੀ
ਕੜ੍ਹਦੇ ਦੁੱਧ ਵਿਚ
ਨਿੰਬੂ ਦੇ ਰਸ ਦੀ
ਅੱਗਰਬੱਤੀ ਦੇ ਧੂੰਏਂ ਦੀ
ਸਕੂਲੀ ਘੰਟੀ ਦੀ
ਮੋਚੀ ਵਾਲ਼ੀ ਆਰ ਦੀ
ਖੁੰਦਕਾਰੇ ਦੀ
ਅਹਿਰਨ ਦੀ
ਹਥੌੜੀ ਦੀ
ਖਾਲੀ ਪਊਏ ਦੀ
ਬਕਰੀ ਦੀ ਸੂਣ
ਵਾਲ਼ੀ ਜਗਾਹ ਦੀ
ਚੂਚੇ ਦੇ ਪੰਜੇ ਦੀ
ਕੁਕੜੀ ਦੀ ਕੁੜ-ਕੁੜ ਦੀ
ਬਿੱਲੀ ਦੀ ਅੱਖ ਦੀ
ਮਾਂ ਦੇ ਬਟਵੇ ਦੀ
ਸਾਰੀਆਂ ਗੱਲਾਂ ਦੀ
ਸਾਰੇ ਸੁਫ਼ਨਿਆਂ ਦੀ
ਦਰਦ ਵੇਲ਼ੇ ਮਾਰੀ ਫੂਕ
ਬੁਖ਼ਾਰ ਵੇਲ਼ੇ ਰੱਖੀ
ਠੰਢੀ ਪੱਟੀ ਦੀ
ਹੁਣ ਤੁਸੀਂ ਦੱਸੋ ਖਾਂ
ਆਤਮਾ ਕੈਸ ਦੀ ਬਣੀ ਹੁੰਦੀ ?

## ਡੱਡੂ / ਗੁਰਪ੍ਰੀਤ



ਡੱਡੂ ਇਕ ਛਾਲਾਂ ਮਾਰਦਾ
ਮੇਰੇ ਵੱਲ ਆ ਰਿਹਾ
ਕੋਲ ਦੀ ਲੰਘ ਗਿਆ
ਉਹ ਸੱਜੇ ਹੱਥ
ਤੁਰੇ ਜਾਂਦੇ ਇਕ ਆਦਮੀ ਦੇ
ਪੈਰਾਂ ਹੇਠ ਆਉਂਦਾ ਆਉਂਦਾ
ਬਚ ਗਿਆ
ਸੋਚਾਂ
ਧਮਕ ਦੇ ਅੱਖਰ
ਇਹ ਕਿਹੜੇ ਸਕੂਲ
ਪੜ੍ਹਨ ਸਿੱਖਿਆ
ਐਨੀ ਖਲਕਤ
ਉਹ ਫਿਰ ਵੀ ਬਚ ਜਾਵੇ
ਪੈਰਾਂ ਹੇਠੋਂ ਆਉਣਾ
ਅਚਾਨਕ ਕਾਰ
ਇਕ ਲੰਘ ਗਈ
ਉਸ ਉਪਰ ਦੀ
ਦੇਖਦਾ ਰਹਿ ਗਿਆ ਮੈਂ
ਛਾਲਾਂ ਮਾਰਦਾ ਨਹੀਂ ਸੀ ਹੁਣ
ਸੜਕ ਨਾਲ ਚਿਪਕ ਗਿਆ
ਐਵੇਂ ਹਵਾ ਭਰ ਹਿੱਲਿਆ
ਹੁਣ ਜਦੋਂ ਵੀ ਬੈਠਾਂ
ਦੋਸਤਾਂ ਦੀ
ਕਾਰ 'ਚ ਕਿਧਰੇ
ਡੱਡੂ ਇੱਕ
ਛਾਲਾਂ ਮਾਰਦਾ
ਮੇਰੇ ਦਿਲ ਦੀ ਸੜਕ 'ਤੇ
ਚਿਪਕ ਜਾਂਦਾ ।।

## ਤੂੰ ਮੈਥੋਂ ਇਕ ਰਾਤ ਨਾ ਮੰਗ / ਵਿਸ਼ਾਲ



ਤੂੰ ਮੈਥੋਂ ਇਕ ਰਾਤ ਨਾ ਮੰਗ
ਅੱਧੀ ਅਧੂਰੀ..
ਮੈਨੂੰ ਮੰਗ ਸਾਰੇ ਨੂੰ..
ਸਮੁੰਦਰ ਤਾਂ ਸ਼ਾਤ
ਵਹਿ ਰਿਹਾ ਸੀ..
ਇਕ ਫੁੱਲ
ਪਤਾ ਨਹੀਂ
ਕਿੱਥੋਂ ਆਇਆ...
ਖੁਸ਼ਬੂ ਬਣ ਕੇ
ਫੈਲ ਗਿਆ ਪਾਣੀਆ ਚ...
ਪਾਣੀ ਬੌਰੇ ਹੋਏ ਭੁੱਲ ਗਏ...
ਕਿ ਕੰਢਿਆ ਬਿਨਾਂ.
ਰਵਾਨਗੀ ਨਹੀਂ
ਰਹਿੰਦੀ..........

ਤੂੰ ਮੇਰੀ ਮਿੱਟੀ
ਨਾ ਫਰੋਲ...
ਮਿੱਟੀ ਨੂੰ ਗੁੰਨ...
ਗੁੱਝ ਜਾ ਆਪ ਵੀ...
ਇਵੇਂ ਜਿਵੇਂ ਰਾਤ ਗੁੱਝਦੀ ਹੈ...
ਮੈਨੂੰ ਮਿਟਾ ਦੇ..
ਤੇ ਮਿਟ ਜਾ ਖੁਦ ਵੀ...
ਇਵੇਂ ਜਿਵੇਂ
ਸਿਰਜਣਾ ਹੁੰਦੀ ਹੈ....
ਬੁਹਤ ਮਘਦੇ
ਸਫਰ ਤਹਿ ਕੀਤੇ..
ਮੇਰੇ ਪੈਰਾਂ ਨੂੰ ਪਾਣੀਆਂ ਦਾ
ਅਰਗ ਨਾ ਚੜਾਅ....
ਆਪਣੀ ਭਬੂਤੀ
ਮਲ ਮੇਰੇ 'ਤੇ...
ਮੇਰਾ ਦਾਹ
ਸੰਸਕਾਰ ਕਰ ਦੇ....
ਮੇਰੀ ਅਲਖ ਸੁਆ ਦੇ...
ਮੇਰੇ ਸਾਰੇ ਰੰਗ ਮੇਟ ਦੇ...
ਤੂੰ ਮੈਨੂੰ ਇੰਜ ਰੰਗ ਦੇ...
ਤੂੰ ਮੈਨੂੰ ਲੈ ਜਾ
ਦੂਰ ਕਿਤੇ.....
ਮੈਨੂੰ ਮੇਰੇ ਚੋਂ ਚੁਗ ਲੈ..

ਮੇਰੇ ਗਲ ਵਿੱਚ ਪੈ ਜਾ...
ਮਾਲਾ ਬਣਕੇ....

ਆਪਣੇ ਸਾਹਾਂ ਨਾਲ
ਜਗਾ ਦੇ ਮੈਨੂੰ..
ਇੰਜ ਜਗਾ ਦੇ...
ਕਿ ਜੋਗੀ ਦੀ ਸਾਰੀ
ਜਗਿਆਸਾ ਮੁਕ ਜਾਵੇ...
ਯੁੱਗਾਂ.. ਯੁਗਾਤਰਾਂ..
ਦੇ ਸਿਲਸਲੇ ਖਤਮ ਕਰਦੇ।

## ਦਾਅਵਤ / ਰਾਜੀਵ ਸੇਠ


ਆ
ਦੁਆ ਤਕ ਚੱਲੀਏ !
ਆ
ਖ਼ਲਾਅ ਸੰਗ ਵਿਚਰੀਏ !
ਭਟਕਣਾ, ਤੇਰੀ ਜੋ ਹੈ
ਭਟਕਣਾ, ਮੇਰੀ ਜੋ ਹੈ
ਪਾਣੀ ਅੰਦਰ ਮੀਨ ਜਿਹੀ
ਤਿਸ਼ਨਗੀ ਸਭ ਦੀ ਜੋ ਹੈ
ਨੀਝ ਲਾ ਕੇ ਤੱਕੀਏ
ਤੱਕੀਏ ਤੇ ਸੁਲਝੀਏ

ਚਾਹੁਣ ਤੇ ਨਾ ਚਾਹੁਣ ਵਿੱਚ
ਹੋਣ ਤੇ ਨਾ ਹੋਣ ਵਿੱਚ
ਲਫ਼ਜ਼ਾਂ ਵਿਚਲੇ ਮੌਨ ਵਿਚ
ਭੋਗ ਵਿੱਚ ਤੇ ਜੋਗ ਵਿਚ
ਖੁਸ਼ੀ ਵਿੱਚ ਤੇ ਸੋਗ ਵਿੱਚ,
ਦੂਰ ਅਸਮਾਨੀਂ ਕਿਤੇ
ਟਿਮਕਣਾ ਹੈ ਚਮਕਦਾ
ਓਹੋ ਪੰਛੀ ਤੱਕੀਏ
ਓਸ ਦੇ ਸੰਗ ਵਿਚਰੀਏ

ਪੰਧ ਹੈ ਔਖਾ ਬੜਾ
ਸਰ ਜੇ ਪਰਬਤ ਹੋ ਗਿਆ
ਸ਼ੂਕਦਾ ਦਰਿਆ ਖੜ੍ਹਾ
ਰੁਕ ਕੇ ਨਾ ਸਾਰੀਏ
ਸਫ਼ਰ ਇਹ ਨਾ ਹਾਰੀਏ
ਫੁੱਲ ਬਣ ਕੇ ਉਤਰੀਏ
ਪਾਰ ਹੋਈਏ,
ਨਿਖ਼ਰੀਏ

ਵੇਖ !
ਉਸ ਘਾਟੀ ਦੇ ਵੱਲ
ਦੇਵਤਾ ਮੁਸਕਾ ਰਿਹਾ
ਚੁੱਪ ਰਸਿਆ ਘੁਸਮੁਸਾ
ਚਾਂਦੀ ਰੰਗੀ ਆਬਸ਼ਾਰ
ਚੌਹੀਂ ਪਾਸੀਂ ਰੁੱਖ ਹਰੇ
ਬੇਪਨਾਹ ਮੋਤੀ ਜੜ੍ਹੇ
ਭੂਰ ਨਿੰਮ੍ਹੀ ਪੈ ਰਹੀ
ਬਾਲੜੀ ਜਿਉਂ ਕੁੱਦਦੀ

ਸਾਡੇ ਇੰਤਜ਼ਾਰ ਵਿੱਚ
ਸਾਰੇ ਹੱਥ ਬੰਨ੍ਹੀ ਖੜ੍ਹੇ
ਪਹੁੰਚ ਕੇ ਵੀ ਅਪਹੁੰਚ ਹੈ,
ਹੋਰ ਅੱਗੇ ਚੱਲੀਏ
ਹੋਰ ਡੂੰਘਾ ਉਤਰੀਏ
ਹੋਰ ਉੱਚਾ ਉੱਡੀਏ
ਆ
ਦੁਆ ਤਕ ਚੱਲੀਏ।



## ਅਣਕਹੀ ਗੱਲ / ਸੁਧਾ ਓਮ ਢੀਂਗਰਾ



ਛੱਡ ਦਿੱਤਾ ਤੇਰਾ ਵਿਹੜਾ
ਨਾ ਲੰਘੀ ਕੋਈ ਦਹਿਲੀਜ਼
ਨਾ ਪਾਰ ਕੀਤਾ
ਕੋਈ ਹੋਰ ਦਰ
ਭਟਕੀ ਹਾਂ
ਮੈਂ ਦਸ਼ਤ ਵਿੱਚ
ਤੇਰੀਆਂ ਯਾਦਾਂ ਦੀਆਂ
ਰੇਤਲੀਆਂ
ਕਤਾਰਾਂ ਵਿੱਚ
ਪਰਤਾਂਗੀ ਨਹੀਂ
ਪਰ ਹੁਣ ਤੇਰੇ ਪਰਛਾਵੇਂ ਵਿੱਚ
ਤੂੰ ਪਿਆਰ ਕੀਤਾ ਮੈਨੂੰ
ਸਵੀਕਾਰ ਕੀਤਾ ਮੈਨੂੰ
ਪਰ ਮਾਰ ਦਿੱਤਾ
ਮੇਰੀ ਮੈਂ ਨੂੰ
ਨਕਾਰ ਦਿੱਤਾ
ਮੇਰੇ ਅਹਮ ਨੂੰ

ਹੁਣ ਦਾਗ ਲੱਗਣ
ਦਾਮਨ ਤੇ
ਜਿੰਨੇ ਭਾਵੇਂ
ਸਹਿ ਲਵਾਂਗੀ
ਦੁਨੀਆਂ ਜੋ ਕਹੇ ਝੱਲਾਂਗੀ
ਤੂੰ ਜੋ ਕਹੇਂ ਚੁੱਪ ਰਹਾਂਗੀ
ਆਪਣੀ ਲਾਸ਼ ਨੂੰ
ਮੋਢਿਆਂ ਤੇ ਚੁੱਕੀ
ਵੀਰਾਨੇ ਵਿਚ
ਦੋ ਮੋਢੇ ਹੋਰ ਲੱਭ੍ਹਾਂਗੀ
ਜੋ ਉਸਨੂੰ ਸ਼ਮਸ਼ਾਨ
ਤੱਕ ਪਹੁੰਚਾ ਸਕਣ

ਦੁਨੀਆਂ ਨੇ ਜਿਸਨੂੰ
ਸਿਰਫ਼ ਔਰਤ ਤੇ ਤੂੰ
ਮਹਿਜ਼ ਬੱਚਿਆਂ ਦੀ
ਮਾਂ ਸਮਝਿਆ
ਤੇ ਤੇਰੇ ਸਮਾਜ ਨੇ ਨਾਰੀ ਨੂੰ
ਵੰਸ਼ ਵਧਾਉਣ ਦਾ ਬੱਸ ਇਕ
ਮਾਧਿਅਮ ਹੀ ਸਮਝਿਆ
ਪਰ ਉਸਨੂੰ ਇਨਸਾਨ
ਕਿਸੇ ਨੇ ਨਹੀਂ ਸਮਝਿਆ...।



## ਜਾਦੂਗਰ ਸੀ ਮਾਂ / ਅਮਨਦੀਪ ਗੁਜਰਾਲ 'ਵਿੰਮੀ'

ਮਾਂ ਸੀ ਜਦੋਂ
ਅੱਖਾਂ ਵਿੱਚ
ਆਉਣ ਤੋਂ ਪਹਿਲਾਂ ਹੀ
ਪੜ੍ਹ ਲੈਂਦੀ ਸੀ
ਸ਼ਬਦ ਸੁਪਨੇ
ਇਥੋਂ ਤੱਕ ਕਿ
ਅੱਥਰੂ ਵੀ

ਦਰਵਾਜੇ ਤੱਕ
ਪਹੁੰਚਣ ਤੋਂ
ਪਹਿਲਾਂ ਹੀ
ਦਸਤਕ ਦਿੰਦੇ ਸਨ
ਮੇਰੇ ਜਜ਼ਬਾਤ
ਮੇਰੀ ਖੁਸ਼ਬੂ
ਮੇਰੇ ਪੈਰਾਂ ਦੀ ਗਤੀ ਨਾਲ
ਜਾਣ ਲੈਂਦੀ ਸੀ ਮੇਰਾ ਮਨ

ਮਾਂ ਸੀ ਜਦੋਂ
ਮੇਰੀ ਛੋਟੀ
ਹੁੰਦੀਆਂ ਫਰਾਕਾਂ ਨੂੰ
ਨਾਲ ਦੇ ਰੰਗ ਦੇ ਕੱਪੜੇ ਜੋੜ
ਮਿਲਾ ਦਿੰਦੀ ਸੀ
ਮੇਰੀ ਲੰਬਾਈ ਨਾਲ

ਉਧੇੜ ਕੇ
ਪੁਰਾਣੇ ਸਵੈਟਰ
ਨਵੇਂ ਰੰਗ ਮਿਲਾ ਕੇ
ਬਣਾ ਦਿੰਦੀ ਸੀ ਨਵਾਂ
ਸਾਂਭ ਕੇ ਰੱਖੀਆਂ
ਸਾੜੀਆਂ ਚੋਂ
ਨਵੇਂ ਡਿਜ਼ਾਇਨ ਬਣਾ
ਪਰੀਆਂ ਵਾਂਗ ਸਜਾ
ਦਿੰਦੀ ਸੀ ਮੈਨੂੰ
ਲਾ ਦਿੰਦੀ ਸੀ
ਕਾਲਾ ਟਿੱਕਾ
ਕਰ ਦਿੰਦੀ ਸੀ ਥੂ ਥੂ

ਮਾਂ ਸੀ ਜਦੋਂ
ਬਚਪਨ ਸੀ
ਜਵਾਨੀ ਸੀ
ਰੁੱਸਣਾ ਆਉਂਦਾ ਸੀ ਮੈਨੂੰ
ਆਉਂਦੇ ਸਨ ਸਾਰੇ ਰਿਸ਼ਤੇ
ਮਹਿਕ ਸੀ ਪੇਕਿਆਂ
ਵਿਚ ਮਮਤਾ ਦੀ

ਜਾਦੂਗਰ ਸੀ ਮਾਂ
ਜੋ ਪੁਰਾਣੀ ਪਈ
ਹਰ ਚੀਜ਼ ਨੂੰ
ਨਵਾਂ ਕਰ ਦਿੰਦੀ ਸੀ।

**ਅਨੁ. ਅ.ਕ.**

## ਪੰਛੀ / ਸੋਨੀਆ ਭਾਰਤੀ

ਮਨ ਦੇ ਸੰਘਣੇ
ਰੁੱਖ ਦੀ ਰੱਖ ਵਿਚ
ਖ਼ਾਬਾਂ ਦਾ ਇਕ ਸੋਹਣਾ ਪੰਛੀ
ਪਿਆ ਆਲ੍ਹਣਾ ਪਾਵੇ
ਤਿਨਕਾ ਤਿਨਕਾ ਰੀਝਾਂ ਦਾ,
ਜੋੜ ਜੋੜ ਕੇ ਸੱਧਰਾਂ ਦੇ ਨਾਲ
ਸੋਹਣਾ ਘਰ ਸਜਾਵੇ
ਖ਼ਾਬਾਂ ਦਾ ਇਹ ਸੋਹਣਾ ਪੰਛੀ
ਚਾਹੁੰਦਾ ਹੈ ਖੁਸ਼ੀਆਂ ਤੇ ਖੇੜੇ
ਜਿਵੇਂ ਤੇਰੀਆਂ ਤਲੀਆਂ ਅੰਦਰ
ਬੈਠੇ ਪੋਟੇ ਮੇਰੇ
ਮੇਰੇ ਹੱਥ ਨੂੰ ਨਿੱਘ ਹੈ ਤੇਰਾ
ਜੀਕਣ ਮੇਰਾ ਹਰ ਇਕ ਸੁਪਨਾ
ਹਰ ਇਕ ਖਾਹਿਸ਼
ਹਰ ਇੱਛਾ ਵਿੱਚ
ਹਿੱਸਾ ਜੁੜਿਆ ਤੇਰਾ
ਇਉਂ ਲਗਦਾ
ਮਹਿਫੂਜ਼ ਹੋਣ ਸਭ
ਪੰਛੀ ਵਾਂਗਰ
ਪਰ ਇਹ ਪੋਟੇ ਹੁਣ ਰੰਗ ਰੱਤੇ
ਤੇਰੇ ਵੀ ਤੇ ਮੇਰੇ ਵੀ
ਰੰਗ ਅਲਿਹਦਾ ਦੋਹਾਂ ਦਾ
ਸੰਘਣਾ ਰੁੱਖ ਹੁਣ
ਕੱਲਾ ਹੋਇਆ
ਜੀਕਣ ਮੇਰੇ ਖ਼ਾਬਾਂ ਵਾਲਾ
ਪੰਛੀ ਸੀ ਜੋ ਆਲ੍ਹਣਾ ਪਾਉਂਦਾ
ਸਦਮਾ ਖਾ ਕੇ ਮੋਇਆ
ਰੱਤਾ ਰੰਗ ਇੰਝ ਚੋਇਆ.....



## ਗੁਰੂ / ਗਗਨਮੀਤ



ਖਿੰਡੀ ਸ਼ਖਸੀਅਤ ਸੰਗ
ਹੰਭੀ-ਹਾਰੀ
ਮੁੜ ਸਿੱਖਣ ਗੁਰ
ਕਰਨ ਆਤਮਸਾਤ
ਆਣ ਖਲੋਤੀ ਹਾਂ
ਦੁਆਰ
ਪਹਿਲੀ ਗੁਰੂ
ਮਾਂ
ਮਾਂ ਦੀ ਉਂਗਲ ਫੜ
ਸਿੱਖਣੀ ਤੁਰਨ ਦੀ ਜਾਚ
ਪੁੱਟਣਾ ਅਨੰਤ ਵੱਲ
ਪਹਿਲਾ ਕਦਮ
ਬਾਣੀ ਗੁਰੂ ਦੀ
ਸਿੱਖਿਆ 'ਚੋਂ
ਤੇਰਾ ਤੇਰਾ
ਜਮਾ ਕਰ
ਮਨਫ਼ੀ ਕਰਨੀ
ਹਉਮੈ
ਸਿੱਖਿਆ ਦਾਤਿਆਂ ਕੋਲ ਬਹਿ
ਕੁਤਰੇ ਕੰਨ, ਟੁੱਕੀ ਜੀਭ ਨੂੰ
ਸਾਬਤ ਸਬੂਤ ਕਰਨ ਦਾ
ਲੈਣਾ ਮੰਤਰ
ਫੁੱਲਾਂ ਤੋਂ ਸਿੱਖਣਾ
ਕੰਡਿਆਂ ਵਿੱਚ
ਮੁਸਕਾਉਂਦੇ ਰਹਿਣ ਦਾ
ਹੁਨਰ
ਬੱਚੇ ਦੀ
ਸਹਿਜ ਮੁਸਕਾਨ ਦਾ
ਤਲਿਸਮ ਸਾਂਭ
ਪੰਜੇ ਤੱਤਾਂ 'ਚ ਰਲ
ਮੁੜ ਉਸਾਰਨਾ ਆਪਾ !

## ਕਵਿਤਾ / ਵਿਰਕ ਪੁਸ਼ਪਿੰਦਰ

ਜਦ ਫੁੱਲ
ਤੋੜਨਾ ਚਾਹਿਆ,
ਕੰਡੇ ਹੀ ਚੁਭੇ!
ਕਿਵੇਂ ਮਾਣ ਲਵਾਂ,
ਤੇਰੇ ਦਿੱਤੇ
ਗਜਰੇ ਦੀ ਮਹਿਕ!

ਕੀ ਕਰਾਂ
ਚੰਨ ਦਾ ਇਤਬਾਰ,
ਜੋ ਕਦੇ ਮੱਸਿਆ ਤੇ
ਕਦੇ ਪੁੰਨਿਆਂ ਦਾ ਹੋ
ਰੂਪ ਵਟਾਉਂਦਾ ਏ!
ਮੈਂ ਤਾਂ
ਧੁੱਪਾਂ ਵਰਗੀ,
ਸੋ ਸੂਰਜ ਹੀ
ਮਨ ਨੂੰ ਭਾਉਂਦਾ ਏ!

ਜੇ ਤੂੰ ਚਾਹੁੰਦਾ ਏਂ,
ਕਿ ਕਰ ਲਵਾਂ
ਤੈਨੂੰ ਆਪਣੀਆਂ
ਕਾਲੀਆਂ ਜ਼ੁਲਫ਼ਾਂ
'ਚ ਕੈਦ!
ਤੂੰ ਵੀ ਤਾਂ ਕਰ
ਕੁਝ ਗ਼ਰੂਰ,
ਕਿ ਤੈਨੂੰ
ਕਰ ਸਕਾਂ
ਆਪਣੀਆਂ ਸਤਰਾਂ 'ਚ
ਕੈਦ!



## ਮੈਂ ਕਦੇ ਨਹੀਂ ਡਰਦੀ ਸੀ / ਗੁਰਬਰਿੰਦਰ ਕੌਰ ਧਾਲੀਵਾਲ

ਮੈਂ ਨਹੀਂ ਡਰਦੀ ਸੀ
ਹਨੇਰਿਆਂ ਤੋਂ
ਸੁੰਨੇ ਰਾਹਾਂ ਤੋਂ
ਅਨਜਾਣ ਮਨੁੱਖਾਂ ਤੋਂ
ਰਾਹ ਪੁੱਛਦੇ ਰਾਹੀਆਂ ਤੋਂ
ਹੁਣ ਡਰ ਜਾਂਦੀ ਹਾਂ
ਉੱਚੀ ਰਿੰਗਟੋਨ ਤੋਂ
ਕਾਰ ਦੇ ਹਾਰਨ ਤੋਂ
ਜ਼ੋਰ ਦੀ ਮਾਰੀ ਬਰੇਕ ਤੋਂ
ਤੇ ਕਦੇ ਕਦੇ
'ਗੁੱਸੇ ਨਾਲ
ਵੇਖਦੇ ਚਿਹਰੇ ਤੋਂ ਵੀ'

ਪੁੱਛਾਂਗੀ ਹਾਣ ਦਿਆਂ ਤੋਂ
ਕੀ ਇਹ ਵੱਧਦੀ
ਉਮਰ ਦੇ
ਸੰਕੇਤ ਤਾਂ ਨਹੀਂ ?

ਮੈਂ ਕਦੇ ਨਹੀਂ ਡਰਦੀ ਸੀ
ਰਾਹ ਕੱਟ ਜਾਣ ਵਾਲੀ
ਬਿੱਲੀ ਤੋਂ
ਪਿੱਛੋਂ ਮਾਰੀ ਆਵਾਜ਼ ਤੋਂ
ਕੰਮ ਤੇ ਜਾਣ ਵੇਲੇ
ਵੱਜੀ ਛਿੱਕ ਤੋਂ
ਪਰ ਹੁਣ ਡਰ ਜਾਂਦੀ ਹਾਂ
ਮਾੜੇ ਆਏ ਸੁਪਨੇ ਤੋਂ
ਤੇ ਸੁਪਨੇ ਵਿਚ ਦਿੱਸੇ ਸੱਪ ਤੋਂ
ਮਰਿਆਂ ਹੋਇਆਂ ਦੇ
ਸੁਪਨੇ ਵਿਚ ਦਿਸਣ ਤੋਂ
ਪੁੱਛਾਂਗੀ ਹਾਣ ਦਿਆਂ ਤੋਂ
ਕੀ ਇਹ ਬੀਤ




ਰਹੀ ਜ਼ਿੰਦਗੀ ਦੀ
ਬੇਵਸਾਹੀ ਤਾਂ ਨਹੀਂ ?

ਮੈਂ ਕਦੇ ਨਹੀਂ ਡਰਦੀ ਸੀ
ਮੰਗਲਵਾਰ
ਕੇਸੀ ਨਹਾਉਣ ਤੋਂ
ਵੀਰਵਾਰ ਕਪੜੇ ਧੋਣ ਤੋਂ
ਰਾਹ ਪਈ ਜੁੱਤੀ ਤੋਂ
ਪਰ ਹੁਣ ਡਰ ਜਾਂਦੀ ਹਾਂ
ਕੱਚ ਦੇ ਗਲਾਸ ਟੁੱਟਣ ਤੋਂ
ਬਿਜਲੀ ਦੀ
ਗੜਗੜਾਹਟ ਤੋਂ
ਮਾਮੇ ਭਾਣਜੇ ਦੇ
ਇੱਕਠੇ ਬਹਿਣ ਤੋਂ

ਪੁੱਛਾਂਗੀ ਹਾਣ ਦਿਆਂ ਤੋਂ
ਕੀ ਇਹ ਰਿਸ਼ਤਿਆਂ ਦੇ
ਤਿੜਕਣ ਦਾ
ਡਰ ਤਾਂ ਨਹੀਂ ?

ਤੇ ਮੈਂ ਹੁਣ ਡਰ ਜਾਂਦੀ ਹਾਂ....



## ਮੇਰੇ ਜਜ਼ਬਾਤ / ਕੁਲਵਿੰਦਰ ਕੁਮਾਰ



ਤੈਨੂੰ ਦਿਲ ਤੋਂ
ਸੀ ਚਾਹਿਆ ਮੈਂ
ਪਰ ਮੇਰਾ ਪਿਆਰ
ਤੈਨੂੰ ਸਮਝ ਨਹੀ ਆਇਆ
ਮੇਰੇ ਭੋਲੇ-ਭਾਲੇ
ਦਿਲ ਨੂੰ ਤੋੜ ਦਿੱਤਾ
ਮੇਰੇ ਜਜ਼ਬਾਤਾਂ ਨੂੰ
ਤੂੰ ਰੋਲ ਦਿੱਤਾ

ਮੇਰੀ ਮਜਬੂਰੀ ਨੂੰ
ਮੇਰੀ ਕਮਜ਼ੋਰੀ
ਸਮਝ ਲਈ
ਨੇੜੇ ਰਹਿ ਕੇ ਵੀ
ਆਪਣੇ ਵਿੱਚ
ਦੂਰੀ ਬਣ ਗਈ
ਲੋਕਾਂ ਦੀਆਂ
ਗੱਲਾਂ ਵਿੱਚ ਆ ਕੇ
ਜਿੰਦਗੀ ਮੇਰੀ ਨੂੰ ਤੂੰ
ਖਤਮ ਕਰ ਦਿੱਤਾ
ਤਾਜ ਮਹਿਲ ਸੀ
ਜੋ ਮੇਰੇ ਸੁਪਨਿਆਂ ਦਾ
ਬਣਨ ਤੋਂ ਪਹਿਲਾ ਹੀ
ਤੂੰ ਡੇਗ ਦਿੱਤਾ
ਭਰੋਸਾ ਸੀ ਮੇਰਾ
ਪਿਆਰ ਉਪਰ,
ਉਹ ਵੀ ਅੱਜ ਹੈ
ਤੂੰ ਤੋੜ ਦਿੱਤਾ।

## ਤਿੰਨ ਕਵਿਤਾਵਾਂ / ਸ਼ੰਕਰਾਨੰਦ



### ਮੁਹਾਵਰੇ

ਇਹ ਕਿੰਨਾ ਅਜੀਬ ਹੈ ਕਿ
ਜਦੋਂ ਵੀ ਮੈਂ ਕਿਸੇ ਨੂੰ ਬੁਲਾਉਂਦਾ ਹਾਂ
ਤਾਂ ਉਹ ਜਵਾਬ ਮੁਹਾਵਰਿਆਂ ਵਿੱਚ
ਦਿੰਦਾ ਹੈ

ਉਹ ਮੁਹਾਵਰੇ ਅਸਲ ਵਿਚ ਜਾਲ ਹੁੰਦੇ ਨੇ
ਜੋ ਕਿਸੇ ਪੰਛੀ ਨੂੰ ਫਸਾਉਣ ਦੇ ਕੰਮ
ਆਉਂਦੇ ਨੇ
ਮੈਂ ਪੰਛੀ ਨਹੀਂ ਮਨੁੱਖ ਹਾਂ
ਉਲਝਿਆ ਹੋਇਆ ਦਿਨ ਰਾਤ

ਬੋਲਦਾ ਹਾਂ ਉਦੋਂ ਵੀ
ਤੇ ਚੁੱਪ ਰਹਿੰਦਾ ਹਾਂ ਉਦੋਂ ਵੀ
ਉਮੀਦ ਹਮੇਸ਼ਾ ਇਹੀ ਹੁੰਦੀ ਹੈ ਕਿ
ਜੇ ਮੈਂ ਕਿਸੇ ਤੋਂ
ਇਕ ਗਲਾਸ ਪਾਣੀ ਮੰਗਿਆ ਹੈ ਤਾਂ
ਜਵਾਬ ਵਿੱਚ ਉਹ ਪਾਣੀ ਹੀ ਦੇਵੇਗਾ

ਪਰ ਉਹ ਹੈ ਕਿ ਮੁਸਕਰਾਉਂਦੇ ਹੋਏ
ਮੱਛੀ ਦਾ ਮੁਹਾਵਰਾ ਸੁਣਾ ਦਿੰਦਾ ਹੈ।

### ਰੋਟੀ

ਰੋਟੀ ਹਮੇਸ਼ਾ ਦੋਹਾਂ
ਹੱਥਾਂ ਨਾਲ ਬਣਦੀ ਹੈ
ਚਾਹੇ ਆਟਾ ਗੁੰਨ੍ਹਣਾ ਹੋਵੇ
ਜਾਂ ਰੋਟੀ ਬੇਲਣਾ
ਜੇ ਇਕ ਹੱਥ ਅੱਡ ਹੋ ਜਾਏ
ਤਾਂ ਮੁਸ਼ਕਿਲ ਹੈ ਰੋਟੀ ਪਕਾਉਣਾ
ਇਹ ਅੱਜ ਦੀ ਨਹੀਂ
ਸਦੀਆਂ ਪੁਰਾਣੀ ਆਦਤ ਹੈ

ਪਰ ਹੁਣ ਚੀਜ਼ਾਂ
ਬਹੁਤ ਬਦਲ ਰਹੀਆਂ ਨੇ
ਦੋ ਹੱਥ ਕਦੋਂ ਦੋ ਦੇਸ਼ਾਂ ਵਿੱਚ ਬਦਲ
ਜਾਂਦੇ ਨੇ
ਇਸਦਾ ਪਤਾ ਹੀ ਨਹੀਂ ਲੱਗਦਾ
ਵੰਡ ਦੀ ਕੰਧ ਦੇ ਵਿਚਾਲੇ
ਭੁੱਖ ਤੜਪਦੀ ਹੈ

ਕੁਝ ਲੋਕਾਂ ਕੀ ਜਿੱਦ ਹੈ ਕਿ
ਹੱਥ ਅੱਡ ਰਹਿਣ ਤੇ ਰੋਟੀ
ਬਣਾਉਣ....

### ਉਮੀਦ

ਜੇ ਰੋਜ਼ ਸਵੇਰ ਹੁੰਦੀ ਹੈ ਤਾਂ
ਇਹ ਉਮੀਦ ਦੇ ਲਈ ਇਕ ਨਵਾਂ
ਦਿਨ ਹੈ
ਕੱਲ੍ਹ ਦੀਆਂ ਅਧੂਰੀਆਂ ਗੱਲਾਂ
ਅੱਧੀ ਰੰਗੀ ਹੋਈ ਕਾਗਜ਼ ਤੇ
ਫੁਲਕਾਰੀ
ਛੁੱਟੀ ਹੋਈ ਜਮੀਨ
ਬੀਜਣ ਲਈ ਬਚੇ ਹੋਏ ਬੀਜ
ਕੱਲ੍ਹ ਦੇ ਸੁੰਨੇ ਦਰਵਾਜੇ
ਸਭ ਉਮੀਦ ਨਾਲ ਜਾਗੇ ਹੋਏ ਨੇ

ਕਿਤੇ ਵੀ ਕੋਈ
ਕੁੰਡਾ ਖੜਕਾਉਂਦਾ ਹੈ
ਤਾਂ ਇਹੀ ਲੱਗਦਾ ਹੈ ਕਿ
ਕੋਈ ਖੜ੍ਹਾ ਹੈ ਦਹਿਲੀਜ਼ ਤੇ
ਉਹ ਹੋਵੇ ਜਾਂ ਨਾ ਹੋਵੇ
ਇਸ ਨਾਲ ਫ਼ਰਕ ਨਹੀਂ ਪੈਂਦਾ
ਬੱਸ ਅੱਖਾਂ ਦੀ ਚਮਕ ਦਾ
ਬਰਕਰਾਰ ਰਹਿਣਾ ਜ਼ਰੂਰੀ ਹੈ...।

**ਅਨੁ. ਅ.ਕ.**

## ਤੂੰ ਕਿਹਾ ਸੀ / ਆਰਤੀ ਕੁਮਾਰੀ

ਮੇਰੇ ਹੱਥਾਂ ਨੂੰ ਆਪਣੇ
ਹੱਥਾਂ ਵਿਚ ਫੜੀ
ਤੂੰ ਕਿਹਾ ਸੀ ਇਕ ਦਿਨ
ਕਿ ਜੁਦਾਈ ਦੀਆਂ
ਸਾਰੀਆਂ ਲਕੀਰਾਂ
ਆਪਣੀ ਹਥੇਲੀ ਤੋਂ
ਮਿਟਾ ਦਿੱਤੀਆਂ ਨੇ ਤੂੰ
ਤੇ ਡੋਹਲ ਦਿੱਤਾ ਸੀ ਉਸ ਸਮੇਂ
ਅਚਾਨਕ ਸਾਰਾ ਅਣਕਿਹਾ ਪਿਆਰ
ਛੋਹ ਲਿਆ ਸੀ ਗਹਿਰਾਈ ਤਕ
ਮੇਰੇ ਸੰਵੇਦਨ ਮਨ ਨੂੰ ਤੂੰ
ਤੇ ਛੇੜ ਦਿੱਤੀ ਸੀ ਕੰਬਣੀ
ਮੇਰੇ ਰੋਮ ਰੋਮ ਵਿੱਚ
ਮੇਰੀ ਉਂਗਲੀਆਂ ਵਿਚ ਬੰਨ੍ਹ ਕੇ
ਕਰ ਲਿਆ ਸੀ ਤੂੰ
ਖਾਮੋਸ਼ੀ ਨਾਲ ਇਕ ਵਾਦਾ
ਤੇ ਦੌੜ ਗਿਆ ਸੀ
ਮੇਰੀਆਂ ਰਗਾਂ ਵਿੱਚ
ਖੁਸ਼ੀ ਦਾ ਬਸੰਤ
ਤੇਰੀ ਛੋਹ ਦੇ ਨਿੱਘ ਵਿੱਚ
ਪਿਘਲਦੀ ਰਹੀ ਮੈਂ ਦੇਰ ਤੱਕ
ਤੇ ਟਿਕਾ ਦਿੱਤਾ ਸੀ
ਸਿਰ ਆਪਣਾ
ਤੇਰੇ ਮੋਢੇ ਤੇ
ਜਿਵੇਂ ਕਰਦੀ ਹੈ ਧੁੱਪ
ਆਰਾਮ ਬਿਰਖ ਦੀਆਂ ਟਾਹਣੀਆਂ ਤੇ
ਤੇ ਪਰਤ ਆਉਂਦੀਆਂ ਨੇ ਚਿੜੀਆਂ
ਆਪਣੇ ਆਹਲਣਿਆਂ ਵਿੱਚ..।



## ਕਹਾਣੀ / ਛੋਟਾ ਮਿਸਤਰੀ / ਸਵਾਮੀ ਸਰਬਜੀਤ

ਜੂਨ ਮਹੀਨੇ ਦੀ ਤਪਦੀ ਸਵੇਰ। ਸਾਝਰੇ ਹੀ ਘਰ ਵਿੱਚ ਰਾਮ-ਰੌਲ਼ਾ ਜਿਹਾ ਪੈ ਗਿਆ। ਘਰ ਦੀਆਂ ਟੂਟੀਆਂ ਵਿੱਚੋਂ ਪਾਣੀ ਆਉਣਾ ਬੰਦ ਹੋ ਗਿਆ ਕਿਉਂਕਿ ਪਾਣੀ ਦੀ ਟੈਂਕੀ ਖ਼ਾਲੀ ਹੋ ਗਈ ਸੀ। ਜਦ ਮੋਟਰ ਚਲਾਈ ਤਾਂ ਉਹ ਜਵਾਬ ਦੇ ਗਈ। ਅਜੇ ਮੋਟਰ ਦੀਆਂ ਤਾਰਾਂ ਦੀ ਫਰੋਲ਼ਾ-ਫਰਾਲ਼ੀ ਹੀ ਕਰ ਰਹੇ ਸਾਂ ਕਿ ਬਾਪੂ ਜੀ ਦੀ ਤਬੀਅਤ ਵਿਗੜ ਗਈ। ਉਹ ਔਖੇ-ਭਾਰੇ ਜਿਹੇ ਸਾਹ ਲੈਣ ਲੱਗ ਪਏ। ਬਾਪੂ ਜੀ ਦੀ ਵਿਗੜਦੀ ਸਿਹਤ ਵੇਖ ਕੇ, ਸਾਰੇ ਟੱਬਰ ਦੇ ਹੱਥ-ਪੈਰ ਫੁੱਲ ਗਏ।



ਬਾਕੀ ਸਾਰਾ ਕੰਮਕਾਰ ਵਿੱਚੇ ਛੱਡ-ਛਡਾ ਕੇ, ਅਸੀਂ ਬਿਨਾਂ ਮੂੰਹ-ਹੱਥ ਧੋਤੇ, ਬਾਪੂ ਜੀ ਨੂੰ ਸ਼ਹਿਰ ਦੇ ਇੱਕ ਨਾਮੀਂ ਅਤੇ ਵੱਡੇ ਪ੍ਰਾਈਵੇਟ ਹਸਪਤਾਲ ਵਿੱਚ ਲੈ ਆਏ। ਡਾਕਟਰਾਂ ਨੇ ਫਟਾਫਟ ਚੈਕਅਪ ਕੀਤਾ ਤੇ ਆਖਿਆ "ਮਾਈਨਰ ਹਾਰਟ-ਅਟੈਕ ਸੀ।" ਮੁੜ ਅਸੀਂ ਬਾਪੂ ਜੀ ਨੂੰ ਸਾਂਭਣ ਵਿੱਚ ਤੇ ਟੈਸਟ ਵਗੈਰਾ ਕਰਵਾਉਣ ਵਿੱਚ ਰੁੱਝ ਗਏ।

ਸਵੇਰੇ-ਸਾਝਰੇ ਹੀ ਆਹ ਦੋ ਘਟਨਾਵਾਂ ਵਾਪਰਨ ਕਰਕੇ, ਮੇਰਾ ਮਨ ਉੱਖੜ ਜਿਹੇ ਗਿਆ ਸੀ। ਮੈਂ ਆਪਣੇ ਮੁੰਡੇ ਡਾਲਰ ਤੇ ਛੋਟੇ ਭਰਾ ਤੇਜੀ; ਦੋਹਾਂ ਨੂੰ ਹਸਪਤਾਲ ਬਾਪੂ ਜੀ ਕੋਲ਼ ਛੱਡ ਕੇ, ਆਪ ਵਾਪਸ ਘਰ ਪਰਤ ਆਇਆ। ਘਰੇ ਆ ਕੇ ਮੁਸੀਬਤ ਫੇਰ ਮੂੰਹ ਅੱਡੀਂ ਖੜ੍ਹੀ ਸੀ। ਮੋਟਰ ਅਜੇ ਵੀ ਬੰਦ ਈ ਪਈ ਸੀ। ਘਰੇ ਪਾਣੀ ਦੀ ਛਿੱਟ ਵੀ ਨਹੀਂ ਸੀ। ਜਿਹੜਾ ਮਾੜਾ-ਮੋਟਾ ਪਾਣੀ ਪਹਿਲਾਂ ਪਿਆ ਸੀ, ਉਹ ਵੀ ਘਰਦਿਆਂ ਨੇ ਵਰਤ ਲਿਆ ਸੀ। ਮੇਰੇ ਪਤਨੀ ਤੇ ਬੇਟੀ ਗੁਆਂਢੀਆਂ ਘਰੋਂ 2 ਕੁ ਬਾਲਟੀਆਂ ਪਾਣੀ ਭਰ ਲਿਆਈਆਂ। ਮੈਂ ਮੂੰਹ-ਹੱਥ ਧੋਤਾ, ਨਾਸ਼ਤਾ ਕੀਤਾ ਤੇ ਕਿਸੇ ਪਲੰਬਰ ਨੂੰ ਲੱਭਣ ਤੁਰ ਪਿਆ।

ਅਜੇ ਘਰੋਂ ਨਿਕਲ਼ਿਆ ਹੀ ਸਾਂ ਕਿ ਗੁਆਂਢੀ ਗੁਰਦੇਵ ਸਿੰਘ ਨੇ ਖੜ੍ਹਾ ਲਿਆ, "ਬਾਪੂ ਕਿਮੇਂ ਆ ਹੁਣ?"

"ਠੀਕ ਆ ਹੁਣ ਤਾਂ.... ਬਾਕੀ ਅਜੇ ਟੈਸਟ-ਟੁਸਟ ਜੇ ਕਰੀਂ ਜਾਂਦੇ ਸੀ.... ਸਾਰੀਆਂ ਰਿਪੋਰਟਾਂ ਆਈਆਂ ਤੋਂ ਈ ਪਤਾ ਲੱਗੂ ਸਾਰੀ ਕਹਾਣੀ।" ਮੈਂ ਸੰਖੇਪ ਵਿੱਚ ਗੱਲ ਨਬੇੜੀ।

"ਉਂਝ ਆਂਹਦੇ ਕੀ ਆ ਡਾਕਟਰ?"

"ਆਂਹਦੇ ਤਾਂ ਹਾਰਟ ਅਟੈਕ ਸੀ।"

"ਹਾਰਟ ਅਟੈਕ??"

"ਆਹੋ, ਮਾਈਨਰ ਈ ਕਿਹਾ ਡਾਕਟਰਾਂ ਨੇ ਤਾਂ...।"

"ਯਰ ਚੰਗੇ-ਭਲੇ ਤਾਂ ਹੈਗੇ ਆ ਬਾਪੂ ਜੀ..! ਹਾਰਟ ਅਟੈਕ ਆਲ਼ੀ ਕੋਈ ਗਲ ਜੀ ਲਗਦੀ ਤਾਂ ਹੈ ਨ੍ਹੀਂ..!!"

"ਹਾਂ, ਹੈਗੇ ਤਾਂ ਚੰਗੇ-ਭਲੇ ਈ ਐ.... ਪਰ ਕੀ ਕਹੀਏ...! ਹੁਣ ਜਦ ਡਾਕਟਰ ਕਹੀ ਜਾਂਦੇ ਆ..!"

"ਭਲਾਂ ਪਹਿਲਾਂ ਵੀ ਕਦੇ ਤਕਲੀਫ ਹੋਈ ਐ?"

"ਛਾਤੀ 'ਚ ਤਾਂ ਨ੍ਹੀਂ ਕਦੇ ਦਰਦ ਹੋਇਆ ਪਹਿਲਾਂ.... ਊਂ ਗੈਸ ਦੀ ਪ੍ਰਾਬਲਮ ਰਹਿੰਦੀ ਆ ਉਨ੍ਹਾਂ ਨੂੰ.... ਸਵੇਰੇ ਨਿਰਣੇ ਕਾਲਜੇ ਆਲ਼ਾ ਕੈਪਸੂਲ ਵੀ ਲੈਂਦੇ ਆ.... ਜਿੱਦਣ ਨਾ ਲੈਣ ਓਦਣ ਏ ਘਬਰਾਹਟ ਜੀ ਮੰਨਣ ਲੱਗ ਪੈਂਦੇ ਆ... ਆਹ ਹਾਰਟ ਆਲ਼ੀ ਤਾਂ ਕਦੇ ਕੋਈ ਗੱਲ ਨ੍ਹੀਂ ਹੋਈ.... ਬਾਕੀ ਯਰ, ਅੱਜਕੱਲ੍ਹ ਬੀਮਾਰੀਆਂ ਦਾ ਸਾਲ਼ਾ ਪਤਾ ਵੀ ਨ੍ਹੀਂ ਲਗਦਾ ਬੀ ਕਦੋਂ ਕਿਹੜੀ...!!"

"ਪਤਾ ਤਾਂ ਡਾਕਟਰਾਂ ਦਾ ਵੀ ਨ੍ਹੀਂ ਲਗਦਾ ਅਜਕੱਲ੍ਹ...! ਊਈਂ ਸੂਲ਼ ਦੀ ਸੂਲ਼ੀ ਬਣਾ ਦਿੰਦੇ ਆ ਪੈਸੇ ਕਢਾਉਣ ਦੇ ਮਾਰੇ..!!"

"ਕੀ ਕਹੀਏ!! ਪਰ ਹੁਣ ਡਾਕਟਰਾਂ ਨਾਲ਼ ਜਿਦਿਆ ਵੀ ਤਾਂ ਨ੍ਹੀਂ ਜਾਂਦਾ...!"

"ਹਾਂ ਇਹ ਤਾਂ ਹੈ.... ਚੱਲ ਕੋਈ ਨਾ... ਬਾ'ਗੁਰੂ ਭਲੀ ਕਰੂ...।"

"ਆਹੋ ਉਹਦੇ 'ਤੇ ਈ ਡੋਰਾਂ.... ਮੈਂ ਬੱਸ ਜਾਨਾਂ ਹਸਪਤਾਲ, ਪਰ ਪਹਿਲਾਂ ਪਲੰਬਰ ਲਿਆਮਾਂ ਭਾਲ਼ ਕੇ।"

"ਕਿਉਂ ਕੀ ਹੋ ਗਿਆ?"

"ਪਤਾ ਨ੍ਹੀਂ ਯਰ, ਮੋਟਰ ਪਾਣੀ ਓ ਨ੍ਹੀਂ ਚੱਕ ਰਹੀ। ਸਵੇਰੇ ਈ ਮੇਰੇ ਸਾਲ਼ੇ ਦੀ ਭਸੂੜੀ ਪੈਗੀ.... ਓਧਰੋਂ ਮੋਟਰ ਖੜ੍ਹਗੀ, ਓਧਰੋਂ ਬਾਪੂ ਜੀ.... ਚਲ ਮੈਂ ਦੇਖਦਾਂ...।"

"ਕੋਈ ਲੋੜ ਹੋਈ ਤਾਂ ਦੱਸੀਂ...।"

"ਹਾਂ-ਹਾਂ, ਕੋਈ ਨ੍ਹੀਂ...।" ਫ਼ਤਹਿ ਬੁਲਾ ਕੇ ਮੈਂ ਤੁਰ ਪਿਆ।

ਤੁਰ-ਫਿਰ ਕੇ ਪਲੰਬਰ ਨਾ ਲੱਭਿਆ ਤਾਂ ਮੈਂ ਇਹ ਸੋਚ ਕੇ, ਇੱਕ ਵੱਡੀ ਸਾਰੀ ਹਾਰਡਵੇਅਰ ਵਾਲ਼ੀ ਦੁਕਾਨ 'ਤੇ ਚਲਾ ਗਿਆ ਕਿ 'ਉਨ੍ਹਾਂ ਕੋਲੋਂ ਤਾਂ ਕਿਸੇ ਮਿਸਤਰੀ ਦਾ ਨੰਬਰ ਜਾਂ ਥਹੁ-ਟਿਕਾਣਾ ਲੱਭ ਈ ਜਾਊ।' ਮੈਂ ਜਾ ਕੇ ਦੁਕਾਨ ਵਾਲ਼ੇ ਨੂੰ ਆਪਣੀ ਸਮੱਸਿਆ ਦੱਸੀ ਤਾਂ ਦੁਕਾਨ ਦੇ ਮਾਲਕ ਨੇ, ਦੁਕਾਨ ਵਿੱਚ ਹੀ ਬੈਂਚ 'ਤੇ ਬੈਠੇ ਇੱਕ ਬੰਦੇ ਵੱਲ੍ਹ ਇਸ਼ਾਰਾ ਕਰ ਦਿੱਤਾ ਜਿਹੜਾ ਕਿ ਪਲੰਬਰ ਸੀ। ਉਹ ਤਾਂ ਮੋਬਾਇਲ ਵਿੱਚ ਖੁੱਭਿਆ ਬੈਠਾ ਸੀ। ਉਹਨੇ ਮੋਬਾਇਲ 'ਤੇ ਕੋਈ ਵੀਡਿਓ ਦੇਖਦੇ-ਦੇਖਦੇ ਨੇ, ਮੇਰੀ ਗੱਲ ਸੁਣੀ। ਮੇਰੀ ਗੱਲ ਸੁਣ ਕੇ ਬੇਪਰਵਾਹ ਜਿਹਾ ਹੋ ਕੇ ਆਖਣ ਲੱਗਾ, "ਕੋਈ ਨ੍ਹੀਂ ਜੀ, ਸ਼ਾਮ ਨੂੰ ਮਾਰੂੰ ਗੇੜਾ ਮੈਂ...।" ਅਤੇ ਮੁੜ ਫੇਰ ਮੋਬਾਇਲ ਵਿੱਚ ਰੁੱਝ ਗਿਆ।

"ਓ ਯਰ ਸ਼ਾਮ ਤੱਕ ਤਾਂ ਸਾਰੇ ਟੱਬਰ ਦਾ ਕੂੰਡਾ ਹੋਜੂ.... ਤੂੰ ਹੁਣੇ ਚੱਲ ਮੇਰੇ ਨਾਲ਼...।" ਮੈਂ ਉਹਨੂੰ ਨਾਲ਼ ਈ ਲੈ ਕੇ ਜਾਣਾ ਚਾਹੁੰਦਾ ਸਾਂ ਪਰ ਉਹ ਤਾਂ ਨਾਲ਼ ਤੁਰਨ ਨੂੰ ਰਾਜ਼ੀ ਓ ਨਹੀਂ ਸੀ ਹੋ ਰਿਹਾ। ਫੇਰ ਟਲ਼ਦਾ ਜਿਹਾ ਕਹਿਣ ਲੱਗਿਆ,

ਲੰਮਾ ਹੁੰਦੈ, ਸੋ ਮੈਂ ਉਹਨੂੰ ਆਪਣੇ ਨਾਲ਼ ਈ ਲਿਜਾਉਣ ਦੀ ਠਾਣ ਲਈ। ਮੈਂ ਕਿਹਾ, "ਓ ਯਰ ਮਿਸਤਰੀ, ਘਰੇ ਪਾਣੀ ਜਮਾ ਨ੍ਹੀਂ ਹੈਗਾ। ਗੁਆਂਢੀਆਂ ਤੋਂ ਬਾਲਟੀ ਪਾਣੀ ਦੀ ਮੰਗ ਕੇ ਮਸਾਂ ਡੰਗ ਟਪਾਇਐ। ਤੂੰ ਹੁਣੇ ਚੱਲ ਮੇਰੇ ਨਾਲ਼, ਦੇਖ ਕੇ ਦੱਸ ਕੀ ਬਣਦੈ..!!"

ਮਿਸਤਰੀ ਮੋਬਾਇਲ ਜੇਬ ਵਿੱਚ ਪਾ ਕੇ ਉੱਠ ਤਾਂ ਖਲੋਤਾ ਪਰ ਮੇਰੇ ਮੋਟਰ ਸਾਈਕਲ 'ਤੇ ਬੈਠਣੋ ਇਨਕਾਰੀ ਹੁੰਦਾ ਹੋਇਆ ਬੋਲਿਆ, "ਓ ਜੀ, ਮੈਂ ਤਾਂ ਪਹਿਲਾਂ ਈ ਕਿਸੇ ਨੂੰ ਟੈਮ ਦਈ ਬੈਠਾਂ.... ਤੁਸੀਂ ਚਲੋ, ਬੱਸ ਥੋੜੇ ਪਿੱਛੇ-ਪਿੱਛੇ ਈ ਆ ਗਿਆ ਮੈਂ...।"

"ਓ ਯਰ ਮਿਸਤਰੀ, ਤੂੰ ਕੇਰਾਂ ਮੇਰੇ ਨਾਲ਼ ਤੁਰ ਤਾਂ ਸਹੀ। ਤੂੰ ਕਿਹੜਾ ਹੁਣੇ ਜਾ ਕੇ ਸਮਾਰਨੀ ਐ ਮੋਟਰ, ਬੱਸ ਚੈੱਕ ਏ ਕਰਨੈ.... ਤੂੰ ਮੇਰੇ ਨਾਲ਼ ਏ ਚੱਲ ਬਾਈ ਬਣ ਕੇ... ਜੇ ਕੰਮ ਲੰਮਾ ਹੋਊ ਤਾਂ ਚੈੱਕ ਕਰ ਕੇ ਬਸ਼ੱਕ ਉਹਨੀਂ ਪੈਰੀਂ ਵਾਪਸ ਮੁੜਜੀਂ.... ਪੰਜ ਮਿੰਟਾਂ ਦਾ ਕੰਮ ਐ ਮੇਰੇ ਵੀਰ..।"

ਉਹ ਫੇਰ ਕਹਾਣੀਆਂ ਜਿਹੀਆਂ ਪਾਈ ਗਿਆ।

ਮੈਂ ਕਿਹਾ, "ਤੂੰ ਕੇਰਾਂ ਇੱਕ ਆਰੀਂ ਸਾਡੀ ਮੋਟਰ 'ਤੇ ਨਿਗ੍ਹਾ ਮਾਰਲੈ ਬੱਸ.... ਫੇਰ ਤੂੰ ਜਿੱਥੇ ਹੋਰ ਜਾਣੈ, ਮੈਂ ਆਪ ਜਾ ਕੇ ਛੱਡ ਆਊਂ ਤੈਨੂੰ। ਤੂੰ ਬੈਠ ਆ ਮੇਰੇ ਨਾਲ਼ ਬਾਈ ਬਣਕੇ.... ਧਰਮ ਨਾਲ਼ ਮਿਣਤ ਆਲ਼ੀ ਓ ਗੱਲ ਐ.... ਮੇਰਾ ਬਾਪੂ ਢਿੱਲਾ ਹੋ ਗਿਆ, ਸਵੇਰੇ ਉਹਨੂੰ ਹਸਪਤਾਲ ਛੱਡ ਕੇ ਆਇਆਂ, ਫੇਰ ਮੈਂ ਉਹਦਾ ਵੀ ਪਤਾ ਲੈਣੈ..।"

ਆਹ 'ਬਾਪੂ ਆਲ਼ੀ ਗੱਲ' ਮੈਂ ਊਈਂ, ਹਮਦਰਦੀ ਬਟੋਰਨ ਲਈ ਨਾਲ ਜੜਤੀ ਸੀ। ਅਖ਼ੀਰ ਮਿਸਤਰੀ ਕਹਿੰਦਾ, "ਠੀਕ ਐ ਬਾਈ ਚਲ ਬੜਦਾਂ, ਪਰ ਕੱਲਾ ਚੈੱਕ-ਚੈੱਕ ਕਰਨ ਦਾ ਈ 200 ਰੁਪਈਆ ਲਊਂ.... ਬਾਕੀ ਜੋ ਹੋਰ ਘਾਟ-ਵਾਧ ਹੋਈ, ਉਹ ਵੱਖਰੀ.... ਮੈਂ ਚੈੱਕ ਕਰ ਦਿੰਨਾ, ਜੇ ਐਈਂ ਠੀਕ ਹੋਗੀ ਠੀਕ, ਨਹੀਂ ਜਿਹੜਾ ਵੀ ਸਮਾਨ ਪਊ ਉਹ ਲਿਆਣਦੀਂ, ਮੈਂ ਕਰਦੂੰ.... ਨਹੀਂ ਚੈੱਕ ਕਰ ਕੇ ਫਾਲਟ ਦੱਸਦੂੰ, ਠੀਕ ਜਿਤੋਂ ਮਰਜੀ ਭਾਮੇ ਕਰਵਾਲੀਂ।"

ਪਲੰਬਰ ਨੇ ਆਪਣਾ ਸਕੂਟਰ ਚੁੱਕਿਆ ਤੇ ਨਾਲ਼ ਇੱਕ ਹੋਰ ਮੁੰਡੂ ਜਿਹੇ ਮਿਸਤਰੀ ਨੂੰ ਬਿਠਾ ਕੇ, ਮੇਰੇ ਮੋਟਰਸਾਈਕਲ ਦੇ ਪਿੱਛੇ ਸਕੂਟਰ ਲਾ ਲਿਆ। ਘਰ ਪਹੁੰਚੇ ਤਾਂ ਮੈਂ, ਜਿੱਥੇ ਮੋਟਰ ਦਾ ਪੁਆਇੰਟ ਸੀ, ਓਥੇ ਜਾ ਖੜ੍ਹਿਆ।

"ਐਧਰ ਏ ਆਜੋ....ਐਥੇ ਆ ਮੋਟਰ...।"

ਦੋਵੇਂ ਮਿਸਤਰੀ ਪੈਰ ਜਿਹੇ ਮਲ਼ਦੇ, ਮਸਾਂ-ਮਸਾਂ ਤੁਰਦੇ, ਸਾਡੀ ਕੋਠੀ ਨੂੰ ਉੱਪਰੋਂ-ਥੱਲਿਓਂ ਦੇਖਦੇ ਹੋਏ, ਮੇਰੇ ਵੱਲ੍ਹ ਨੂੰ ਆ ਰਹੇ ਸਨ।

ਮਿਸਤਰੀ ਬੋਲਿਆ, "ਕੋਠੀ 'ਤੇ ਤਾਂ ਖਾਸਾ ਪੈਸਾ ਲਾਇਆ ਸਰਦਾਰ ਜੀ.. !!"

"ਪੂਰੇ ਦੋ ਕਿੱਲੇ ਖਪਗੇ ਇਹਦੇ 'ਤੇ.." ਮੈਂ ਇਹ ਕਹਿਣਾ ਚਾਹੁੰਦਾ ਸਾਂ ਪਰ ਕਹਿ ਨਾ ਸਕਿਆ। ਮੈਂ ਇਕੱਲਾ "ਹੂੰਅ" ਕਹਿ ਕੇ ਸਾਰ ਦਿੱਤਾ।

"ਕਿਉਂ ਸਰਦਾਰ ਜੀ?"

"ਹਾਂ-ਹਾਂ, ਬਾਈ ਖਾਸੇ ਪੈਸੇ ਲੱਗਗੇ।"

"ਕਿੰਨੀ ਕੁ ਥਾਂ ਹੋਊ?"

"ਮੋਟਰ ਤਾਂ ਐਥੇ ਆ.... ਸੁੱਚ ਓਹ ਪਰ੍ਹਾਂ ਲੱਗਿਆ ਹੋਇਐ..!" ਮੈਂ ਉਹਦੀਆਂ ਇਹ ਵਾਧੂ ਦੀਆਂ ਗੱਲਾਂ ਨੂੰ ਬਿਲਕੁਲ ਹੀ ਨਜ਼ਰਅੰਦਾਜ਼ ਕਰਨ ਵਾਲ਼ੇ ਅੰਦਾਜ਼ ਵਿੱਚ ਆਖਿਆ।

"ਪਿੱਛੋਂ ਪਿੰਡ ਕਿਹੜਾ ਬਾਈ ਜੀ ਆਪਣਾ..?" ਮਿਸਤਰੀ ਨੇ ਫੇਰ ਪੁੱਛਿਆ।

ਮੈਨੂੰ ਮਿਸਤਰੀ ਦੇ ਇਹ ਸਾਰੇ ਵਾਧੂ ਜਿਹੇ ਸਵਾਲ ਸੁਣ ਕੇ ਖਿਝ ਜਿਹੀ ਚੜ੍ਹ ਰਹੀ ਸੀ। ਮਨ 'ਚ ਸੋਚਿਆ ਬਈ, "ਜਿਹੜਾ ਕੰਮ ਕਰਨ ਆਇਐਂ, ਉਹ ਨਬੇੜ ਤੇ ਜਾਹ..!!"

ਮੈਨੂੰ ਇਹ ਵੀ ਸੀ ਕਿ 'ਇਹ ਜਲਦੀ ਤੋਂ ਜਲਦੀ ਆਪਣਾ ਕੰਮ ਨਬੇੜਨ ਤੇ ਬੱਸ ਜਾਣ; ਤਾਂ ਕਿ ਮੈਂ ਇੱਧਰੋਂ ਵਿਹਲਾ ਹੋ ਕੇ ਹਸਪਤਾਲ ਜਾ ਸਕਾਂ।'

"ਮੈਂ ਚਾਹ ਦਾ ਕਹਿਨਾਂ, ਇੰਨੇ ਤੁਸੀਂ ਦੇਖਿਓ ਮੋਟਰ...।" ਇੰਨਾ ਕਹਿ ਕੇ ਮੈਂ ਟਲ਼ ਗਿਆ।

ਉਹ ਮੇਨ ਸਵਿੱਚ ਬੋਰਡ ਦੀਆਂ ਤਾਰਾਂ ਚੈੱਕ ਕਰਨ ਲੱਗ ਪਏ। ਜੋੜ ਖੋਲ੍ਹ ਕੇ ਦੁਬਾਰਾ ਲਾਏ।

"ਤਾਰਾਂ ਤਾਂ ਠੀਕ ਐਂ ਜੀ... ਮੋਟਰ 'ਚ ਈ ਫਾਲਟ ਪੈ ਗਿਆ ਕੋਈ।" ਮਿਸਤਰੀ ਨੇ ਅੰਦਰ ਵੱਲ੍ਹ ਨੂੰ ਮੂੰਹ ਕਰ ਕੇ, ਮੈਨੂੰ ਸੁਣਾ ਕੇ ਕਿਹਾ। ਮੁੜ ਆਪਣੇ ਨਾਲ਼ ਆਏ ਦੂਜੇ ਮੁੰਡੂ ਜਿਹੇ ਮਿਸਤਰੀ ਨੂੰ ਕਹਿੰਦਾ, "ਲਿਆ ਕੱਢ ਫੇਰ ਰੈਂਚ, ਜਵੈਂਟ ਵੀ ਚੈੱਕ ਕਰਲੀਏ ਇੱਕ ਆਰੀਂ ਖੋਲ੍ਹ ਕੇ.... ਨਹੀਂ ਮੋਟਰ ਤਾਂ ਫੇਰ ਪੱਟਣੀ ਓ ਪੈਣੀ ਐ।"

ਉਨ੍ਹਾਂ ਦੀਆਂ ਗੱਲਾਂ ਮੇਰੀ ਕੰਨੀਂ ਪੈ ਰਹੀਆਂ ਸਨ ਤੇ ਮੈਨੂੰ 5-7 ਹਜ਼ਾਰ ਦਾ ਖ਼ਰਚਾ ਸਾਫ਼ ਨਜ਼ਰ ਆਉਣ ਲੱਗ ਪਿਆ ਸੀ। ਉਹ ਪਾਈਪ ਜੁਆਇੰਟ ਖੋਲ੍ਹਣ ਲੱਗ ਪਏ। ਜੰਗਾਲ਼ ਲੱਗੇ ਨਟ-ਬੋਲਟ ਉਨ੍ਹਾਂ ਦਾ ਖਾਸਾ ਜ਼ੋਰ ਖਾ ਗਏ।

"ਪਾਣੀ ਪਲਾਇਓ ਜੀ, ਠੰਢਾ ਜਾ..।" ਮੁੰਡੂ ਜਿਹੇ ਮਿਸਤਰੀ ਨੇ ਘਰ ਅੰਦਰ ਵੱਲ੍ਹ ਨੂੰ ਮੂੰਹ ਕਰ ਕੇ ਜ਼ੋਰ ਨਾਲ਼ ਕਿਹਾ ਸੀ।

ਮੈਂ ਫਰਿੱਜ ਖੋਲ੍ਹਿਆ। ਉਸ ਵਿੱਚ ਕੋਈ ਬੋਤਲ ਨਹੀਂ ਸੀ ਭਰੀ ਹੋਈ। ਮੈਂ ਆਪਣੀ ਪਤਨੀ ਨਾਲ਼ ਲੋਹਾ-ਲਾਖਾ ਹੋ ਗਿਆ।

"ਕੋਈ ਨ੍ਹੀਂ, ਗੁਰੀ ਕਿਆਂ ਤੋਂ ਫੜ ਲਿਆਉਨੇ ਆਂ.... ਜਾਈਂ ਰੂਬਲ..।"

ਮੇਰੀ ਬੇਟੀ ਗੁਆਂਢੀਆਂ ਦੇ ਘਰੋਂ ਠੰਢੇ ਪਾਣੀ ਦੀ ਬੋਤਲ ਲੈਣ ਚਲੀ ਗਈ।

ਮੈਂ ਬਾਹਰ ਆਇਆ, "ਓ ਪਾਣੀ ਤਾਂ ਹੈ ਈ ਨ੍ਹੀਂ ਮਿਸਤਰੀ ਜੀ ਘਰੇ, ਤਾਂ ਹੀ ਮੈਂ ਪਿੱਟੀ ਜਾਂਦਾ ਸੀ। ਕੋਈ ਨਾ ਮੰਗਾਇਆ ਗੁਆਂਢੀਆਂ ਦੇ ਘਰੋਂ। ਹਾਂ ਦੱਸੋ ਫੇਰ ਕੀ ਬਣਦੈ?"

"ਮੋਟਰ ਕੱਢਣੀ ਪਊ ਜੀ ਬਾਹਰ, ਵੱਡਾ ਈ ਫਾਲਟ ਐ.... ਰਪੇਅਰ ਨਾਲ਼ ਤਾਂ ਖੜ੍ਹਨੀ ਨ੍ਹੀਂ.... ਨਮੀਓ ਧਰਾਉਣੀ ਪੈਣੀ ਐ.... ਜੇ ਕਿਤੇ ਬੋਰ ਕਰਨਾ ਪੈ ਗਿਆ, ਫੇਰ ਕੰਮ ਹੋਰ ਵਧਜੂ...।"

ਮੇਰੇ ਮੱਥੇ 'ਤੇ ਪਸੀਨਾ ਨਹੀਂ ਤਰੇਲ਼ੀ ਆਈ ਸੀ। ਓਧਰ ਬਾਪੂ ਜੀ ਤੇ ਇੱਧਰ ਮੋਟਰ !! ਖ਼ਰਚੇ ਦਾ ਘਰ ਖੁੱਲ੍ਹ ਰਿਹਾ ਸੀ।

"ਕਿੰਨਾ ਕੁ ਖਰਚਾ ਆਜੂ ਮਿਸਤਰੀ ਜੀ?"

"ਹਜੇ ਤਾਂ ਕੀ ਕਹਿ ਸਕਦੇ ਆਂ ਜੀ.... ਕੰਮ ਦੇਖ ਕੇ ਈ ਪਤਾ ਲੱਗੂ। ਕੇਰਾਂ ਤਾਂ ਪੰਪ ਰਪੇਅਰ ਕਰ ਕੇ ਦੇਖਦੇ ਆਂ.... ਸਰ ਗਿਆ ਤਾਂ ਠੀਕ, ਨਹੀਂ ਜੇ ਬਦਲਣਾ ਪਿਆ ਤਾਂ 20-25 ਹਜਾਰ ਤਾਂ ਮੰਨ ਕੇ ਚੱਲੋ.... ਜੇ ਬੋਰ ਕਰਾਉਣਾ ਪੈ ਗਿਆ ਤਾਂ...।

ਤਦੇ ਮੇਰਾ ਬੇਟਾ ਡਾਲਰ ਬਾਹਰਲਾ ਬੂਹਾ ਵੜਦਿਆਂ ਈ ਬੋਲਿਆ, "ਡੈਡੀ ਤੁਸੀਂ ਘਰੇ ਈ ਰਹਿਗੇ, ਅਸੀਂ ਓਥੇ 'ਡੀਕੀ ਜਾਂਦੇ ਸੀ..!!"

"ਓ ਹੁਣ ਮੋਟਰ ਦਾ ਵੀ ਤਾਂ ਕੋਈ ਬੰਨ੍ਹ-ਸੁੱਬ ਕਰਨਾ ਹੀ ਸੀ...! ਪਾਣੀ ਕੰਨ੍ਹੀਓਂ ਤਾਂ.... ਤੇ ਤੂੰ ਵੀ ਘਰੇ ਈ ਆ ਗਿਆ? ਕੀ ਹੋ ਗਿਆ ਹੁਣ?"

"ਓ ਚਾਚਾ ਓਥੇ ਈ ਐ ਜੀ.... ਓ ਰਿਪੋਰਟਾਂ ਆਗੀਆਂ... ਡਾਕਟਰਾਂ ਨੇ ਦੇਖ ਵੀ ਲਈਆਂ...।"

"ਅੱਛਾ!! ਫੇਰ ਕੀ ਕਹਿੰਦੇ ਹੁਣ ਡਾਕਟਰ?"

"ਓ ਤਾਂ ਕਹਿੰਦੇ ਜੀ, ਅਪਰੇਸ਼ਨ ਕਰਨਾ ਪਊ..।"

'ਅਪਰੇਸ਼ਨ!!!' ਇਹ ਸੋਚਦਿਆਂ ਹੀ ਮੇਰੀ ਤਰੇਲ਼ੀ, ਹੋਰ ਗੂੜ੍ਹੀ ਤੇ ਗਾੜ੍ਹੀ ਹੋ ਗਈ।

"ਐਡੀ ਸਾਲ਼ੀ ਕੀ ਗੱਲ ਹੋਗੀ?" ਮੈਂ ਬੁੜਬੁੜਾਇਆ।

"ਉਹ ਕਹਿੰਦੇ ਜੀ ਹਾਰਟ ਬਲਾਕੇਜ ਹੋਗੀ, ਸਟੈਂਟ-ਸਟੂੰਟ ਪੈਣਗੇ। ਲੀਵਰ 'ਚ ਵੀ ਕਹਿੰਦੇ ਪ੍ਰਾਬਲਮ ਐ..।" ਡਾਲਰ ਨੇ ਸਭ ਸੁਣਿਆ-ਸੁਣਾਇਆ, ਰਟੇ-ਰਟਾਏ ਵਾਂਗ ਆਖ ਦਿੱਤਾ।

"ਐਡੀ ਪ੍ਰਾਬਲਮ ਤਾਂ ਹੋਣੀ ਨ੍ਹੀਂ ਸੀ ਚਾਹੀਦੀ.... ਅੱਗੇ ਤਾਂ ਕਦੇ.... ਚੱਲ ਤੂੰ ਆਹ ਮਿਸਤਰੀਆਂ ਕੋਲ਼ ਖੜ੍ਹ, ਮੈਂ ਜਾ ਕੇ ਆਉਨਾਂ ਹਸਪਤਾਲ।"

"ਫੇਰ ਜੀ ਕਿਵੇਂ ਕਰਨੈ..? ਕੱਢੀਏ ਪੰਪ



ਬਾਹਰ..?" ਮੇਰੇ ਜਾਣ ਦਾ ਸੁਣ ਕੇ ਮਿਸਤਰੀ ਨੇ ਕਾਹਲ਼ੀ ਨਾਲ਼ ਪੁੱਛਿਆ।

"ਦੇਖ ਲਓ, ਜਿਮੇਂ ਲੋਟ ਲਗਦੈ, ਹੁਣ ਪਾਣੀ ਤਾਂ ਚਾਹੀਦਾ ਈ ਐ..." ਮੈਂ ਨਿਰਾਸ਼ ਜਿਹਾ ਹੋ ਕੇ ਕਿਹਾ।

ਰੂਬਲ ਪਾਣੀ ਲੈ ਆਈ ਸੀ। ਮੈਂ ਪਾਣੀ-ਪੀਤਾ। ਠੰਢਾ-ਠਾਰ, ਪਰ ਉਹ ਵੀ ਮੇਰੀ ਤਲਖ਼ੀ ਨੂੰ ਮਿਟਾ ਨਾ ਸਕਿਆ। ਮੈਂ ਇੱਕ ਹੋਰ ਗਲਾਸ ਪੀਤਾ ਤੇ ਫੇਰ ਇੱਕ ਹੋਰ...। ਨਾ ਮੇਰੀ ਤੇਹ ਬੁਝੀ, ਨਾ ਤਲਖ਼ੀ ਮਿਟੀ।

ਮਿਸਤਰੀਆਂ ਨੇ ਆਪੋ ਵਿੱਚ ਸਲਾਹ ਜਿਹੀ ਕੀਤੀ ਤੇ ਫੇਰ ਮੇਨ ਮਿਸਤਰੀ ਆਖਣ ਲੱਗਾ, "ਅਸੀਂ ਫੇਰ ਆਗੇ ਜੀ ਅੱਧੇ ਘੰਟੇ ਨੂੰ.... ਟੂਲ ਚੱਕ ਲਿਆਈਏ ਜਾ ਕੇ।"

ਉਹ ਇੰਨਾ ਕਹਿ ਕੇ ਬਾਹਰ ਨਿਕਲ਼ ਗਏ। ਮੈਂ ਵੀ ਮੋਟਰਸਾਈਕਲ ਚੁੱਕ ਕੇ ਹਸਪਤਾਲ ਜਾਣ ਨੂੰ ਤਿਆਰ ਹੋ ਗਿਆ। ਤਦੇ ਮੇਰੀ ਪਤਨੀ ਮੇਰੇ ਲਾਗੇ ਆ ਖਲੋਤੀ, ਪਿੱਛੇ-ਪਿੱਛੇ ਰੂਬਲ ਵੀ ਆ ਗਈ।

ਪਤਨੀ 'ਅਪਰੇਸ਼ਨ' ਦਾ ਸੁਣ ਕੇ ਡਰ ਜਿਹੇ ਗਈ ਸੀ, ਪੁੱਛਣ ਲੱਗੀ, "ਹੁਣ ਫੇਰ..?"

"ਮੇਰਾ ਤਾਂ ਆਪ ਦਿਲ ਜਾ ਘਬਰਾਈ ਜਾਂਦੈ ਜੀ। ਕੀ ਪਤਾ....?"

"ਓ ਨਹੀਂ-ਨਹੀਂ, ਐ ਤਾਂ ਕੀ ਹੋਜੂ, ਚੰਗੇ-ਭਲੇ ਤੰਦਰੁਸਤ ਤਾਂ ਹੈਗੇ ਆ ਬਾਪੂ ਜੀ.... ਓਹ ਤਾਂ.... ਚਲੋ ਮੈਂ ਵੀ ਥੋਡੇ ਨਾਲ਼ ਚਲਦੀ ਆਂ...।" ਪਤਨੀ ਨਾਲ਼ ਜਾਣ ਲਈ ਤਿਆਰ ਹੋ ਗਈ।

"ਮੰਮੀ ਮੈਂ ਵੀ ਨਾਲ਼ ਜਾਣੈ...।" ਰੂਬਲ ਬੋਲੀ।

ਮੈਂ ਟਾਲ਼ਦੇ ਜਿਹੇ ਆਖਿਆ, "ਤੂੰ ਕੀ ਕਰੇਂਗੀ ਓਥੇ ਰੂਬਲ.... ਤੂੰ ਪੁੱਤ...।"

"ਨਹੀਂ ਡੈਡੀ ਮੈਂ ਬਾਪੂ ਜੀ ਨੂੰ ਦੇਖਣੈ...।" ਰੂਬਲ ਭਾਵੁਕ ਜਿਹੇ ਹੁੰਦਿਆਂ ਬੋਲੀ। ਇਹਦੀ ਬਾਪੂ ਜੀ ਨਾਲ਼ ਚੰਗੀ ਬਣਦੀ ਐ। ਉਹ ਹਰ ਵਾਰ ਇਹਦੇ ਹੱਕ ਵਿੱਚ ਜੋ ਖੜ੍ਹ ਜਾਂਦੇ ਨੇ।

"ਚੱਲ ਫੇਰ...।"

ਮੈਂ ਆਪਣੀ ਪਤਨੀ ਤੇ ਬੇਟੀ ਨੂੰ ਮੋਟਰਸਾਈਕਲ 'ਤੇ ਨਾਲ਼ ਬਠਾ ਕੇ, ਹਸਪਤਾਲ ਪਹੁੰਚਿਆ ਤਾਂ ਦੇਖਿਆ ਬਾਪੂ ਜੀ ਨੂੰ ਆਈ.ਸੀ.ਯੂ. ਵਿੱਚ ਭਰਤੀ ਕੀਤਾ ਹੋਇਆ। ਵੈਂਟੀਲੇਟਰ ਲਾਇਆ ਹੋਇਆ।

ਉਨ੍ਹਾਂ ਨੂੰ ਇੰਝ ਦੇਖਦਿਆਂ ਹੀ ਮੇਰੇ ਤਾਂ ਹੌਲ ਜਿਹਾ ਪੈ ਗਿਆ। ਰੂਬਲ ਰੋਣ ਲੱਗ ਪਈ, ਪਤਨੀ ਦਾ ਵੀ ਮਨ ਜਿਹਾ ਭਰ ਆਇਆ। ਛੋਟਾ ਤੇਜੀ ਸਾਨੂੰ ਹੌਸਲਾ ਦੇ ਰਿਹਾ ਸੀ।

ਡਾਕਟਰਾਂ ਕੋਲ ਗਿਆ ਤਾਂ ਉਹ ਰਿਪੋਰਟਾਂ ਮੇਰੇ ਮੂਹਰੇ ਕਰ ਕੇ ਆਖਣ ਲੱਗੇ, "ਹਾਰਟ ਨੂੰ ਜਾਂਦੀਆਂ ਤਿੰਨੇ ਨਾਲ਼ੀਆਂ ਵਿੱਚ ਬਲਾਕੇਜ ਐ.... ਜੇ ਇੱਕ ਅੱਧੀ ਵੀ ਠੀਕ ਹੁੰਦੀ ਤਾਂ ਸਟੈਂਟ ਪਾ ਕੇ ਕੰਮ ਚੱਲ ਜਾਂਦਾ ਪਰ ਹੁਣ ਤਾਂ ਬਾਈਪਾਸ ਸਰਜਰੀ ਕਰਨੀ ਪਵੇਗੀ। ਲਿਵਰ ਫੰਗਸ਼ਨਿੰਗ ਵੀ ਪ੍ਰੋਪਰ ਨਹੀਂ ਹੈਗੀ। ਸਰਜਰੀ ਤੋਂ ਬਾਅਦ...।" ਹੋਰ ਪਤਾ ਨਹੀਂ ਕੀ-ਕੀ ਕਹੀ ਗਏ। ਮੈਂ ਅਨਪੜ੍ਹਾਂ ਵਾਂਗ ਸਿਰ ਹਿਲਾਈ ਗਿਆ।

"6-7 ਕੁ ਲੱਖ ਅਪਰੋਕਸੀਮੇਟ ਐ... ਇੱਕ ਵਾਰੀ ਐਂਜੀਓਗ੍ਰਾਫ਼ੀ ਕਰ ਲਈਏ.... ਫੇਰ ਬਾਈਪਾਸ ਸਰਜਰੀ ਕਰ ਦੇਵਾਂਗੇ। ਸਾਡੇ ਕੋਲ਼ ਡਾ. ਮਨੋਚਾ ਨੇ.... ਏਸ਼ੀਆ ਵਿੱਚੋਂ ਬੈਸਟ ਡਾਕਟਰ ਨੇ ਬਾਈਪਾਸ ਸਰਜਰੀ ਦੇ।"

ਮੈਂ, ਪਤਨੀ ਤੇ ਬੇਟੀ ਨੂੰ ਓਥੇ ਹੀ ਭਰਾ ਤੇ ਬਾਪੂ ਜੀ ਕੋਲ਼ ਛੱਡ ਕੇ ਘਰ ਆ ਗਿਆ। 6-7 ਲੱਖ ਦੇ ਚਾਣਚੱਕ ਖਰਚੇ ਦਾ ਸੁਣ ਕੇ, ਇੱਕ ਵਾਰ ਤਾਂ ਮੇਰੇ ਪੈਰਾਂ ਥੱਲੋਂ ਜ਼ਮੀਨ ਨਿਕਲ ਗਈ। ਘਰ ਮੁੜਦਿਆਂ, ਗਿਣਤੀਆਂ-ਮਿਣਤੀਆਂ ਜਿਹੀਆਂ ਕਰਦਾ ਆ ਰਿਹਾ ਸਾਂ। ਇੱਕ ਪਲਾਟ ਸੀ, ਉਹ ਵੇਚਣਾ ਪੈਣਾ ਸੀ, ਉਹ ਵੀ ਘਾਟੇ ਵਿੱਚ.... ਊਂਅ ਤਾਂ 10 ਕੁ ਲੱਖ ਵਟਾ ਜਾਂਦਾ ਪਰ ਇਉਂ ਐਮਰਜੰਸੀ ਵਿੱਚ ਤਾਂ 6-7 ਤੋਂ ਨਹੀਂ ਟੱਪਣਾ।

ਘਰ ਪਹੁੰਚਿਆ, ਗੇਟ 'ਤੇ ਰੁਕਦਿਆਂ ਹੀ ਮਿਸਤਰੀਆਂ ਦੇ ਔਜ਼ਾਰ ਖਿੱਲ੍ਹਰੇ ਪਏ ਦੇਖ ਕੇ, ਖ਼ਰਾਬ ਮੋਟਰ ਦਾ ਚੇਤਾ ਆ ਗਿਆ। ਦਿਲ ਹੋਰ ਘਬਰਾ ਜਿਹੇ ਗਿਆ। ਸੋਚਾਂ-ਸੋਚਾਂ ਵਿੱਚ ਪਤਾ ਨਹੀਂ ਲੱਗਾ, ਕਦੋਂ ਬਾਹਰ ਗ਼ਲੀ ਵਿੱਚ ਈ ਮੋਟਰਸਾਈਕਲ ਦਾ ਸਟੈਂਡ ਲਾਇਆ, ਜਿਹੜਾ ਲੱਗਿਆ ਈ ਨਹੀਂ ਸੀ। ਸੋ ਜਦੋਂ ਮੈਂ ਮੋਟਰ ਸਾਈਕਲ ਤੋਂ ਉਤਰਨ ਲੱਗਿਆ ਤਾਂ ਉਹ ਟੇਢਾ ਹੋ ਕੇ ਮੇਰੇ 'ਤੇ ਢਹਿ ਪਿਆ, ਮੈਂ ਬਹੁਤ ਔਖਾ ਸਾਂਭਿਆ। ਪਰ੍ਹਾਂ ਬੋਹੜ ਹੇਠ ਤਖਤਪੋਸ਼ 'ਤੇ ਤਾਸ਼ ਖੇਡਦੇ ਬੰਦਿਆਂ ਵਿੱਚੋਂ ਗੁਰਦੇਵ ਸਿੰਘ ਭੱਜ ਕੇ ਆਇਆ।

"ਓ ਹੋ ਅਜਮੇਰ, ਕੀ ਹੋ ਗਿਆ?"

"ਓ ਕੁਛ ਨਹੀਂ ਬਾਈ, ਸਟੈਂਡ ਈ...।"

"ਕੋਈ ਨਾ, ਕੋਈ ਨਾ...।"

ਉਹਨੇ ਪਹਿਲਾਂ ਮੈਨੂੰ ਸਾਂਭਿਆ, ਫੇਰ ਅੱਧ-ਡਿੱਗੇ ਜਿਹੇ ਮੋਟਰਸਾਈਕਲ ਨੂੰ ਸਮਾਰ ਕੇ, ਸਟੈਂਡ 'ਤੇ ਖੜ੍ਹਾਇਆ, "ਫੇਰ ਕੀ ਕਹਿੰਦੇ ਬਾਪੂ ਜੀ ਦਾ?"

"ਕੁਛ ਨ੍ਹੀਂ ਯਰ, ਕਹਿੰਦੇ ਬਾਈਪਾਸ ਸਰਜਰੀ ਹੋਊ.... ਸਾਲ਼ਾ 7 ਲੱਖ ਦਾ ਖਰਚਾ ਖੜ੍ਹੇ-ਪੈਰ...!!"

"ਬਾਈਪਾਸ ਸਰਜਰੀ? ਕਿਉਂ? ਊਈਂ ਸਾਲ਼ੇ ਪੈਸੇ ਵੱਟਣ ਦੇ ਮਾਰੇ ਕਹੀ ਜਾਂਦੇ ਆ.... ਕੀ ਹੋਇਆ ਬਾਪੂ ਜੀ ਨੂੰ..!!"

"ਉਹੀ ਤਾਂ ਹੈ ਯਾਰ, ਅੱਗੇ ਵੀ ਛਾਤੀ ਜੀ ਮਲਣ ਲੱਗ ਪੈਂਦੇ ਹੁੰਦੇ ਆ..... ਅਸੀਂ ਸੋਚਿਆ ਖੌਰੇ ਢਿੱਡ 'ਚ ਗੈਸ ਕਰ ਕੇ ਹੋਊ.... ਆਹ ਸਾਲ਼ੀ ਨਮੀਓਂ ਬਮਾਰੀ.... ਅੱਜ ਵੀ ਸਵੇਰੇ ਗੋਭੀ ਖਾਧੀ ਸੀ, ਕਿਤੇ ਸਾਲ਼ਾ ਗੈਸ ਕਰ ਕੇ...!"

"ਤੁਸੀਂ ਐਂ ਕਰੋ, ਹਜੇ ਹਾਮੀ ਨਾ ਭਰੋ.... ਆਪਾਂ ਕਿਸੇ ਹੋਰ ਥਾਓਂ ਰਪੋਰਟਾਂ ਕਰਾਉਨੇ ਆਂ... ਸਰਕਾਰੀ ਹਸਪਤਾਲ 'ਚ ਮੇਰਾ ਲਿਹਾਜੀ ਹੈਗਾ ਇੱਕ... ਓਥੇ ਡਾਕਟਰਾਂ ਨੂੰ ਦਖਾ ਦੱਨੇ ਆਂ ਇੱਕ ਆਰੀਂ...।"

ਗੱਲਾਂ ਕਰਦੇ-ਕਰਦੇ ਅੰਦਰ ਆਏ ਤਾਂ ਓਥੇ ਮਿਸਤਰੀਆਂ ਦੇ ਔਜ਼ਾਰ ਜਿਹੇ ਖਿੱਲ੍ਹਰੇ ਵੇਖ ਗੁਰਦੇਵ ਸਿੰਘ ਬੋਲਿਆ, "ਕਿਵੇਂ? ਮੋਟਰ ਆਲ਼ਾ ਮਿਸਤਰੀ ਕੀ ਕਹਿੰਦੈ?"

"ਪਤਾ ਨਹੀਂ ਯਾਰ.... ਕਹਿੰਦੇ ਮੋਟਰ ਪੱਟਣੀ ਪਊ.... ਬੋਰ ਵੀ ਕਰਨਾ ਪੈ ਸਕਦੈ..?"

"ਲੈ ਹਲੇ ਦੋ ਸਾਲ ਤਾਂ ਹੋਏ ਨ੍ਹੀਂ.... ਆਪਾਂ ਕੱਠੇ ਈ ਤਾਂ ਲਵਾਇਆ ਸੀ ਸਬਮਰਸੀਬਲ...।"

"ਹਾਂ... ਪਰ ਮਿਸਤਰੀ ਕਹਿੰਦੈ...।"

"ਓ ਯਰ ਸਾਰੀ ਦੁਨੀਆ ਨੇ ਬੇਈਮਾਨੀ 'ਤੇ ਲੱਕ ਬੰਨ੍ਹਿਆ ਹੋਇਐ.... ਜਿਹੜਾ ਕੁਛ ਅਗਲਾ ਅੱਗੋਂ ਕਹਿ ਦਿੰਦੈ, ਆਪਾਂ ਝੱਟ ਮੰਨ ਲੈਨੇ ਆਂ...।"

"ਓ ਫੇਰ 'ਲਾਜ ਵੀ ਤਾਂ ਨ੍ਹੀਂ ਹੈਗਾ ਹੋਰ..!!" ਮੈਂ ਤਪ ਕੇ ਕਿਹਾ ਸੀ।

"ਤੂੰ ਐਂ ਕਰ.... ਲੈ ਖੜ੍ਹਜਾ ਇੱਕ ਮਿੰਟ... ਇੱਕ ਮਿਸਤਰੀ ਦਾ ਨੰਬਰ ਹੈਗਾ ਸੀ ਮੇਰੇ ਮਬੈਲ 'ਚ.... ਭਾਲ਼ਦਾਂ ਜੇ ਥਿਆ ਗਿਆ ਤਾਂ...।"

ਗੁਰਦੇਵ ਨੇ ਖਾਸਾ ਮੱਥਾ ਜਾ ਮਾਰ ਕੇ ਨੰਬਰ ਲੱਭ ਲਿਆ, ਮਿਸਤਰੀ ਨੂੰ ਫ਼ੋਨ ਕਰਿਆ।

ਤਦੇ ਮੇਰਾ ਮੋਬਾਇਲ ਖੜਕ ਪਿਆ। ਹਸਪਤਾਲੋਂ ਤੇਜੀ ਦਾ ਫ਼ੋਨ ਸੀ।

"ਬਾਈ ਫੇਰ ਕਿਮੇਂ ਕਰਨੈ? ਇਨ੍ਹਾਂ ਨੇ ਹੋਰ ਟੈਸਟ ਜੇ ਵੀ ਕਰਲੇ.... ਕਹਿੰਦੇ ਅਪਰੇਸ਼ਨ ਤਾਂ ਕਰਨਾ ਈ ਪਊ..।"

"ਚਲ ਫੇਰ... ਕਰਾਉਣਾ ਤਾਂ ਪੈਣਾ ਈ ਐ.... ਕੋਈ ਨ੍ਹੀਂ ਮੈਂ ਆ ਕੇ ਕਰਦਾਂ ਗੱਲ...।" ਮੈਂ ਮਸੋਸੇ ਜਿਹੇ ਮਨ ਨਾਲ਼ ਆਖ ਦਿੱਤਾ।

"ਹੁਣ ਕੀ ਹੋ ਗਿਆ?" ਗੁਰਦੇਵ ਸਿੰਘ ਨੇ ਮੇਰੇ ਚਿਹਰੇ 'ਤੇ ਵਧ ਗਈਆਂ ਚਿੰਤਾ ਦੀਆਂ ਰੇਖਾਵਾਂ ਦੇਖ ਕੇ ਪੁੱਛਿਆ।

"ਉਹੀ.... ਕਹਿੰਦੇ ਦੂਜੇ ਟੈਸਟ ਵੀ ਕਰਲੇ... ਅਪਰੇਸ਼ਨ ਦਾ ਕਹਿੰਦੇ ਆ..।"

"ਚੱਲ... ਆਪਾਂ ਸਰਕਾਰੀ ਹਸਪਤਾਲ...।" ਗੁਰਦੇਵ ਸਿੰਘ ਦੀ ਗੱਲ ਮੂੰਹ 'ਚ ਈ ਸੀ ਕਿ ਇੱਕ ਵਡੇਰੀ ਉਮਰ ਦਾ ਮਿਸਤਰੀ, ਸਾਈਕਲ 'ਤੇ ਸਾਡੇ ਬੂਹੇ ਆ ਖੜ੍ਹਿਆ।

"ਲੈ ਆ ਗਿਆ ਉਹ.... ਆਜਾ ਆਜਾ ਬਈ.... ਤੈਨੂੰ ਈ 'ਡੀਕੀ ਜਾਨੇ ਆਂ...।" ਗੁਰਦੇਵ ਸਿੰਘ ਨੇ ਅੱਗੇ ਵਧ ਕੇ, ਉਸ ਵਡੇਰੀ ਉਮਰ ਵਾਲ਼ੇ ਮਿਸਤਰੀ ਨੂੰ ਅੰਦਰ ਆਉਣ ਵਾਸਤੇ ਕਿਹਾ।

ਉਸ ਮਿਸਤਰੀ ਨੇ ਟੈਸਟਰ ਜਿਹਾ ਲਾ ਕੇ ਪਹਿਲਾਂ ਤਾਰਾਂ ਦਾ ਕਰੰਟ ਚੈੱਕ ਕਰਿਆ। ਫੇਰ ਮੋਟਰ ਦੇ ਪਾਈਪ ਦੇ ਨਾਲ਼-ਨਾਲ਼ ਜਾਂਦੀ ਤਾਰ ਨੂੰ ਦੇਖਿਆ। ਫੇਰ ਉਹਨੇ ਪਾਈਪ ਸਣੇ ਮੋਟਰ ਬਾਹਰ ਖਿੱਚ ਲਈ। ਮੋਟਰ ਬਾਹਰ ਕੱਢ ਕੇ ਕਹਿੰਦਾ "ਲੈ ਆਹ ਤਾਂ ਕਨਕੈਸ਼ਨ ਟੁੱਟਿਆ ਪਿਆ।" ਉਹਨੇ ਕਨੈਕਸ਼ਨ ਜੋੜ ਕੇ ਉੱਪਰ ਲਾਲ ਟੇਪ ਲਾ ਦਿੱਤੀ ਤੇ ਫੇਰ ਮੋਟਰ ਥੱਲੇ ਭੇਜ ਦਿੱਤੀ। ਸਵਿੱਚ ਆਨ ਕੀਤਾ। ਮੋਟਰ ਤਾਂ ਚੱਲ ਪਈ ਪਰ ਪਾਣੀ ਨਾ ਚੁੱਕਿਆ।

"ਦੋ ਕੁ ਬਾਲਟੀਆਂ ਪਾਣੀ ਪਾਓ ਜੀ, ਆਪੇ ਮੋਟਰ ਪਾਣੀ ਚੱਕਲੂ...।"

ਅੱਧੀ ਕੁ ਬਾਲਟੀ ਪਾਣੀ ਪਾਈ, ਮੋਟਰ ਨੇ ਪਾਣੀ ਚੁੱਕ ਲਿਆ।

ਮੈਂ ਤਾਂ ਦੇਖ ਕੇ ਨਿਹਾਲ ਹੋ ਗਿਆ, "ਆਹਾਹਾਹਾ.... ਵਾਹ ਬਈ ਮਿਸਤਰੀ ਜੀ, ਆਹ ਤਾਂ ਕਮਾਲ ਕਰਤੀ..।"

"ਕਮਾਲ ਤਾਂ ਕਾਹਦੀ ਐ ਜੀ.... ਤਾਰਾਂ ਟੁੱਟੀਆਂ ਪਈਆਂ ਤੀ.... ਆਪਾਂ ਜੋੜਤੀਆਂ।"

ਤਦੇ ਮੇਰਾ ਫ਼ੋਨ ਖੜਕਿਆ।

"ਬਾਈ, ਇਹ ਤਾਂ ਕਹਿੰਦੇ ਬਈ ਹੁਣੇ ਸਾਨੂੰ ਅਪਰੇਸ਼ਨ ਬਾਰੇ ਕੋਈ ਰੈਅ ਬਣਾ ਕੇ ਦੱਸੋ..!!"

"ਓ ਕੋਈ ਨ੍ਹੀਂ, ਕਹਿਦੇ ਤੂੰ..."

"ਕਾਹਨੂੰ, ਇਹ ਕਹਿੰਦੇ ਬੀ ਜੇ ਲੇਟ-ਫੇਟ ਹੋਏ ਤੋਂ ਕੋਈ ਊਚ-ਨੀਚ ਹੋਗੀ, ਫੇਰ ਸਾਡਾ ਕੋਈ ਮਾਮ-ਦੋਸ਼ ਨ੍ਹੀਂ..।"

"ਓ ਯਰ, ਮੈਂ ਬੱਸ ਆ ਗਿਆ...ਤੂੰ ਐਂ ਕਰ..."

ਰੇਂਜ ਚਲੀ ਗਈ। ਫ਼ੋਨ ਕੱਟਿਆ ਗਿਆ। ਮੇਰਾ ਧਿਆਨ ਮਿਸਤਰੀ ਵੱਲ੍ਹ ਗਿਆ।

"ਹਾਂ ਜੀ ਮਿਸਤਰੀ ਜੀ, ਕੀ ਸੇਵਾ ਕਰੀਏ?"

"ਦੇ ਦੋ ਜੀ, ਜਿਹੜੇ ਦੇਣੇ ਆ ਸੌ-ਪੰਜਾਹ ਆ..।"

'ਸਿਰਫ਼ ਸੌ-ਪੰਜਾਹ??' ਮੈਂ ਉਹਨੂੰ ਡੇਢ ਸੌ ਰੁਪਈਆ ਦੇ ਕੇ ਤੋਰ ਦਿੱਤਾ, ਜਿਹਨੇ ਮੇਰਾ 5-7 ਹਜ਼ਾਰ ਦਾ ਫ਼ਾਇਦਾ ਕਰਵਾ ਦਿੱਤਾ ਸੀ।

"ਲੈ ਯਰ ਆਹ ਤਾਂ ਡੂਢ ਸੌ 'ਚ ਈ ਸਰ ਗਿਆ.... ਉਹ ਮਿਸਤਰੀ ਤਾਂ ਕਹਿੰਦੇ ਸੀ ਬਈ ਮੋਟਰ ਬਦਲਣੀ ਪਊ, ਬੋਰ ਕਰਨਾ ਪਊ... ਸਾਲ਼ਿਆਂ ਨੇ ਬੈਠੇ-ਬੈਠਾਏ 10-15 ਹਜਾਰ ਨੂੰ ਥੁੱਕ ਲਵਾ ਦੇਣਾ ਸੀ..." ਮੈਂ ਇੰਝ ਆਖ ਕੇ ਅਸਲ ਵਿੱਚ ਗੁਰਦੇਵ ਸਿੰਘ ਦਾ ਹੀ ਸ਼ੁਕਰਾਨਾ ਅਦਾ ਕਰ ਰਿਹਾ ਸਾਂ।

"ਊਈਂ ਸਾਲ਼ੇ ਬੈਠੇ-ਬਠਾਏ, ਵੱਡੇ ਮਿਸਤਰੀ ਬਨਣ ਨੂੰ ਫਿਰਦੇ ਨੇ.... ਇੱਕੋ ਆਰੀਂ ਗਾਟਾ ਲਾਹ ਲੈਂਦੇ ਆ ਅਗਲੇ ਦਾ.... ਆਪਣੇ ਤਾਂ ਇਹੋ ਜਿਹੇ ਛੋਟੇ ਮਿਸਤਰੀ ਓ ਲੋਟ ਆਉਂਦੇ ਆ... ਕਿ ਨਹੀਂ...!!" ਗੁਰਦੇਵ ਸਿੰਘ ਨੇ ਰਤਾ ਕੁ ਮੁਸਕਰਾਉਂਦਿਆ ਕਿਹਾ ਸੀ।

"ਆਹੋ-ਆਹੋ, ਵੱਡੇ ਮਿਸਤਰੀ ਆਪਣੀਆਂ ਕਿੱਥੇ ਪੂਰੀਆਂ ਪਾ ਦੇਣਗੇ.... ਆਪਾਂ ਨੂੰ ਤਾਂ ਛੋਟੇ ਮਿਸਤਰੀ ਓ ਪੁੱਗਦੇ ਆ...।"

ਮੇਰਾ ਫ਼ੋਨ ਫੇਰ ਖੜਕਿਆ। ਇਸ ਵਾਰ ਮੇਰੀ ਪਤਨੀ ਨੇ 'ਹੈਲੋ' ਕਿਹਾ ਤਾਂ ਮੈਂ ਸਫ਼ਾਈ ਜਿਹੀ ਦਿੰਦਿਆਂ ਆਖਿਆ, "ਓ ਫੋਨ ਵਿੱਚੇ ਕੱਟਿਆ ਗਿਆ ਸੀ...।"

"ਮੁੜ ਕੇ ਕਰਿਆ ਵੀ ਨਾ...!! ਡਾਕਟਰ, ਨਰਸਾਂ ਸਾਡੇ ਦੁਆਲ਼ੇ ਹੋਏ ਫਿਰਦੇ ਆ... ਫੇਰ ਜੀ ਕਿਮੇਂ ਕਰਨੈ?"


"ਓ ਯਰ, ਮੈਂ ਬੱਸ ਆ ਰਿਹਾਂ.... ਓ ਹਾਂ ਸੱਚ, ਲੈ ਆਪਣੀ ਮੋਟਰ ਚੱਲਗੀ.... ਨਾਲ਼ੇ ਡੂਢ ਸੌ 'ਚ ਸਰ ਗਿਆ.... ਤੁਸੀਂ ਐਂ ਕਰੋ..." ਬੋਲਦੇ-ਬੋਲਦੇ ਪਤਾ ਨਹੀਂ ਮੇਰੇ ਦਿਮਾਗ਼ ਵਿੱਚ ਕੀ ਆਇਆ ਮੈਂ ਕਾਂਟਾ ਬਦਲ ਲਿਆ, "ਓ ਤੁਸੀਂ ਐਂ ਕਰੋ, ਇਨ੍ਹਾਂ ਨੂੰ ਕਹਿਦੋ ਬੀ ਅਸੀਂ ਨ੍ਹੀਂ ਕਰਾਉਣਾ ਅਪਰੇਸ਼ਨ-ਪਰੂਸ਼ਨ, ਮੈਂ ਬੱਸ ਆ ਗਿਆ, ਆ ਗਿਆ.... ਓ ਆਪਾਂ ਕੋਈ ਛੋਟਾ ਮਿਸਤਰੀ ਭਾਲ਼ਦੇ ਆਂ...।"

ਤੇ ਇੰਨਾ ਆਖ ਕੇ ਮੈਂ ਫ਼ੋਨ ਕੱਟਿਆ ਤੇ ਗੁਰਦੇਵ ਸਿੰਘ ਨੂੰ ਨਾਲ ਮੋਟਰਸਾਈਕਲ 'ਤੇ ਬਹਾ ਕੇ ਕਿਹਾ, "ਓ ਯਰ, ਤੇਰੇ ਲਿਹਾਜੀ ਨਾਲ਼ ਕਰ ਗੱਲ, ਜਿਹੜਾ ਸਰਕਾਰੀ ਹਸਪਤਾਲ 'ਚ ਲੱਗਿਆ ਹੋਇਐ...।"

ਫੇਰ ਅਸੀਂ ਦੋਵੇਂ ਵੱਡੇ-ਪ੍ਰਾਈਵੇਟ ਹਸਪਤਾਲ ਵੱਲ੍ਹ ਨੂੰ ਚੱਲ ਪਏ, ਜਿੱਥੋਂ ਹੁਣ ਅਸੀਂ ਬਾਪੂ ਜੀ ਦਾ ਅਪਰੇਸ਼ਨ ਨਹੀਂ ਸੀ ਕਰਾਉਣਾ।

**ਸੰਪਰਕ : 98884-01328**

## ਮੋਈ ਮਿੱਟੀ ਤੇ ਰਿਸ਼ਤੇ / ਪ੍ਰਭਜੋਤ ਸੱਭਰਵਾਲ



ਮੈਂ ਵੀ ਕਲਬੂਤ ਹੋਈ
ਬੰਦ ਹਾਂ
ਮਿੱਟੀ ਆਪਣੀ 'ਚ,

ਉਸ ਕਲਬੂਤ 'ਤੇ
ਕਈ ਲੇਪ ਹੁੰਦੇ
ਰੰਗ ਬੂਟੀਆਂ ਦੇ,

ਮੈਂ ਤਾਂ ਵਲੇਟੀ ਬੈਠੀ ਹਾਂ
ਰਿਸ਼ਤਿਆਂ ਦੀ
ਚਾਸ ਜਹੀ,

ਤੇ ਖੰਡਰ ਹੋਏ
ਉਹਨਾਂ ਦੇ ਸੱਚ,
ਭਰ ਅੱਖਾਂ 'ਚ

ਘੰਟਿਆਂ ਬੱਧੀ
ਬੈਠ ਚੁੱਪ ਏਕਾਂਤ 'ਚ
ਆਪਣੇ ਆਪ 'ਚ ਗੁੰਮ
ਤੱਕਦੀ ਰਹਿੰਦੀ ਹਾਂ
ਤਾਬੂਤ ਹੋਈ .......
ਜ਼ਿੰਦਗੀ ਦੀ ਰਾਹ ਵੱਲ,

ਕਦੇ ਤਾਂ ਕੋਈ ਖੋਲ੍ਹ
ਤੱਕੇਗਾ ਇਸ ਬੱਝੀ
ਢੱਕੀ ਰੂਹ ਦੇ ਚਿਹਰੇ ਨੂੰ
ਭਾਵੇਂ ਆਖਰੀ ਵਾਰ,
ਕਬਰ 'ਚ...
ਸੁੱਟਣ ਤੋਂ ਪਹਿਲਾਂ।


## ਦੋ ਅੱਖਾਂ / ਅੰਜੂ ਵੀ ਰੱਤੀ

ਰੱਬ ਦੇ ਬਣਾਏ ਮਨੁੱਖ
ਜ਼ੋ ਵੇਖਣ ਨੂੰ ਇੱਕੋ ਜਿਹੇ ਬੇਸ਼ੱਕ
ਸਾਰੇ ਅੰਗ ਸਮਾਨ
ਖ਼ਾਸ ਕਰਕੇ "ਦੋ ਅੱਖਾਂ"
ਬੇਸ਼ੱਕ ਉਹ ਹੋਣ
ਕਿਸੇ ਗ਼ਰੀਬ ਦੀ ਧੀ ਦੀਆਂ ਜਾਂ
ਕਿਸੇ ਰਈਸ ਸ਼ਹਿਜ਼ਾਦੀ ਦੀਆਂ,
ਐਪਰ ਫਰਕ ਸਿਰਫ
ਵੇਖਣ ਦਾ ਹੈ ਕਿ
ਉਹ ਕੀ ਵੇਖਦੀਆਂ ਜਾਂ
ਵੇਖਣਾ ਚਾਹੁੰਦੀਆਂ ਹਨ,
ਹਾਂ, ਦੋ ਅੱਖਾਂ
ਕਿਸੇ ਅਮੀਰਜ਼ਾਦੀ ਦੀਆਂ
ਸੁਰਮੇ ਨਾਲ ਸਜੀਆਂ ਵੇਖਦੀਆਂ ਨੇ
ਅਕਸਰ ਰੰਗਦਾਰ, ਸ਼ਾਹੀ, ਰੱਜੇ-ਪੁੱਜੇ
ਸੁਪਨੇ 'ਤੇ ਉਹ ਸੁਪਨੇ ਪੂਰੇ ਵੀ ਹੁੰਦੇ ਨੇ
ਬਿਨਾਂ ਰੁਕਾਵਟ,
ਪਰ ਦੋ ਅੱਖਾਂ ਕਿਸੇ ਗਰੀਬ ਧੀ ਦੀਆਂ
ਫਿਕਰਾਂ ਨਾਲ ਸੁੱਕੀਆਂ ,
ਸੁਰਮੇ ਤੋਂ ਸੱਖਣੀਆਂ,
ਲੱਭਦੀਆਂ ਹਨ ਕੂੜੇ ਦੇ ਢੇਰ 'ਚੋਂ
ਫਰੋਲ ਕੇ ਰੋਟੀ ਦਾ ਟੁਕੜਾ,
ਜਾਂ ਵੇਖਦੀਆਂ ਨੇ ਕੱਚੀ ਕੁੱਲੀ ਤੇ
ਛੱਪਰ ਪੈਣ ਦਾ ਸੁਪਨਾ,
ਜਾਂ ਨੰਗਾ ਤਨ ਕੱਜਣ ਲਈ
ਪਾਟੇ-ਪੁਰਾਣੇ ਵਸਤਰ ਦਾ ਸੁਪਨਾ,
ਦੋ ਅੱਖਾਂ ਵੇਖਦੀਆਂ ਨੇ ਸੁਪਨੇ
ਇੱਕੋ ਤਰੀਕੇ ਪਰ
ਸੁਪਨਿਆਂ ਦਾ ਵਿਸ਼ਾ ਇੱਕ ਨਹੀਂ
ਬਹੁਤ ਅੰਤਰ ਹੈ ਜੋ ਕਦੇ ਪੂਰਿਆ ਨਹੀਂ ਜਾ ਸਕਿਆ,
ਤੇ ਸ਼ਾਇਦ ਅਸਮਾਨਤਾ ਦਾ ਕੋਹੜ



ਇਹਨਾਂ ਸੁਪਨਿਆਂ ਦਾ ਫਰਕ
ਖਤਮ ਨਹੀਂ ਹੋਣ ਦੇਵੇਗਾ,
ਦੋ ਅੱਖਾਂ ਕਿਸੇ ਸ਼ਹਿਜ਼ਾਦੀ ਦੀਆਂ,
ਦੋ ਅੱਖਾਂ ਕਿਸੇ ਗਰੀਬ ਧੀ ਦੀਆਂ,
ਹਾਂ... ਦੋ ਅੱਖਾਂ....।

## ਚੱਕ / ਵੰਦਨਾ ਪਰਾਸ਼ਰ



ਔਰਤ
ਗਿੱਲੀ ਮਿੱਟੀ
ਵਾਂਗ ਹੁੰਦੀ ਹੈ
ਕਈ ਵਾਰ
ਕਈ ਰੂਪਾਂ
ਵਿੱਚ ਢਲਦੀ
ਚੱਕ ਤੇ ਉਸ
ਦਾ ਆਕਾਰ
ਕਦੇ ਸਥਾਈ ਨਹੀਂ ਹੁੰਦਾ
ਉਹ ਬਦਲਦੀ ਰਹਿੰਦੀ ਹੈ
ਸਮੇਂ ਦੇ ਹਿਸਾਬ ਨਾਲ
ਕਦੇ ਧੁੱਪ ਕਦੇ ਖਾਈ
ਉਹ ਪੱਕਦੀ ਹੈ ਅੱਗ ਵਿੱਚ
ਅੱਗ ਵਿੱਚ
ਤਪ ਕੇ ਨਿੱਕਲੀਆਂ
ਮੂਰਤੀਆਂ ਵਿੱਚ
ਕੁਝ ਦੇ ਕੰਨ
ਕੁਝ ਦੇ ਮੂੰਹ ਨਹੀਂ ਹੁੰਦੇ
ਹੁੰਦੀਆਂ ਨੇ ਤਾਂ
ਵੱਡੀਆਂ ਵੱਡੀਆਂ ਅੱਖਾਂ
ਜੋ ਝਾਕਦੀਆਂ ਨੇ
ਘੁਮਿਆਰ ਦੀਆਂ
ਅੱਖਾਂ ਵਿੱਚ.......

**ਅਨੁ. ਅ.ਕ.**

## ਤਿੰਨ ਕਵਿਤਾਵਾਂ / ਡਾ. ਯਾਦਵਿੰਦਰ



### ਇੰਤਜ਼ਾਰ

ਉਮੀਦਾਂ ਦਾ ਚੋਗ ਖਿਲਾਰੀ
ਬੈਠੀ ਔਂਸੀਆਂ
ਪਾਉਂਦੀ ਰਹਿੰਨੀ ਹਾਂ
ਕਿ ਕਿਧਰੋਂ ਕਿਤੇ
ਖੁਸ਼ੀਆਂ ਦੀ
ਕੋਈ ਡਾਰ ਆਵੇ
ਤੇ ਜ਼ਿੰਦਗੀ ਦਾ
ਇਹ ਵਿਹੜਾ
ਚਹਿ-ਚਹਾ ਉਠੇ
ਵਰ੍ਹਿਆਂ ਦੀ
ਲੰਮੀ ਉਡੀਕ ਮਗਰੋਂ
ਕੋਈ ਖੁਸ਼ੀ
ਆਉਂਦੀ ਜ਼ਰੂਰ ਏ
ਨਿੱਕੀ ਜਿਹੀ ਪਰ
ਸਹਿਮੀ ਹੋਈ
ਉਸਦੀ ਆਮਦ 'ਤੇ
ਯਕੀਨ ਨੂੰ ਸਾਹ
ਜਿਹਾ ਆ ਜਾਂਦਾ ਏ
ਤੇ ਫੁੱਟ ਪੈਂਦਾ ਏ
ਇੰਤਜ਼ਾਰ ਦੇ
ਚਸ਼ਮਿਆਂ 'ਚੋਂ ਪਾਣੀ
ਉਹ ਇਹਨਾਂ ਪਾਣੀਆਂ 'ਚ
ਚੁੱਭੀਆਂ ਮਾਰਦੀ ਏ
ਤਾਰੀਆਂ ਲਾ-ਲਾ
ਹੰਭ ਜਾਂਦੀ ਏ
ਗਿੱਲੇ ਖੰਭਾਂ ਨੂੰ
ਝਟਕਾਉਂਦੀ ਏ
ਫਿਰ ਨਜ਼ਰਾਂ ਭਰਕੇ
ਮੈਨੂੰ ਤੱਕਦੀ ਏ
ਤੇ ਉੱਡ ਜਾਂਦੀ ਹੈ
ਬਿਨ੍ਹਾਂ ਚੋਗਾ ਚੁਗੇ
ਬਿਨ੍ਹਾਂ ਚਹਿ-ਚਹਾਏ

### ਸ਼ੂਨਯ

ਮੈਂ ਸ਼ੂਨਯ ਹਾਂ
ਤੂੰ ਆਪਣੀ ਕੀਮਤ ਨੂੰ
ਮੇਰੇ ਵਜੂਦ ਦੇ ਨਾਲ
ਗੁਣਾ ਨਾ ਕਰ
ਤਕਸੀਮ ਨਾ ਕਰ
ਜਮਾਂ ਵੀ ਨਾ ਕਰ
ਬਸ ਤਸਲੀਮ ਕਰ
ਤੇ ਫਿਰ ਦੇਖ!

### ਇੱਕ ਸਵਾਲ

ਹੇ ਪੁਰਸ਼!
ਬੇਸ਼ੱਕ
ਮੈਂ ਔਰਤ ਹਾਂ
ਪਰ
ਤੈਥੋਂ ਘੱਟ ਤਾਂ
ਨਹੀਂ ਜ਼ਹੀਨ
ਤੇਰੇ ਬਰੋਬਰ ਹੀ
ਤਾਂ ਸਿਰਜੀ ਹਾਂ
ਇਸ ਕਾਇਨਾਤ ਦਾ
ਮੈਂ ਜ਼ੱਰਾ ਹਸੀਨ
ਫਿਰ ਤੈਨੂੰ ਕਿਉਂ ਏ?
ਮੇਰੀ ਕਾਬਲੀਅਤ 'ਤੇ ਸ਼ੱਕ
ਨਾ-ਬਰਾਬਰੀ ਦਾ ਯਕੀਨ।

## ਲਗਦਾ ਇਹ ਸ਼ਹਿਰ ਬੀਮਾਰ ਹੋ ਗਿਆ / ਅਮਨਜੋਤ ਧਾਲੀਵਾਲ

ਬਦਲ ਗਈ ਹੈ ਇਸਦੀ ਆਬੋ ਹਵਾ,
ਪੱਥਰ ਬਣ ਗਏ ਦਿਲਾਂ ਦੇ ਬਾਦਸ਼ਾਹ,
ਦਿਲਾਂ ਨਾਲ ਖੇਡਣਾ ਸਾਡਾ ਵਪਾਰ ਹੋ ਗਿਆ,
ਲਗਦਾ, ਇਹ ਸ਼ਹਿਰ ਬੀਮਾਰ ਹੋ ਗਿਆ...

ਹਰ ਪਾਸੇ ਖੁਦਗਰਜ਼ੀ ਦਾ ਆਲਮ ਹੈ,
ਨਾ ਕੋਈ ਦਿਖਦਾ ਦਿਲ ਦਾ ਮਹਿਰਮ ਹੈ,
ਚਾਰੇ ਪਾਸੇ ਭੰਡਾ ਦਾ ਰਾਜ ਹੋ ਗਿਆ,
ਲਗਦਾ ਇਹ ਸ਼ਹਿਰ ਬੀਮਾਰ ਹੋ ਗਿਆ..

ਜਿੱਥੇ ਵਾੜ ਹੀ ਖੇਤ ਨੂੰ ਖਾਣ ਲੱਗੀ,
ਜਿੱਥੇ ਮਹਿਬੂਬ ਹੀ ਤੁਹਾਨੂੰ ਅਜਮਾਉਣ ਲੱਗੀ,
ਹਰ ਚੌਰਾਹਾ ਭਾਵਨਾਵਾਂ ਦਾ ਬਾਜ਼ਾਰ ਹੋ ਗਿਆ,
ਲਗਦਾ ਇਹ ਸ਼ਹਿਰ ਬੀਮਾਰ ਹੋ ਗਿਆ....

ਕਿਤੇ ਕੂੰਜ ਫੜੀ ਹੈ ਕਾਵਾਂ ਨੇ,
ਕਿਤੇ ਰੋਟੀ ਨੂੰ ਤਰਸਦੀਆਂ ਬੁੱਢੀਆਂ ਮਾਵਾਂ ਨੇ,
ਇੱਥੇ ਲਾਲਚ ਸਿਰ ਦਾ ਤਾਜ ਹੋ ਗਿਆ,
ਲਗਦਾ ਇਹ ਸ਼ਹਿਰ ਬੀਮਾਰ ਹੋ ਗਿਆ...

ਹਰ ਤਰਫ਼ ਬੇਬਸੀ ਦਾ ਆਲਮ ਹੈ,
ਜਿੱਥੇ ਖੁਦਾ ਬਣ ਬੈਠਾ ਹਰ ਜ਼ਾਲਮ ਹੈ,
ਕਿਉਂ ਸੱਚ ਇੰਨਾ ਲਾਚਾਰ ਹੋ ਗਿਆ,
ਲਗਦਾ ਇਹ ਸ਼ਹਿਰ ਬੀਮਾਰ ਹੋ ਗਿਆ.....




## ਸੁੱਤਾ ਹੋਇਆ ਆਦਮੀ / ਅਨੁਪਮਾ ਤਿਵਾਰੀ



ਸੌਂਦੇ ਹੋਏ ਬੱਚੇ
ਕਿੰਨੇ ਨਿਰਮਲ ਲੱਗਦੇ ਨੇ
ਕਿੰਨੇ ਭੋਲੇ ਕਈ ਬਾਰ ਉਹ
ਨੀਂਦ ਵਿੱਚ ਹੱਸਦੇ ਨੇ
ਉਨ੍ਹਾਂ ਨੂੰ ਭਾਵੇਂ ਕੋਈ
ਨੀਂਦ ਵਿੱਚੋਂ ਚੁੱਕ ਕੇ ਲੈ ਜਾਏ
ਤੇ ਸੁੱਟ ਦੇਵੇ ਕੂੜੇ ਜਾਂ ਖੂਹ ਵਿਚ
ਦਿਨ ਭਰ ਚਕਰੀ ਵਾਂਗੂੰ
ਘੁੰਮਦੀ ਔਰਤ
ਜਦੋਂ ਸੌਂਦੀ ਦਿਖਾਈ ਦਿੰਦੀ ਹੈ
ਤਾਂ ਉਸਦਾ ਸੌਣਾ ਦੱਸਦਾ ਹੈ
ਕਿ ਅੱਜ ਦਾ ਕੰਮ
ਉਹ ਕਰ ਚੁੱਕੀ ਹੈ
ਸੌਂਦਾ ਹੋਇਆ ਆਦਮੀ ਅੱਧੀ
ਜ਼ਿੰਮੇਦਾਰੀ ਉੱਤੇ ਲੈ ਕੇ
ਅਤੇ ਅੱਧੀ ਸਿਰਾਹਣੇ ਥੱਲੇ ਦੱਬੀ
ਮੈਨੂੰ ਬੁੱਧ ਵਾਂਗ ਦਿਸਦਾ ਹੈ
ਸੌਣਾ, ਜਿਉਂਦੇ ਜਾਗਦੇ
ਆਦਮੀ ਦਾ ਆਪਣੇ ਆਪ ਨੂੰ
ਬ੍ਰਹਿਮੰਡ ਦੇ ਹਵਾਲੇ ਕਰ ਦੇਣਾ ਹੁੰਦਾ ਹੈ
ਮੈਂ ਪੁੱਛਦੀ ਹਾਂ ਫਿਰ
ਕਿਵੇਂ ਕੋਈ ਸੌਂਦੇ ਬੱਚਿਆਂ ਨੂੰ ਕੂੜੇ
ਵਿੱਚ ਸੁੱਟ ਆਉਂਦਾ ਹੈ
ਕਿਵੇਂ ਕੋਈ ਸੌਂਦੀਆਂ ਨਿੱਕੀਆਂ
ਬੱਚੀਆਂ ਨਾਲ ਬਲਾਤਕਾਰ
ਕਰ ਸਕਦਾ ਹੈ
ਕਿਵੇਂ ਕੋਈ ਸੌਂਦੇ ਆਦਮੀ ਨੂੰ ਹਮੇਸ਼ਾ
ਲਈ ਸੁਆ ਦਿੰਦਾ ਹੈ
ਇੰਨਾ ਮੁਸ਼ਕਿਲ ਕੰਮ ਕੋਈ ਕਿਵੇਂ ਕਰ
ਸਕਦਾ ਹੈ ??

## ਹਿੰਦੀ ਮਿੰਨੀ ਕਹਾਣੀ / ਕਬਾੜ ਨਹੀਂ / ਕਮਲੇਸ਼ ਭਾਰਤੀ / ਅਨੁ.ਅਮਰਜੀਤ ਕੌਂਕੇ



ਕਬਾੜੀਆ ਕਾਲੋਨੀ ਵਿਚ ਕਬਾੜ ਕਬਾੜ ਦੀ ਅਵਾਜ਼ ਲਾਉਂਦਾ ਚੱਕਰ ਕੱਟ ਰਿਹਾ ਸੀ। ਮੈਂ ਦੋਪਹਿਰ ਦੇ ਖਾਣੇ ਲਈ ਘਰ ਆਇਆ ਸੀ। ਕਬਾੜੀ ਦੀ ਅਵਾਜ਼ ਨਾਲ ਉੱਤੇ ਛੱਤ ਤੇ ਰੱਖੀ ਬੱਚਿਆਂ ਦੀ ਸਾਇਕਲ ਵੱਲ ਧਿਆਨ ਚਲਿਆ ਗਿਆ। ਬਰਸਾਤ ਤੇ ਧੁੱਪ ਵਿਚ ਜੰਗਾਲ ਖਾ ਰਹੀ ਹੈ। ਕਿਉਂ ਨਾ ਕਬਾੜੀ ਨੂੰ ਦੇ ਦਿੱਤੀ ਜਾਵੇ ? ਪਤਨੀ ਵੀ ਕਈ ਵਾਰ ਇਸ ਗੱਲ ਵੱਲ ਧਿਆਨ ਦੁਆ ਚੁੱਕੀ ਸੀ।

ਅਵਾਜ਼ ਮਾਰੀ ਤਾਂ ਕਬਾੜੀ ਮੇਰੇ ਘਰ ਵੱਲ ਮੁੜ ਆਇਆ. ਛੱਤ ਤੇ ਲੈ ਗਿਆ। ਕੀਮਤ ਵੀ ਲਵਾ ਲਈ। ਪਰ ਜਿਵੇਂ ਹੀ ਸਾਇਕਲ ਦੇਣ ਲੱਗਿਆ ਤਾਂ ਮੈਨੂੰ ਆਪਣੇ ਬੱਚਿਆਂ ਦਾ ਬਚਪਨ ਉਸ ਵਿਚ ਦਿਸਣ ਲੱਗਿਆ। ਜਿਵੇਂ ਪਹਿਲੇ ਦਿਨ ਇਸ ਸਾਇਕਲ ਨੂੰ ਦੇਖ ਕੇ ਬੱਚੇ ਨੇ ਕਿਲਕਾਰੀ ਮਾਰੀ ਸੀ ਤੇ ਦੇਰ ਤੱਕ ਛੋਟੇ ਜਿਹੇ ਵਿਹੜੇ ਵਿਚ ਸਾਇਕਲ ਚਲਾਉਂਦਾ ਰਿਹਾ ਸੀ। ਉਏ ਇਹ ਕਬਾੜ ਕਿੱਥੇ ਹੈ ? ਹੁਣ ਉਹ ਦੂਜੇ ਸ਼ਹਿਰ ਆਪਣੀ ਘਰਵਾਲੀ ਨਾਲ ਰਹਿਣ ਲੱਗਿਆ ਹੈ ਪਰ ਲੱਗਦਾ ਹੈ ਸਾਡੇ ਕੋਲ ਹੀ ਹੈ।

## ਮਿੰਨੀ ਕਹਾਣੀ / ਚੋਰ / ਜਗਰੂਪ ਸਿੰਘ (ਆਈ.ਆਰ.ਐਸ)

ਮੰਤਰੀ ਜੀ ਨੇ ਪਾਰਟੀ ਦੇ ਸਰਪੰਚ ਨੂੰ ਉਨ੍ਹਾਂ ਦੀ ਕੋਠੀ ਮਿਲਣ ਲਈ ਕਿਹਾ। ਤਹਿ ਸਮੇਂ ਤੇ ਸਰਪੰਚ ਸਾਹਿਬ ਕੋਠੀ ਪਹੁੰਚ ਗਏ ਅਤੇ ਦਰਵਾਜੇ ਤੇ ਖੜੇ ਦਰਬਾਨ ਨੂੰ ਮੰਤਰੀ ਜੀ ਨੂੰ ਸੁਨੇਹਾ ਦੇਣ ਲਈ ਕਿਹਾ ਕਹਿਣਾ ਪਿੰਡ ਤੋਂ ਆਇਆ ਹੈ ਅਤੇ ਨਾਲ ਦੋ ਚਾਰ ਬੰਦੇ ਨੇ।

'ਜਨਾਬ ਨੂੰ ਕੋਈ ਪਿੰਡ ਦਾ ਬੰਦਾ ਮਿਲਣਾ ਚਾਹੁੰਦਾ ਹੈ ਜੀ' ਦਰਬਾਨ ਨੇ ਮੰਤਰੀ ਜੀ ਨੂੰ ਸੁਨੇਹਾ ਲਾਉਂਦੇ ਕਿਹਾ

'ਕੌਣ ਹੈ ? 'ਮੰਤਰੀ ਜੀ ਨੇ ਪੁੱਛਿਆ

'ਚੋਰ ਹੈ ? ਦਰਬਾਨ ਨੇ ਮੁਸਕੜੀ ਜਿਹੇ ਹਸਦੇ ਕਿਹਾ, 'ਨਾਲੇ ਸਾਡੇ ਪਿੰਡ ਦੇ ਦੋ ਚਾਰ ਠੱਗ ਵੀ ਨੇ।'

'ਬਈ ਉਹ ਸਾਡੇ ਪਿੰਡ ਦਾ ਹੈ, ਤੂੰ ਉਹਨੂੰ ਚੋਰ ਕਿਵੇਂ ਕਹਿੰਦਾ ਹੈਂ ?, ਮੰਤਰੀ ਵੀ ਮਜ਼ਾਕੀਆ ਲਹਿਜੇ ਵਿੱਚ ਬੋਲੇ

'ਜੀ ਮੈਂ ਉਨ੍ਹਾਂ ਦੇ ਲਾਗਲੇ ਪਿੰਡ ਦਾ ਹਾਂ, ਸਾਡਾ ਪਿੰਡ ਇਸ ਸਰਪੰਚ ਨੂੰ ਚੋਰ ਕਰਕੇ ਜਾਣਦੈ।'

'ਠੀਕ ਹੈ, ਬੁਲਾ ਚੋਰ ਨੂੰ, ਹੈ ਤਾਂ ਮੇਰਾ ਭਾਈ ਹੀ ਨਾ।'

ਮੰਤਰੀ ਨੇ ਹੁਕਮ ਦਿੱਤਾ।

ਪੰਜਾਬੀ ਸਾਹਿਤ ਮੁੱਢ ਤੋਂ ਹੀ ਸਮਾਜਿਕ ਪ੍ਰਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲਦਾ ਆਇਆ ਹੈ। ਸਮਾਜਿਕ ਪ੍ਰਸਥਿਤੀਆਂ ਅਨੁਸਾਰ ਸਮੇਂ ਸਮੇਂ 'ਤੇ ਵੱਖ ਵੱਖ ਰਾਜਸੀ ਲਹਿਰਾਂ ਉੱਠਦੀਆਂ ਰਹੀਆਂ ਹਨ। ਜਿਵੇਂ ਗ਼ਦਰੀ ਲਹਿਰ, ਕੂਕਾ ਲਹਿਰ, ਕਿਰਤੀ ਲਹਿਰ, ਬੱਬਰ ਅਕਾਲੀ ਲਹਿਰ, ਰਾਸ਼ਟਰੀ ਅੰਦੋਲਨ ਲਹਿਰ ਆਦਿ। ਇਨ੍ਹਾਂ ਰਾਜਸੀ ਲਹਿਰਾਂ ਦੀ ਇਤਿਹਾਸਕ ਗਤੀਸ਼ੀਲਤਾ ਵਿਚੋਂ ਹੀ ਨਕਸਲਬਾੜੀ ਲਹਿਰ ਹੋਂਦ ਗ੍ਰਹਿਣ ਕਰਦੀ ਹੈ। ਇਨ੍ਹਾਂ ਲਹਿਰਾਂ ਦਾ ਯੋਗਦਾਨ ਕੇਵਲ ਸਮਾਜਿਕ, ਆਰਥਿਕ, ਰਾਜਨੀਤਿਕ ਹੀ ਨਹੀਂ ਸਗੋਂ ਸਾਹਿਤਕ ਖੇਤਰ ਵਿਚ ਵੀ ਇਨ੍ਹਾਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਪੰਜਾਬੀ ਸਾਹਿਤ, ਸਾਹਿਤਕ ਧਾਰਾਵਾਂ ਵਿਚ ਉਭਰੇ ਵੱਖ-ਵੱਖ ਵਾਦਾਂ ਜਿਵੇਂ ਸਨਾਤਨਵਾਦ, ਰਹੱਸਵਾਦ, ਰੁਮਾਂਸਵਾਦ, ਯਥਾਰਥਵਾਦ, ਪ੍ਰਗਤੀਵਾਦ, ਪ੍ਰਯੋਗਵਾਦ, ਜੁਝਾਰਵਾਦ ਆਦਿ ਪੜਾਂਵਾਂ ਵਿਚੋਂ ਗੁਜਰਿਆ। ਇਹਨਾਂ ਧਾਰਾਵਾਂ ਵਿੱਚੋਂ ਜੁਝਾਰਵਾਦੀ ਕਾਵਿ ਪ੍ਰਵਿਰਤੀ ਦਾ ਆਪਣਾ ਇਕ ਨਿਵੇਕਲਾ ਅਤੇ ਵਿਸ਼ੇਸ਼ ਸਥਾਨ ਰਿਹਾ ਹੈ। ਇਹ ਵਿਚਾਰਧਾਰਕ ਦ੍ਰਿਸ਼ਟੋਣ ਕੋਣ ਤੋਂ ਪੂਰੀ ਤਰ੍ਹਾਂ ਆਪਣੀ ਸਮਕਾਲੀ ਰਾਜਸੀ ਲਹਿਰ "ਨਕਸਲਬਾੜੀ" ਤੋਂ ਸਿੱਧੇ ਤੌਰ ਤੇ ਪ੍ਰਭਾਵਿਤ ਰਹੀ। ਮਾਸਟਰ ਤਰਚੋਚਨ ਸਿੰਘ ਅਨੁਸਾਰ "1967 ਦਾ ਉਹ ਦੌਰ ਜਦੋਂ ਕਿਰਤੀ ਸ਼੍ਰੇਣੀ ਨੇ ਆਪਣੀ ਹੋਣੀ ਆਪਣੇ ਹੱਥ ਵਿੱਚ ਲੈਣ ਲਈ ਆਪਣਾ ਮੁੱਕਾ, ਪਰਚਮ ਵਾਂਗ ਹਵਾ 'ਚ ਲਹਿਰਾਇਆ। ਪੰਜਾਬੀ ਭਾਸ਼ਾ ਵਿਚ ਇਸ ਦੌਰ ਦਾ ਪ੍ਰਗਟਾ ਕਵਿਤਾ ਦੇ ਰੂਪ ਵਿਚ ਵੀ ਹੋਇਆ, ਜਿਸ ਨੂੰ ਸਾਹਿਤਕ ਸਮਾਲੋਚਕ "ਜੁਝਾਰੂ ਕਵਿਤਾ ਦਾ ਯੁੱਗ" ਆਖਦੇ ਸਨ।"

ਜੁਝਾਰਵਾਦੀ ਸਾਹਿਤਕ ਪ੍ਰਵਿਰਤੀ ਬਾਰੇ ਡਾ. ਰਾਜਿੰਦਰ ਪਾਲ ਸਿੰਘ ਦੇ ਵਿਚਾਰ ਹਨ ਕਿ: "ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਜੁਝਾਰੂ ਸਾਹਿਤ ਧਾਰਾ ਦਾ ਭਾਵ ਨਕਸਲਬਾੜੀ ਰਾਜਸੀ ਲਹਿਰ ਦੇ ਪ੍ਰਭਾਵ ਅਧੀਨ ਉਤਪੰਨ ਹੋਈ ਉਸ ਸਾਹਿਤ ਧਾਰਾ ਤੋਂ ਹੈ ਜਿਸ ਵਿਚ ਮੁੱਖ ਰੂਪ ਵਿਚ ਹਥਿਆਰਬੰਦ ਇਨਕਲਾਬ ਦੀ ਗੱਲ ਕੀਤੀ ਜਾਂਦੀ ਹੈ।" ਭਾਵ ਕਿ ਨਕਸਲਬਾੜੀ ਲਹਿਰ ਅਸਲ ਵਿਚ ਕਿਸਾਨਾਂ ਮਜ਼ਦੂਰਾਂ ਦੇ ਰੋਹ ਵਿਚੋਂ ਉਪਜੀ ਇਕ ਬਗ਼ਾਵਤ ਸੀ ਜਿਸਨੇ ਸਰਮਾਏਦਾਰੀ, ਜਗੀਰਦਾਰੀ ਅਤੇ ਬੁਰਜ਼ੂਆ ਜਮਹੂਰੀਅਤ ਦੇ ਖ਼ਿਲਾਫ਼ ਹਥਿਆਰਬੰਦ ਇਨਕਲਾਬ ਦਾ ਨਾਹਰਾ ਦਿੱਤਾ। ਇਹ ਵਿਦਰੋਹ ਦੀ ਚਿੰਗਾੜੀ ਬੰਗਾਲ ਦੇ ਪਿੰਡ ਨਕਸਲਬਾੜੀ ਤੋਂ ਉੱਠੀ ਸੀ ਅਤੇ ਇਸ ਦੀ ਅਗਵਾਈ ਸੀ.ਪੀ.ਆਈ ਅਤੇ ਸੀ.ਪੀ.ਆਈ.ਐਮ ਵਿਚੋਂ ਬਾਗ਼ੀ ਹੋਏ ਕਾਰਕੁਨਾਂ ਨੇ ਕੀਤੀ। ਇਹ ਬਗ਼ਾਵਤੀ ਸੁਰ ਜਲਦ ਹੀ ਸਾਰੇ ਭਾਰਤ ਵਿਚ ਫੈਲ ਗਈ। ਪੰਜਾਬੀ ਸਾਹਿਤ ਵੀ ਇਸ ਲਹਿਰ ਦੇ ਪ੍ਰਭਾਵ ਤੋਂ ਅਭਿੱਜ ਨਾ ਰਹਿ ਸਕਿਆ। ਜਿਉਂ ਜਿਉਂ ਇਹ ਲਹਿਰ ਵਧਦੀ ਗਈ ਪੰਜਾਬੀ ਸਾਹਿਤ ਧਾਰਾ ਵਿਚ ਵੀ ਵਿਦਰੋਹ ਵਾਲੀ ਸੁਰ ਉੱਚੀ ਹੁੰਦੀ ਗਈ ਜਿਸ ਨੂੰ ਪੰਜਾਬੀ ਸਾਹਿਤ ਦੇ ਖੇਤਰ ਵਿਚ ਨਕਸਲਬਾੜੀ ਲਹਿਰ ਦਾ ਸਾਹਿਤ ਜਾਂ ਜੁਝਾਰਵਾਦੀ ਸਾਹਿਤ ਕਿਹਾ ਗਿਆ। ਇਸ ਲਹਿਰ ਨੇ ਪੰਜਾਬੀ ਸਾਹਿਤ ਵਿਚ ਪ੍ਰਤੀਰੋਧੀ ਕਵਿਤਾ ਦੀ ਅਭੀਵਿਆਕਤੀ ਵਾਲੇ ਉੱਘੇ ਲੇਖਕਾਂ ਅਤੇ ਕਵੀਆਂ ਨੂੰ ਜਨਮ ਦਿੱਤਾ। ਡਾ. ਰਾਜਿੰਦਰਪਾਲ ਸਿੰਘ ਆਪਣਾ ਮਤ ਪੇਸ਼ ਕਰਦੇ ਹੋਏ ਕਹਿੰਦੇ ਹਨ ਕਿ "ਨਕਸਲਬਾੜੀ ਦੌਰ ਦੀ ਜੁਝਾਰਵਾਦੀ ਕਵਿਤਾ ਪੰਜਾਬੀ ਕਾਵਿ ਸਮੁੰਦਰ ਵਿਚ ਇਕ ਵੱਡੀ ਛੱਲ ਵਾਂਗ ਸੀ, ਜਿਸਨੇ ਅਵਤਾਰ ਸਿੰਘ ਪਾਸ਼, ਸੰਤ ਰਾਮ ਉਦਾਸੀ, ਲਾਲ ਸਿੰਘ ਦਿਲ, ਓਮ ਪ੍ਰਕਾਸ਼ ਸ਼ਰਮਾਂ, ਦਰਸ਼ਨ ਖਟਖੜ, ਕਰਨੈਲ ਬਾਗੀ, ਜੈਮਲ ਪੱਡਾ, ਮਿੰਦਰਪਾਲ ਭੱਠਲ, ਸੰਤ ਸੰਧੂ, ਫਤਿਹਜੀਤ,ਅਮਰਜੀਤ ਚੰਦਨ ਅਤੇ ਹਰਭਜਨ ਹਲਵਾਰਵੀ ਵਰਗੇ ਕਈ ਮੋਤੀ ਸਾਹਮਣੇ ਲਿਆਂਦੇ ਸਨ।" ਇਸ ਲਈ ਜ਼ਿਆਦਾਤਰ ਇਸ ਲਹਿਰ ਦੌਰਾਨ ਜੁਝਾਰੂ ਪ੍ਰਵਿਰਤੀ ਵਾਲਾ ਕਾਵਿ ਵਧੇਰੇ ਰਚਿਆ ਗਿਆ। ਇਹ ਮਾਰਕਸਵਾਦੀ/ਲੈਨਿਨਵਾਦ ਵਿਚਾਰਧਾਰਾ ਤੋਂ ਪ੍ਰਭਾਵਿਤ ਕਵੀ ਸਨ ਜਿਨ੍ਹਾਂ ਨੇ ਇਸ ਲਹਿਰ ਤਹਿਤ ਨਕਸਲੀ ਵਿਚਾਰਧਾਰਾ ਵਾਲੀ ਸੁਰ ਆਪਣੀ ਕਾਵਿ ਰਚਨਾਵਾਂ ਵਿਚ ਪੇਸ਼ ਕੀਤੀ। ਵਿਚਾਰਧਾਰਕ ਪ੍ਰਤੀਬੱਧਤਾ ਦੇ ਸੰਕਲਪ ਨੂੰ ਮਾਰਕਸਵਾਦੀ ਵਿਚਾਰਧਾਰਾ ਵਿਚ ਕਾਫ਼ੀ ਮਹੱਤਵਪੂਰਨ ਮੰਨਿਆ ਗਿਆ ਅਤੇ ਇਸ ਦੀ ਹੋਂਦ ਨੂੰ ਲਾਜ਼ਮੀ ਬਣਾਇਆ ਗਿਆ। ਇਸ ਵਿਚਾਰਧਾਰਾ ਮੁਤਾਬਿਕ ਜਮਾਤੀ ਸਮਾਜ ਵਿਚ ਸਾਹਿਤ ਵੀ ਜਮਾਤੀ ਹੀ ਹੁੰਦਾ ਹੈ। ਇਸ ਤਰ੍ਹਾਂ ਹਰ ਇਕ ਸਾਹਿਤਕ ਕਿਰਤ ਸਿੱਧੇ ਜਾਂ ਅਸਿੱਧੇ ਤੌਰ 'ਤੇ ਕਿਸੇ ਨਾ ਕਿਸੇ ਜਮਾਤ ਦਾ ਹਿਤ ਪੂਰਦੀ ਹੁੰਦੀ ਹੈ। ਨਕਸਲਬਾੜੀ ਲਹਿਰ ਦਾ ਸਾਹਿਤ ਆਪਣੀ ਵਿਚਾਰਧਾਰਕ ਅਗਵਾਈ ਮਾਰਕਸਵਾਦੀ/ਲੈਨਿਨਵਾਦੀ ਵਿਚਾਰਧਾਰਾ ਤੋਂ ਕਬੂਲਦਾ ਹੈ। ਇਸ ਕਰਕੇ ਇਸ ਲਹਿਰ ਦੇ ਕਵੀ ਇਨਕਲਾਬੀ ਭੂਮਿਕਾ ਨੂੰ ਸੁਚੇਤ ਰੂਪ ਵਿਚ ਸਮਝਦੇ ਹੋਏ ਨਕਸਲਬਾੜੀ ਲਹਿਰ ਦੀ ਵਿਚਾਰਧਾਰਕ ਪ੍ਰਤੀਬੱਧਤਾ ਉੱਪਰ ਖਰੇ ਉੱਤਰਨ ਦੀ ਕੋਸ਼ਿਸ਼ ਕਰਦੇ ਹਨ।

ਪੰਜਾਬ ਵਿਚ ਪਾਸ਼ ਨੇ ਕਿਸਾਨੀ ਦੇ ਦਰਦ ਨੂੰ ਸੱਤਰਵਿਆਂ ਵਿਚ ਹੀ ਮਹਿਸੂਸ ਕਰ ਲਿਆ ਸੀ, ਉਸਦੀ ਕਵਿਤਾ ਵਿਚ ਪੀਲੇ ਪੈਂਦੇ ਹਰੇ ਇਨਕਲਾਬ ਦੀ ਕਨਸੋਅ ਮਿਲਦੀ ਹੈ। ਸੰਤ ਰਾਮ ਉਦਾਸੀ ਨੇ ਜੱਟ ਅਤੇ ਸੀਰੀ ਦੇ ਰਿਸ਼ਤੇ ਦੀ, ਦਲਿਤ ਅਤੇ ਦਮਿਤ ਦੀ ਸਾਂਝ ਵਾਲੀ ਗੱਲ ਉੱਚੀ ਸੁਰ

ਵਿਚ ਕੀਤੀ ਅਤੇ ਸਪਸ਼ਟ ਸ਼ਬਦਾਂ ਵਿਚ ਸੂਰਜ ਨੂੰ 'ਕੰਮੀਆਂ ਦੇ ਵਿਹੜੇ' ਮੱਘਣ ਦਾ ਨਿਉਤਾ ਦਿੱਤਾ। ਡਾ. ਚਰਨਜੀਤ ਕੌਰ ਨੇ ਪੁਸਤਕ 'ਸੰਤ ਰਾਮ ਉਦਾਸੀ : ਜੀਵਨ ਤੇ ਰਚਨਾ' ਦੇ ਮੁੱਖ-ਬੰਦ ਵਿਚ ਸੰਤ ਰਾਮ ਉਦਾਸੀ ਨੂੰ ਗੂੰਗੇ ਦਲਿਤਾਂ ਦੀ ਗਰਜ਼ਵੀਂ ਆਵਾਜ਼ ਕਹਿ ਕੇ ਸਨਮਾਨਿਆ ਹੈ।'' ਲਾਲ ਸਿੰਘ ਦਿਲ ਨੇ ਦਲਿਤਾਂ ਦੇ ਨਾਲ ਨਾਲ ਉਨ੍ਹਾਂ ਹਾਸ਼ੀਏ 'ਤੇ ਧੱਕੇ ਕਬੀਲਿਆਂ ਦੀ ਬਾਤ ਵੀ ਪਾਈ ਜਿਹੜੇ ਅੱਜ ਵੀ ਗਧਿਆ ਉੱਤੇ ਸਮਾਨ ਲੱਦੀ ਫਿਰਦੇ ਹਨ। ਡਾ. ਅਜਮੇਰ ਸਿੰਘ ਆਪਣੀ ਸੰਪਾਦਤ ਕੀਤੀ ਪੁਸਤਕ 'ਸੂਹੇ ਬੋਲ ਉਦਾਸੀ ਦੇ' ਵਿੱਚ ਲਿਖਦਾ ਹੈ ਕਿ ''ਸੰਤ ਰਾਮ ਉਦਾਸੀ ਵਿੱਚ ਆਪਣੀ ਜਾਤ ਪ੍ਰਤੀ ਨਾ ਕੋਈ ਹੀਣਭਾਵਨਾ ਹੈ ਅਤੇ ਨਾ ਹੀ ਇਕ ਸਫ਼ਲ ਕਵੀ ਹੋਣ ਦੀ ਮੜਕ ਹੈ ਜਿਵੇਂ ਸ਼ਿਵ ਕੁਮਾਰ ਤੇ ਹੋਰ ਕਵੀਆਂ ਵਿੱਚ ਹੈ। ਉਸਨੇ ਆਪਣੇ ਮਨ ਅਤੇ ਬੁੱਧੀ ਨੂੰ ਵਰਗ ਰਹਿਤ ਬਣਾ ਲਿਆ ਸੀ।''

ਇਸੇ ਡਾ ਰਾਜਿੰਦਰਪਾਲ ਸਿੰਘ ਬਰਾੜ ਸੰਤ ਰਾਮ ਉਦਾਸੀ ਬਾਰੇ ਲਿਖਦੇ ਹਨ ਕਿ ''ਸੰਤ ਰਾਮ ਉਦਾਸੀ ਨੇ ਜੱਟ ਅਤੇ ਸੀਰੀ ਦੇ ਰਿਸ਼ਤੇ ਦੀ, ਦਲਿਤ ਅਤੇ ਦਮਿਤ ਦੀ ਸਾਂਝ ਵਾਲੀ ਗੱਲ ਉੱਚੀ ਸੁਰ ਵਿਚ ਕੀਤੀ ਅਤੇ ਸਪਸ਼ਟ ਸ਼ਬਦਾਂ ਵਿਚ ਸੂਰਜ ਨੂੰ 'ਕੰਮੀਆਂ ਦੇ ਵਿਹੜੇ' ਮੱਘਣ ਦਾ ਨਿਉਤਾ ਦਿੱਤਾ।''

ਜੇਕਰ ਧਿਆਨ ਨਾਲ ਵਿਚਾਰਿਆ ਜਾਵੇ ਤਾਂ ਇਹਨਾਂ ਉਪਰੋਕਤ ਸਤਰਾਂ ਵਿੱਚ ਸੰਤ ਰਾਮ ਉਦਾਸੀ ਦੀ ਵਿਚਾਰਧਾਰਾ ਦੇ ਕੇਂਦਰੀ ਸੁਰ ਨੂੰ ਪਹਿਚਾਣਿਆ ਜਾ ਸਕਦਾ ਹੈ। ਜਿਵੇਂ ਉਦਾਸੀ ਆਪਣੀ ਰਚਨਾ ਵਿੱਚ ਪੇਸ਼ ਕਰਦਾ ਹੈ,

ਗਲ ਲੱਗ ਕੇ ਸੀਰੀ ਦੇ ਜੱਟ ਰੋਵੇ
ਬੋਹਲਾਂ ਵਿੱਚੋਂ ਨੀਰ ਵੱਗਿਆ

ਇਥੇ ਜੱਟ ਅਤੇ ਸੀਰੀ ਦੋਨੋਂ, ਸ਼ਾਸ਼ਕ ਵਰਗ ਵੱਲੋਂ ਦਬਾਏ ਵਰਗ ਦੀਆਂ ਪੀੜਾਂ ਨੂੰ ਬਿਆਨ ਕਰਦੇ ਹਨ। ਜਿੰਦਗੀ ਦੇ ਕਿਸੇ ਨਾ ਕਿਸੇ ਮੋੜ ਉਤੇ ਦੋਵੇਂ ਵਰਗ ਹੀ ਲੁਟ ਦੇ ਸ਼ਿਕਾਰ ਹੋਏ ਹਨ। ਓਮ ਪ੍ਰਕਾਸ਼ ਸ਼ਰਮਾਂ ਨੇ ਸਿੱਖਿਆ ਪ੍ਰਬੰਧ ਤੋਂ ਲੈ ਕੇ ਜ਼ਮਹੂਰੀਅਤ ਦੇ ਪ੍ਰਤੀਕਾਂ ਦਾ ਖੋਖਲਾ-ਪਣ ਨੰਗਾ ਕੀਤਾ ਸੀ। ਦਰਸ਼ਨ ਖਟਕੜ ਨਾ ਕੇਵਲ ਸਾਹਿਤਕ ਖੇਤਰ ਦਾ ਕਾਮਾਂ ਸੀ,ਸਗੋਂ ਹੁਣ ਤੱਕ ਲਗਾਤਾਰ ਸਿਆਸੀ ਤੌਰ ਤੇ ਸੰਘਰਸ਼ ਸ਼ੀਲ ਧਿਰਾਂ ਦੇ ਆਗੂ ਵਜੋਂ ਵਿਚਰ ਰਿਹਾ ਹੈ। ਉਸਦੀ ਕਵਿਤਾ ਵਿਚ ਸਿਰੜ,ਸੰਗੀਤ ਅਤੇ ਸਹਿਜਤਾ ਮੌਜੂਦ ਹੈ। ਕਰਨੈਲ ਬਾਗੀ ਦਾ ਕੇਵਲ ਤਖੱਲਸ ਹੀ ਬਾਗੀ ਨਹੀਂ ਸੀ, ਸਗੋਂ ਉਸਦੇ ਸ਼ਬਦ ਤੇਜ਼ਾਬ ਵਾਂਗ ਸੁਰਾਖ ਕਰਦੇ ਜਾਂਦੇ ਹਨ। ਉਸ ਨੇ ਭਾਰਤੀ ਮਿਥਹਾਸ ਨੂੰ ਸਿਰ ਪਰਨੇ ਕਰ ਦਿੱਤਾ ਸੀ ।ਜੈਮਲ ਪੱਡਾ ਆਪਣੀ ਸ਼ਹੀਦੀ ਤੱਕ ਲਗਾਤਾਰ ਕਲਮ ਨਾਲ ਵਫ਼ਾ ਪਾਲਦਾ ਰਿਹਾ ਉਸਦਾ ਹੋਕਾ 'ਸੱਚਦੇ ਸੰਗਰਾਮ ਨੇ ਕਦੇ ਹਰਨਾ ਨਹੀਂ' ਸ਼ਹੀਦੀ ਤੋਂ ਬਾਅਦ ਹੋਰ ਵੀ ਵਧੇਰੇ ਗੂੰਜਿਆ ਹੈ। ਮਿੰਦਰਪਾਲ ਭੱਠਲ ਦੀ ਕਵਿਤਾ ਦੇ ਵਿਅੰਗ ਦੀ ਧਾਰ ਏਨੀ ਤਿੱਖੀ ਸੀ ਕਿ ਬੁਰਜ਼ੂਆ ਪ੍ਰਬੰਧ ਤਾਰ ਤਾਰ ਹੋ ਜਾਂਦਾ ਸੀ। ਸੰਤ ਸੰਧੂ ਨੇ ਲਗਾਤਾਰ ਜੁਝਾਰੂ ਕਾਵਿ ਦਾ ਝੰਡਾ ਬੁਲੰਦ ਰੱਖਿਆ ਹੈ।

ਨਕਸਲਬਾੜੀ ਲਹਿਰ ਦੇ ਉਪਰੋਕਤ ਕਵੀਆਂ ਵਿਚੋਂ ਅਵਤਾਰ ਸਿੰਘ ਪਾਸ਼, ਲਾਲ ਸਿੰਘ ਦਿਲ, ਅਤੇ ਸੰਤ ਰਾਮ ਉਦਾਸੀ ਨੂੰ ਛੱਡ ਕੇ ਬਾਕੀ ਲਗਪਗ ਅਣਗੌਲੇ ਹੀ ਰਹੇ ਸਨ, ਪਰ ਉਨ੍ਹਾਂ ਦੀਆਂ ਕਾਵਿ ਕਿਰਤਾਂ ਗੌਲਣਯੋਗ ਹਨ। ਇਸ ਲਹਿਰ ਦੇ ਕਵੀਆਂ ਦੀ ਕਾਵਿ ਸਮਰੱਥਾ ਅਤੇ ਉਨ੍ਹਾਂ ਦੀ ਕਾਵਿ ਵਿਲੱਖਣਤਾ ਦੀ ਨਿਸ਼ਾਨਦੇਹੀ ਕਰੀਏ ਤਾਂ ਇਹਨਾਂ ਕਵੀਆਂ ਦੀ ਕਵਿਤਾ ਸਮਾਜਿਕ ਪ੍ਰਸਥਿਤੀਆਂ, ਲਹਿਰਾਂ ਦੇ ਪ੍ਰਭਾਵ ਅਤੇ ਵਿਅਕਤੀਗਤ ਅਨੁਭਵ ਦੇ ਸੁਮੇਲ 'ਚੋਂ ਪੈਦਾ ਹੁੰਦੀ ਹੋਈ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਜਾ ਕੇ ਪਰੋੜ੍ਹਤਾ ਗ੍ਰਹਿਣ ਕਰਦੀ ਹੈ। ਕਿਹਾ ਜਾ ਸਕਦਾ ਹੈ ਕਿ ਨਕਸਲਬਾੜੀ ਲਹਿਰ ਵਿਚਲੀ ਸਰਗਰਮੀ ਹੀ ਉਨ੍ਹਾਂ ਨੂੰ ਸਮੇਂ ਦੇ ਹਾਣ ਦਾ ਬਣਾਉਂਦੀ ਹੋਈ ਉਨ੍ਹਾਂ ਦੀ ਕਵਿਤਾ ਨੂੰ ਲੋਕ ਸਮੂਹ ਨਾਲ ਜੋੜਦੀ ਹੈ ਅਤੇ ਵਿਚਾਰਧਾਰਕ ਪੱਧਰ 'ਤੇ ਪਰਪੱਕਤਾ ਭਰਦੀ ਹੈ ਜਿਸ ਤੋਂ ਬਾਅਦ ਉਹ ਰਾਜਨੀਤਿਕ ਪੈਂਤੜੇਬਾਜ਼ੀ ਨੂੰ ਸਮਝਦੇ ਹੋਏ ਕਾਵਿ ਰਚਨਾ ਕਰਦੇ ਹਨ।

ਇਸ ਲਹਿਰ ਦੇ ਕਵੀਆਂ ਵਿਚ ਵਿਚਾਰਧਾਰਕ ਤੌਰ 'ਤੇ ਅਤੇ ਵਿਸ਼ਾ ਪੱਖ ਅਤੇ ਕਲਾ-ਪੱਖੋਂ ਇਕ ਸਾਂਝੀ ਸੁਰ ਉੱਭਰਦੀ ਹੈ। ਜਿਸ ਵਿਚ ਲਹਿਰ ਦੇ ਇਹਨਾਂ ਕਵੀਆਂ ਦੀ ਕਾਵਿ ਸੰਵੇਦਨਾ ਵਸਤੂ ਪੱਖ ਦੇ ਨਾਲ ਨਾਲ ਤਕਨੀਕੀ ਪੱਖ ਤੋਂ ਵੀ ਜਨ ਸਮੂਹ ਦੀ ਗੱਲ ਕਰਦੀ ਹੋਈ ਆਮ ਲੁਕਾਈ ਲਈ ਆਪਣੀ ਹਮਦਰਦੀ ਦੀ ਭਾਵਨਾ ਵਿਅਕਤ ਕਰਦੀ ਹੋਈ ਪ੍ਰੋਲਤਾਰੀ ਵਰਗ ਅਤੇ ਨਿਮਨ ਕਿਰਸਾਨੀ ਦੇ ਪੱਖ ਵਿਚ ਭੁਗਤਦੀ ਹੈ। ਨਕਸਲਬਾੜੀ ਲਹਿਰ ਦੇ ਕਵੀਆਂ ਦੀਆਂ ਸੰਚਾਰ ਜੁਗਤਾਂ ਵਿਚ ਵੀ ਇਕ-ਮਿਕਤਾ ਹੈ ਜਿਵੇਂ ਸ਼ੈਲੀ, ਭਾਸ਼ਾ, ਸੰਬੋਧਨ ਆਦਿ ਜੋ ਜਨ-ਸਾਧਾਰਨ ਦੇ ਬਹੁਤ ਨੇੜੇ ਦੀਆਂ ਰਹੀਆਂ ਹਨ ਜਿਸ ਨਾਲ ਉਹ ਆਮ ਲੁਕਾਈ ਨਾਲ ਇਕ-ਮਿਕਤਾ ਸਥਾਪਿਤ ਕਰਦੇ ਹਨ ਅਤੇ ਜੋ ਉਨ੍ਹਾਂ ਦੀ ਕਾਵਿ ਸੰਵੇਦਨਾ ਨੂੰ ਹੋਰ ਵੀ ਗਹਿਰਾਈ ਪ੍ਰਦਾਨ ਕਰਦੀ ਹੈ। ਉਹ ਆਪਣੀ ਸੰਬੋਧਨੀ ਸ਼ੈਲੀ ਦੁਆਰਾ ਪ੍ਰੋਲਤਾਰੀ ਵਰਗ ਜਾਂ ਨਿਮਨ ਕਿਸਾਨੀ ਵਰਗ ਨੂੰ ਸੰਬੋਧਨ ਹੁੰਦੇ ਹਨ ਤਾਂ ਭਰਾਤਰੀ ਭਾਵਨਾ ਵਿਅਕਤ ਕਰਦੇ ਹਨ। ਦੂਜੇ ਪਾਸੇ ਜਦੋਂ ਉਹ ਸਮਾਜ ਦੇ ਲੋਟੂ ਵਰਗ ਨੂੰ ਸੰਬੋਧਨ ਹੋ ਕੇ ਕਾਵਿ ਰਚਨਾ ਕਰਦੇ ਹਨ ਤਾਂ ਤਿੱਖੇ ਕਟਾਖਸ਼ ਦੀ ਵਰਤੋਂ ਕਰਦੇ ਹੋਏ ਆਪਣੇ ਵਿਅੰਗ ਦਾ ਨਿਸ਼ਾਨਾ ਬਣਾ ਕੇ ਉਨ੍ਹਾਂ ਦੇ ਭੇਖੀ ਚਿਹਰਿਆਂ ਤੋਂ ਝੂਠੇ ਲੋਕ-ਪੱਕੀ ਮਖੌਟੇ ਲਾਹ ਸੁੱਟਦੇ ਹਨ ਅਤੇ ਉਨ੍ਹਾਂ ਦਾ ਅਸਲ ਲੋਕ ਵਿਰੋਧੀ ਚਿਹਰਾ ਸਾਹਮਣੇ ਲਿਆਉਂਦੇ ਹਨ। ਨਕਸਲਬਾੜੀ ਲਹਿਰ ਦਾ ਮੁੱਖ ਮਕਸਦ ਸਮਾਜਿਕ ਕਰੁੱਤੀਆਂ ਅਤੇ ਲੋਕ ਵਿਰੋਧੀ ਤੱਤਾਂ ਦੀ ਨਿਸ਼ਾਨਦੇਹੀ ਕਰਕੇ ਇਹਨਾਂ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ

ਬਣਾਉਣਾ ਵੀ ਰਿਹਾ। ਇਸ ਕਰਕੇ ਇਸ ਲਹਿਰ ਦੇ ਕਵੀਆਂ ਦੀ ਕਾਵਿ ਸ਼ੈਲੀ ਵਿਅੰਗਾਤਮਿਕ ਅਤੇ ਸੰਬੋਧਨੀ ਵਧੇਰੇ ਰਹੀ ਹੈ। ਉਂਜ ਤਾਂ ਇਸ ਲਹਿਰ ਦੇ ਜ਼ਿਆਦਾਤਰ ਸਾਰੇ ਹੀ ਕਵੀਆਂ ਦੀ ਕਾਵਿ ਰਚਨਾ 'ਤੇ ਵਿਅੰਗ ਦੀ ਰੰਗਤ ਚੜ੍ਹੀ ਹੋਈ ਹੈ। ਵਿਅੰਗ ਦੀ ਜੁਗਤ ਹੀ ਇਹਨਾਂ ਕਵੀਆਂ ਦੀ ਕਾਵਿ ਵਿਲੱਖਣਤਾ ਨੂੰ ਪੇਸ਼ ਕਰਦੀ ਹੈ। ਪਰ ਇਸ ਲਹਿਰ ਦੇ ਪ੍ਰਮੁੱਖ ਵਿਅੰਗਕਾਰਾਂ ਵਿਚ ਓਮ ਪ੍ਰਕਾਸ਼ ਸ਼ਰਮਾ, ਕਰਨੈਲ ਬਾਗ਼ੀ ਅਤੇ ਪਾਸ਼ ਵਿਚ ਇਹ ਰੰਗਤ ਵਧੇਰੇ ਵੇਖਣ ਨੂੰ ਮਿਲਦੀ ਹੈ। ਇਸ ਲਹਿਰ ਦੀ ਇਕ ਹੋਰ ਪ੍ਰਾਪਤੀ ਅਤੇ ਵਿਲੱਖਣਤਾ ਲੰਮੀ ਬਿਰਤਾਂਤਿਕ ਕਾਵਿ ਰਚਨਾਵਾਂ ਦੀ ਪੇਸ਼ਕਾਰੀ ਹੈ ਜਿਸ ਵਿਚ ਪਾਸ਼ ਦੀ 'ਕਾਮਰੇਡ ਨਾਲ ਗੱਲ ਬਾਤ' ਅਤੇ ਓਮ ਪ੍ਰਕਾਸ਼ ਸ਼ਰਮਾ ਦੀ 'ਜੰਗ ਅਜੇ ਮੁੱਕੀ ਨਹੀਂ' ਵੇਖੀਆਂ ਜਾ ਸਕਦੀਆਂ ਹਨ। ਓਮ ਪ੍ਰਕਾਸ਼ ਨਕਸਲੀ ਕਵੀਆਂ ਵਿਚੋਂ ਸਭ ਤੋਂ ਲੰਮੇ ਆਕਾਰ ਦੀ ਕਾਵਿ ਰਚਨਾ ਕਰਨ ਵਾਲਾ ਕਵੀ ਬਣ ਕੇ ਉਭਰਦਾ ਹੈ।

ਨਕਸਲਬਾੜੀ ਲਹਿਰ ਦੌਰਾਨ ਮੁੱਖ ਰੂਪ ਵਿਚ ਖੁੱਲ੍ਹੀ ਕਵਿਤਾ ਵਧੇਰੇ ਲਿਖੀ ਗਈ। ਇਸ ਲਹਿਰ ਦੇ ਕਵੀਆਂ ਨੇ ਵਧੇਰੇ ਛੰਦ ਮੁਕਤ ਕਾਵਿ ਰੂਪ ਹੀ ਵਰਤਿਆ ਹੈ। ਕਵਿਤਾ ਵਿਚ ਭਾਵਾਂ ਦੀ ਬਹੁਤਾਤ ਹੁੰਦੀ ਹੈ ਇਸ ਲਈ ਕਵਿਤਾ ਵਿਚ ਰਸ ਦਾ ਹੋਣਾ ਲਾਜ਼ਮੀ ਹੋ ਜਾਂਦਾ ਹੈ। ਇਸ ਲਹਿਰ ਦੇ ਕਵੀਆਂ ਦੀ ਕਾਵਿ ਕਿਰਤਾਂ ਵਿਚ ਵਧੇਰੇ ਬੀਰ ਰਸ, ਕਰੁਣਾ ਰਸ ਅਤੇ ਰੌਦਰ ਰਸ ਵਰਤੇ ਗਏ ਮਿਲਦੇ ਹਨ। ਉਹ 'ਕਲਾ ਸਮਾਜ ਲਈ' ਦੀ ਦ੍ਰਿਸ਼ਟੀ ਤੋਂ ਕਾਵਿ ਰਚਨਾ ਕਰਦੇ ਹੈ। ਇਸ ਲਈ ਉਹ ਪੇਂਡੂ ਜੀਵਨ ਦੇ ਅਨੁਭਵ ਨੂੰ ਵਿਅਕਤ ਕਰਦੇ ਹੋਏ ਸਰਲ ਤੇ ਸਪਸ਼ਟ ਭਾਸ਼ਾ ਦਾ ਪ੍ਰਯੋਗ ਕਰਦਾ ਹੈ।

ਜੁਝਾਰਵਾਦੀ ਕਵੀਆਂ ਨੇ ਸ਼ੋਸ਼ਣ ਦੇ ਸ਼ਿਕਾਰ ਲੁਕਾਈ ਦੇ ਤ੍ਰਾਸਦਿਕ ਹਾਲਾਤ ਆਪਣੀ ਕਵਿਤਾ ਵਿਚ ਪੇਸ਼ ਕੀਤੇ। ਉਹ ਸਮਾਜ ਵਿਚਲੀ ਜਮਾਤੀ ਵੰਡ ਖ਼ਤਮ ਕਰਨ ਲਈ ਸੋਚਦੇ ਸਨ। ਇਸ ਲਈ ਉਨ੍ਹਾਂ ਦੀ ਕਵਿਤਾ ਹਥਿਆਰਬੰਦ ਸੰਘਰਸ਼ ਦਾ ਹੋਕਾ ਦਿੰਦੀ ਹੈ। ਉਨ੍ਹਾਂ ਦੀ ਕਵਿਤਾ ਵਿਚ ਬੁਰਜ਼ੂਆ ਪ੍ਰਬੰਧ ਪ੍ਰਤੀ ਨਫ਼ਰਤ ਦੀ ਭਾਵਨਾ ਵਿਅਕਤ ਹੁੰਦੀ ਹੈ। ਜਿਸ ਤੋਂ ਇਨ੍ਹਾਂ ਕਵੀਆਂ ਦੀ ਕਵਿਤਾ ਵਿਚ ਨਕਸਲੀ ਵਿਚਾਰਧਾਰਾ ਵਾਲੀ ਸੁਰ ਉਜਾਗਰ ਹੁੰਦੀ ਹੈ।

ਵੇਖਿਆ ਜਾਵੇ ਤਾਂ ਕਵੀ ਪਾਸ਼, ਉਦਾਸੀ, ਲਾਲ ਸਿੰਘ ਦਿਲ, ਕਰਨੈਲ ਬਾਗੀ, ਮਿੰਦਰਪਾਲ ਭੱਠਲ, ਜੈਮਲ ਪੱਡਾ, ਫਤਿਹਜੀਤ, ਅਮਰਜੀਤ ਚੰਦਨ, ਓਮ ਪ੍ਰਕਾਸ਼ ਸ਼ਰਮਾ, ਸੰਤ ਸੰਧੂ ਆਦਿ ਕਵੀਆਂ ਵਿਚ ਵਿਚਾਰਧਾਰਕ ਅਤੇ ਵਿਸ਼ੇਗਤ ਸੁਮੇਲ ਹੈ । ਇਨ੍ਹਾਂ ਨਕਸਲੀ ਕਵੀਆਂ ਦੀ ਕਾਵਿ ਕਿਰਤਾਂ ਦਾ ਮੁੱਖ ਝੁਕਾਅ ਪ੍ਰੋਲਤਾਰੀ ਵਰਗ ਅਤੇ ਨਿਮਨ ਕਿਰਸਾਨੀ ਦੇ ਸੰਕਟਾਂ ਨੂੰ ਉਜਾਗਰ ਕਰਨਾ, ਜਗੀਰਦਾਰੀ ਸਰਮਾਏਦਾਰੀ ਪ੍ਰਬੰਧ ਅਤੇ ਬੁਰਜ਼ੂਆ ਜਮਹੂਰੀਅਤ ਨੂੰ ਆਪਣੇ ਵਿਅੰਗ ਦਾ ਨਿਸ਼ਾਨਾ ਬਣਾਉਣਾ, ਤੇ ਮੰਨੂਵਾਦੀ ਬ੍ਰਾਹਮਣੀ ਸਭਿਆਚਾਰ ਦੀਆਂ ਸਥਾਪਿਤ ਸਮਾਜਿਕ ਕਦਰਾਂ-ਕੀਮਤਾਂ ਦੁਆਰਾ ਕੀਤੇ ਜਾਂਦੇ ਆਮ ਲੁਕਾਈ ਦੇ ਸ਼ੋਸ਼ਣ ਨੂੰ ਬੇ-ਨਕਾਬ ਕਰਨਾ ਰਿਹਾ ਹੈ। ਜਿਸ ਤਹਿਤ ਉਹ ਹਿੰਦੂਵਾਦੀ ਮਿਥਿਹਾਸਿਕ ਚਿੰਨ੍ਹਾਂ ਦਾ ਆਪਣੀਆਂ ਕਵਿਤਾਵਾਂ ਵਿਚ ਵਿਸਫੋਟ ਕਰਦੇ ਹਨ ਅਤੇ ਉਨ੍ਹਾਂ ਵਿਚ ਨਵੇਂ ਅਰਥ ਭਰਨ ਵੱਲ ਵਧਦੇ ਹਨ। ਰਾਜਪਾਲ ਸਿੰਘ ਦੇ ਵਿਚਾਰ ਅਨੁਸਾਰ "ਇਸ ਨੇ ਪੰਜਾਬ ਦੇ ਲੋਕਾਂ ਦੀ ਸਿਆਸੀ ਚੇਤਨਾ ਤੇ ਵੱਡੇ ਅਸਰ ਪਾਏ ਹਨ। ਇਸ ਦੇ ਅਸਰ ਹੇਠ ਪੰਜਾਬ ਦੇ ਜਨਤਕ ਸੰਘਰਸ਼ਾਂ ਨੂੰ ਵੱਧ ਖਾੜਕੂ ਰੂਪ ਮਿਲਿਆ, ਇਸ ਲਹਿਰ ਦੀਆਂ ਬੇਗਰਜ ਸ਼ਹੀਦੀਆਂ ਨੇ ਆਰਥਿਕ ਲੁੱਟ-ਖਸੁੱਟ, ਰਾਜਨੀਤਕ ਧਕੇਸ਼ਾਹੀ ਅਤੇ ਫਿਰਕਾਪ੍ਰਸ਼ਤੀ ਖ਼ਿਲਾਫ ਲੜਨ ਵਾਲਿਆਂ ਲਈ ਕੁਰਬਾਨੀਆਂ ਦੇ ਨਵਾਂ ਮਾਡਲ ਸਥਾਪਿਤ ਕੀਤਾ ਅਤੇ ਸਮਾਜਵਾਦੀ ਸਮਾਜ ਦੀ ਸਥਾਪਨਾ ਲਈ ਨਵਾਂ ਪ੍ਰੇਰਨਾ ਸ੍ਰੋਤ ਕਾਇਮ ਹੋਇਆ।" ਤਾਂ ਅਸੀਂ ਕਹਿ ਸਕਦੇ ਹਾਂ ਕਿ ਇਸ ਦੀ ਦਰਕਾਰ ਮੁੜ ਉਭਰੀ ਹੈ ਜਦੋਂ ਅੱਜ ਫਿਰ ਸ਼ਰਮਾਦਾਰੀ ਦੌਰ ਨੇ ਸਮਾਜ ਉੱਤੇ ਆਪਣੀ ਪਕੜ ਹੋਰ ਮਜਬੂਤ ਬਣਾ ਲਈ ਹੈ, ਗਲੋਬਲੀ ਕਾਰਪੋਰੇਟੀ ਮਾਡਲ ਨੇ ਦੌਲਤ ਚੰਦ ਹੱਥਾਂ ਵਿਚ ਕੇਂਦਰਤ ਕਰ ਦਿੱਤੀ ਹੈ ਜਿਸ ਕਰਕੇ ਅਮੀਰ-ਗਰੀਬ ਵਿਚ ਪਾੜਾ ਹੱਦੋਂ ਵੱਧ ਵਧਿਆ ਹੈ। ਪਿਛਲੇ ਪੰਜਾਹ ਸਾਲਾਂ ਵਿਚ ਇਕ ਪਾਸੇ ਤਾਂ ਬੁਰਜ਼ੂਆਂ ਜਮਹੂਰੀ ਪ੍ਰਬੰਧ ਦਾ ਨਕਾਬ ਲਹਿ ਗਿਆ ਹੈ। ਦੂਜੇ ਪਾਸੇ ਜਿਹੜਾ ਰਾਜਸੀ ਸਮਾਜਿਕ ਯਥਾਰਥ ਲੁਪਤ ਸੀ ਅੱਜ ਨੰਗੇ ਚਿੱਟੇ ਰੂਪ ਵਿਚ ਸਾਹਮਣੇ ਆ ਗਿਆ ਹੈ।, ਤਾਂ ਇਸ ਦੌਰ ਵਿਚ ਨਕਸਲਬਾੜੀ ਦੌਰ ਦੀ ਕਵਿਤਾ ਦਾ ਪੁਨਰ-ਉਭਾਰ ਕੇਵਲ ਇਤਿਹਾਸਕ ਕਾਰਜ ਨਹੀਂ ਹੈ ਸਗੋਂ ਇਸਦੀ ਸਮਕਾਲੀ ਮਹੱਤਤਾ ਹੈ। ਨਕਸਲਬਾੜੀ ਦੀ ਘਟਨਾਂ ਇਤਿਹਾਸਕ ਪ੍ਰੇਰਨਾਂ ਦਾ ਸੋਮਾ ਅਤੇ ਸਬਕ ਬਣ ਸਕਦੀ ਹੈ। ਇਸ ਪ੍ਰਸੰਗ ਵਿਚ ਨਕਸਲੀ ਕਾਵਿ ਲੋਕ ਮਨਾਂ ਵਿਚ ਬਗਾਵਤ ਦੇ ਬੀਜ ਬੀਜੇਗਾ, ਵਸਤੂ ਸਥਿਤੀ ਤੋਂ ਜਾਣੂ ਕਰਵਾਏਗਾ ਅਤੇ ਲੁਕਾਈ ਨੂੰ ਸੰਘਰਸ਼ ਦੇ ਰਾਹ ਤੋਰੇਗਾ। ਇਸ ਨਕਸਬਾੜੀ ਦੇ ਸਾਹਿਤ ਨੂੰ ਮੁੜ ਪ੍ਰਭਾਸ਼ਿਤ ਤੇ ਪ੍ਰਫੁਲਿਤ ਦੀ ਸਮਕਾਲ ਦੀ ਅਤੀ ਜਰੂਰੀ ਲੋੜ ਹੈ।

**ਰਿਸਰਚ ਸਕਾਲਰ, ਪੰਜਾਬੀ ਵਿਭਾਗ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**

# ਪਰਵਾਸੀ ਪੰਜਾਬੀ ਕਹਾਣੀ ਵਿਚ ਪੇਸ਼ ਪਰਵਾਸੀ ਬਜ਼ੁਰਗਾਂ ਦਾ ਸਤਾਪ / ਪੱਲਵੀ ਜੋਸ਼ੀ

ਪਰਵਾਸ ਸ਼ਬਦ ਦੀ ਵਰਤੋਂ ਮੁੱਢ ਕਦੀਮੀ ਹੁੰਦੀ ਆਈ ਹੈ। ਪਰਵਾਸ ਦੀ ਹੋਂਦ ਬਹੁਤ ਪੁਰਾਣੀ ਹੈ। ਮਨੁੱਖੀ ਸੁਭਾਅ ਦੀ ਘੁੰਮਣ ਫਿਰਨ ਦੀ ਬਿਰਤੀ ਪਰਵਾਸ ਨੂੰ ਜਨਮ ਦਿੰਦੀ ਹੈ। ਮਨੁੱਖੀ ਸੁਭਾਅ ਤੇ ਪਰਵਾਸ ਦੋਨੋ ਗਤੀਸ਼ੀਲ ਪ੍ਰਕਿਰਿਆਵਾਂ ਹਨ। ਪਰਵਾਸ ਦਾ ਸ਼ਾਬਦਿਕ ਅਰਥ ਹੈ ਕਿਸੇ ਹੋਰ ਥਾਂ ਆਵਾਸ ਕਰਨਾ। ਅਜੋਕੇ ਸਮੇਂ ਵਿਚ ਕਿਸੇ ਮਨੁੱਖ ਦੇ ਪਰਵਾਸੀ ਬਣਨ ਦਾ ਕਾਰਨ ਪਿਉ ਪਿਤਰੀ ਧਰਤੀ ਉਤੇ ਪੈਦਾ ਹੋਈ ਅਸੰਤੁਸ਼ਟਤਾ ਹੈ। ਭਾਵੇਂ ਮਨੁੱਖ ਦੇ ਪਰਵਾਸ ਧਾਰਨ ਕਰਨ ਦੇ ਕਾਰਨ ਰਾਜਨੀਤਿਕ, ਸਮਾਜਕ ਵੀ ਹਨ ਪਰੰਤੂ ਇਸਦਾ ਮੁੱਖ ਕਾਰਨ ਆਰਥਿਕਤਾ ਹੀ ਬਣਦੀ ਹੈ। ਪਹਿਲਾਂ-ਪਹਿਲ ਪਰਿਵਾਰ ਦਾ ਕੋਈ ਜੀਅ ਹੀ ਪਰਵਾਸ ਧਾਰਨ ਕਰਦਾ ਸੀ ਅਤੇ ਫਿਰ ਟੱਬਰਾਂ ਨੂੰ ਲਿਜਾਉਣ ਦਾ ਰੁਝਾਨ ਵਧੀਆ। ਹੁਣ ਭਾਰਤ/ਪੰਜਾਬੀ ਰਹਿ ਗਏ ਮਾਪਿਆਂ ਨੂੰ ਪੱਛਮੀ ਮੁਲਕਾਂ ਵਿਚ ਬੁਲਾ ਲੈਣ ਦਾ ਰੁਝਾਨ ਵਧਿਆ ਹੈ। ਭਾਰਤ/ਪੰਜਾਬ ਵਿਚ ਔਲਾਦ ਨੂੰ ਭੇਜ ਕੇ ਇੱਕਲਤਾ ਦਾ ਸੰਤਾਪ ਭੋਗ ਰਹੇ ਬਜ਼ੁਰਗ ਜਲਦੀ ਤੋਂ ਜਲਦੀ ਪੱਛਮੀ ਮੁਲਕਾਂ ਵਿਚ ਪਹੁੰਚ ਜਾਣਾ ਚਾਹੁੰਦੇ ਹਨ ਅਤੇ ਉਥੋਂ ਦੀਆਂ ਸੁੱਖ ਸਹੂਲਤਾਂ ਨੂੰ ਮਾਣਨ ਅਤੇ ਆਪਣਾ ਅੰਤਲਾ ਸਮਾਂ ਸਵਰਗ ਰੂਪੀ ਧਰਤੀ ਉਤੇ ਬਤੀਤ ਕਰਨ ਦਾ ਸੁਪਨਾ ਲੈਂਦੇ ਹਨ ਪਰ ਵਿੰਡਬਨਾ ਉਦੋਂ ਪੈਦਾ ਹੁੰਦੀ ਹੈ ਜਦੋਂ ਸਾਮੰਤੀ ਕਦਰਾਂ-ਕੀਮਤਾਂ ਨਾਲ ਪਰਨਾਏ ਬਜ਼ੁਰਗਾਂ ਦਾ ਸਾਹਮਣਾ ਪੂੰਜੀਵਾਦੀ ਮੁਲਕਾਂ ਦੀ ਵਿਚਲੀ ਹਕੀਕਤ ਨਾਲ ਹੁੰਦਾ ਹੈ। ਧੁਰ ਅੰਦਰੋਂ ਟੁੱਟਿਆ ਬਜ਼ੁਰਗ ਮਾਨਸਿਕ ਸੰਤਾਪ ਹੰਢਾਉਂਦਾ ਹੈ। ਬਜ਼ੁਰਗਾਂ ਦੀ ਇਸ ਸਥਿਤੀ ਦਾ ਵਰਣਨ ਪਰਵਾਸੀ ਪੰਜਾਬੀ ਕਹਾਣੀ ਬਾਖੂਬੀ ਕਰਦੀ ਹੈ।

ਸਾਮੰਤੀ ਪੰਜਾਬੀ ਸਭਿਆਚਾਰ ਵਿਚ ਬਜ਼ੁਰਗਾਂ ਦਾ ਸਤਿਕਾਰ ਕਰਨਾ, ਉਹਨਾਂ ਦੇ ਵਡੇਰੇ ਰਿਸ਼ਤੇ ਦਾ ਮਹੱਤਵ ਵਿਸ਼ੇਸ਼ ਥਾਂ ਰੱਖਦਾ ਹੈ। ਸਮਾਜੀ ਵਿਕਾਸ ਨਾਲ ਵਾਪਰੇ ਕਦਰ-ਪ੍ਰਬੰਧ ਵਿਚ ਪਰਿਵਰਤਨ ਨੇ ਵਡੇਰਿਆਂ ਦੇ ਸਭਿਆਚਾਰਕ ਰੁਤਬੇ ਵਿਚ ਤਬਦੀਲੀ ਲੈ ਆਦੀ। ਇਸ ਦਾ ਪ੍ਰਤੱਖ ਪ੍ਰਮਾਣ ਨਿੱਤ ਬਣ ਰਹੇ ਬਿਰਧ ਆਸ਼ਰਮ ਜਾਂ ਸਹਾਰਾ ਸਥਾਨ ਹਨ। ਸਾਮੰਤੀ ਰਿਸ਼ਤਿਆਂ ਦੀ ਬਣਤਰ ਅਨੁਸਾਰ ਬਜ਼ੁਰਗ ਅੰਤਲਾ ਸਮਾਂ ਆਪਣੀ ਅਗਲੀ ਪੀੜ੍ਹੀ ਉਪਰ ਆਸ਼ਰਿਤ ਹੋ ਕੇ ਬਤੀਤ ਕਰਦੇ ਹਨ। ਬਜ਼ੁਰਗਾਂ ਦੀ ਅੰਤਲੇ ਸਮੇਂ ਵਿਚ ਟੇਕ ਆਪਣੇ ਬੱਚਿਆਂ ਉਤੇ ਹੁੰਦੀ ਹੈ। ਜਿਨ੍ਹਾਂ ਬਜ਼ੁਰਗ ਜੋੜਿਆਂ ਦੇ ਧੀਆਂ-ਪੁੱਤ ਵਿਦੇਸ਼ਾਂ ਵਿਚ ਜਾ ਵਸੇ ਹਨ, ਉਹਨਾਂ ਦੀ ਵੀ ਖਵਾਹਿਸ਼ ਹੁੰਦੀ ਹੈ ਕਿ ਉਹ ਆਪਣੇ ਬੱਚਿਆਂ ਕੋਲ ਸੁੱਖ-ਆਰਾਮ ਦਾ ਜੀਵਨ ਬਤੀਤ ਕਰਨਗੇ। ਸਥਿਤੀ ਦਾ ਦੁਖਾਂਤ ਹੈ ਕਿ ਪੱਛਮੀ ਮੁਲਕਾਂ ਵਿਚ ਉਹਨਾਂ ਨੂੰ ਉਹ ਸਤਿਕਾਰ ਨਹੀਂ ਮਿਲ ਪਾਉਂਦਾ ਜਿਸ ਦੀ ਆਸ ਉਹ ਆਪਣੀ ਔਲਾਦ ਕੋਲੋਂ ਕਰਦੇ ਹਨ। ਇਸ ਦਾ ਇਕ ਕਾਰਨ ਪੂੰਜੀਵਾਦ ਅਤੇ ਖਪਤ ਸਭਿਆਚਾਰ ਦੀ ਚੂਹਾ ਦੋੜ ਵਿਚ ਗ੍ਰਸਤ ਬੱਚਿਆਂ ਕੋਲ ਬਜ਼ੁਰਗ ਮਾਪਿਆਂ ਲਈ ਸਮੇਂ ਦੀ ਘਾਟ ਹੈ ਅਤੇ ਦੂਜਾ ਕਾਰਨ ਨਵੀਂ ਪੀੜ੍ਹੀ ਦਾ ਆਦਰਸ਼ ਸਭਿਆਚਾਰਕ ਤੇ ਸਾਮੰਤੀ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਹੋਣਾ, ਕਿਸੇ ਦਖਲ-ਅੰਦਾਜ਼ੀ ਨੂੰ ਕਿਸੇ ਵੀ ਕੀਮਤ ਉਤੇ ਸਵੀਕਾਰਨ ਲਈ ਤਿਆਰ ਨਾ ਹੋਣਾ ਹੈ। ਪੱਛਮੀ ਰੰਗ ਵਿਚ ਰੰਗੀ ਹੋਈ ਪੂੰਜੀਵਾਦੀ ਤਹਿਜ਼ੀਬ ਵਿਚ ਗ੍ਰਸੀ ਇਸ ਪੀੜ੍ਹੀ ਲਈ ਘਰ ਵਿਚ ਕਿਸੇ ਬਜ਼ੁਰਗ ਦਾ ਹੋਣਾ ਜਾਂ ਨਾ ਹੋਣਾ ਕੋਈ ਮਹੱਤਵ ਨਹੀਂ ਰੱਖਦਾ। ਮੁੰਡੇ ਜਾਂ ਕੁੜੀ ਦੇ ਬਜ਼ੁਰਗ ਮਾਪੇ, ਧੀਆਂ-ਪੁੱਤਾਂ ਤੇ ਨੂੰਹਾਂ ਤੋਂ ਅਤੇ ਉਹਨਾਂ ਦੀ ਔਲਾਦ ਦੇ ਪਿਆਰ ਤੋਂ ਭਰਮ ਮੁਕਤ ਹੋ ਕੇ ਘਰ ਵਿਚ ਕੋਈ ਅਣਲੋੜੀਂਦੀ ਫਾਲਤੂ ਵਸਤ ਬਣ ਕੇ ਰਹਿ ਜਾਂਦੇ ਹਨ। ਬਜ਼ੁਰਗ ਖੁਰ ਰਹੀ ਸਾਮੰਤੀ ਮਨੁੱਖੀ ਰਿਸ਼ਤਿਆਂ ਦੀ ਪਛਾਣ ਤੇ ਮਾਨਵੀ ਰੈਲ ਤੋਂ ਮੁਕਤ ਮਨੁੱਖਤਾ ਉਤੇ ਹੰਝੂ ਕੇਰਦੇ ਹੋਏ ਆਪਣੇ ਅੰਤਲੇ ਦਿਨਾਂ ਵਿਚ ਬਨਵਾਸ ਭੋਗਦੇ ਨਜ਼ਰ ਆਉਂਦੇ ਹਨ। ਪਰਵਾਸੀ ਪੰਜਾਬੀ ਅਤੇ ਆਦਰਸ਼ਕ ਸਭਿਆਚਾਰਕ ਵਿਰਸੇ ਨੂੰ ਆਪਣੀ ਅਗਲੇਰੀ ਪੀੜ੍ਹੀ ਦੇ ਹਵਾਲੇ ਨਾ ਕਰ ਸਕਣ ਦੇ ਸੰਤਾਪ ਨੂੰ ਹੰਢਾ ਰਹੇ ਹਨ। ''ਜਿਹੜੀ ਜੀਵਨ ਜਾਂਚ, ਜਿਹੜਾ ਸਲੀਕਾ, ਜਿਹੜੀ ਸ਼ਨਾਖਤ ਜਾਂ ਸੂਝ ਗੋਚਰੇ ਹੋਰ ਅਨੇਕ ਪਹਿਲੂ ਜੋ ਨਵੀਂ ਪੀੜ੍ਹੀ ਨੇ ਆਪਣੇ ਚੋਗਿਰਦੇ ਵਿਚੋਂ ਸਹਿਜ ਸੁਭਾਅ ਹੀ ਗ੍ਰਹਿਣ ਕਰ ਲੈਣੇ ਸਨ, ਉਹ ਤਰਦੱਦ ਨਾਲ ਸਿਖਾਉਣੇ ਨਿਭਾਉਣੇ ਵੀ ਔਖੇ ਹੀ ਨਹੀਂ ਅਸੰਭਵ ਹੋ ਗਏ ਹਨ। ਪਰਵਾਸੀ ਸੰਵੇਦਨਾ ਵਿਚਲਾ ਇਹ ਦੁਵੱਲਾ ਭਾਵਨਾਤਮਕ ਦਮਨ ਪਰਵਾਸ ਨੂੰ ਉਸ ਦੀ ਅਸਤਿਤਵਕ ਹੋਂਦ ਲਈ ਹੀ ਨਹੀਂ ਉਸ ਦੇ ਸਭਿਆਚਾਰਕ ਆਪੇ ਲਈ ਵੀ ਮਰਨ ਭੂਮੀ ਵਜੋਂ ਨਿਸ਼ਚਿਤ ਕਰ ਰਿਹਾ ਹੈ ਅਤੇ ਸੰਵੇਦਨਸ਼ੀਲ ਆਪੇ ਲਈ ਇਹ ਸਚਮੁੱਚ ਦੁਖਾਂਤਕ ਹੈ।'' 1 ਉਪਰੋਕਤ ਕਥਨ ਜਰਨੈਲ ਦੁਆਰਾ ਰਚਿਤ ਕਹਾਣੀ 'ਪਛਾਣ' ਦੇ ਸੁੱਲਖਣ ਸਿੰਘ ਦਾ ਵਿਹਾਰਕ ਸੱਚ ਹੈ ਅਤੇ ਇਹ ਕਹਾਣੀ ਪੱਛਮੀ ਮੁਲਕਾਂ ਵਿਚ ਬਜ਼ੁਰਗਾਂ ਦੀ ਦੁਖਾਂਤਕ ਸਥਿਤੀ ਨੂੰ ਰੂਪਾਇਤ ਕਰਦੀ ਹੈ।

ਪੱਛਮੀ ਮੁਲਕਾਂ ਦੀ ਜੰਮਪਲ ਪਰਵਾਸੀਆਂ ਦੀ ਨਵੀਂ ਪੀੜ੍ਹੀ ਆਪਣੀ ਨਿੱਜੀ ਜ਼ਿੰਦਗੀ ਵਿਚ ਕਿਸੇ ਪ੍ਰਕਾਰ ਦੀ ਦਖ਼ਲ-ਅੰਦਾਜ਼ੀ ਨੂੰ ਬਰਦਾਸ਼ਤ ਨਹੀਂ ਕਰਦੀ। ਜੇਕਰ ਕਦੇ ਘਰ ਦੇ ਬਜ਼ੁਰਗ ਆਪਣੇ ਪੋਤੇ-ਪੋਤੀਆਂ ਨੂੰ ਕਿਸੇ ਗੱਲ/ਗ਼ਲਤੀ ਉਤੇ ਘੂਰ ਦੇਣ ਤਾਂ ਬਜ਼ੁਰਗ ਨੂੰ ਹੀ ਬੱਚਿਆਂ ਨੂੰ ਘੂਰਨ ਤੋਂ ਰੋਕਿਆ ਜਾਂਦਾ ਹੈ। ਪੱਛਮੀ ਮੁਲਕਾਂ ਦਾ ਵਿਅਕਤੀਗਤ ਆਜ਼ਾਦੀ ਦਾ ਕਾਨੂੰਨ ਵੀ ਬੱਚਿਆਂ ਪ੍ਰਤੀ ਕਿਸੇ ਹਿੰਸਕ ਵਿਵਹਾਰ ਦਾ ਵਿਰੋਧ ਕਰਦਾ ਹੈ। 'ਪਛਾਣ' ਕਹਾਣੀ ਦਾ ਪਾਤਰ ਸੁੱਲਖਣ ਸਿੰਘ ਜਦੋਂ ਆਪਣੀ ਪੋਤੀ ਨੂੰ ਗੋਰੇ ਮੁੰਡੇ ਡੇਵ ਨਾਲ ਆਪੱਤੀਜਨਕ ਹਾਲਾਤ

ਵਿਚ ਵੇਖ ਕੇ ਗੁੱਸਾ ਹੁੰਦਾ ਹੈ ਅਤੇ ਸਾਰੀ ਗੱਲ ਆਪਣੇ ਨੂੰਹ-ਪੁੱਤ ਨੂੰ ਦੱਸਦਾ ਹੈ ਤਾਂ ਨੂੰਹ-ਪੁੱਤ ਦੁਆਰਾ ਆਪਣੀ ਧੀ ਨੂੰ ਕੁਝ ਵੀ ਕਹਿਣ ਦੀ ਬਜਾਏ ਸੁੱਲਖਣ ਸਿੰਘ ਨੂੰ ਹੀ ਸਮਝਾਇਆ ਜਾਂਦਾ ਹੈ ਅਤੇ ਪੱਛਮੀ ਮੁਲਕਾਂ ਵਿਚਲੇ ਕਾਨੂੰਨੀ ਹੱਕਾਂ ਸੰਬੰਧੀ ਦੱਸਿਆ ਜਾਂਦਾ ਹੈ। ਸੁੱਲਖਣ ਸਿੰਘ ਦੀ ਨੂੰਹ ਹਰਿੰਦਰ ਕਹਿੰਦੀ ਹੈ:

''ਪਾਪਾ ! ਤੁਹਾਨੂੰ ਏਨੀ ਵਾਰ ਕਿਹੈ ਪਈ ਏਥੇ ਉਹ ਇੰਡੀਆਂ ਵਾਲੀਆਂ ਗੱਲਾਂ ਨਹੀਂ ਚੱਲਦੀਆਂ।'' ਹਰਿੰਦਰ ਸਿਆਣੀ ਜਿਹੀ ਬਣ ਕੇ ਬੋਲੀ। 2

ਅਜਿਹੀ ਸਥਿਤੀ ਵਿਚ ਬਜ਼ੁਰਗਾਂ ਨੂੰ ਆਪਣੀ ਹੋਂਦ ਗੁਆਚਦੀ ਪ੍ਰਤੀਤ ਹੁੰਦੀ ਹੈ। ਨੂੰਹ-ਪੁੱਤ ਅਤੇ ਪੋਤੇ-ਪੋਤੀ ਵਲੋਂ ਹੁੰਦੀ ਬੇਕਦਰੀ ਉਹਨਾਂ ਦੇ ਮਾਨਸਿਕ ਸੰਤਾਪ ਦਾ ਕਾਰਨ ਹੋ ਨਿਬੜਦੀ ਹੈ। ਜਿਥੇ ਬਜ਼ੁਰਗ ਆਪਣੇ ਆਪ ਨੂੰ ਘਰ ਦਾ ਮੁੱਖੀ ਹੋਣ ਦਾ ਸਾਮੰਤੀ ਭਰਮ ਪਾਲੀ ਬੈਠਾ ਹੁੰਦਾ ਹੈ, ਉਸ ਭਰਮ ਨੂੰ ਪੂੰਜੀਵਾਦੀ ਕਦਰ ਪ੍ਰਬੰਧ ਨੂੰ ਵਰੋਸਾਈ ਨਵੀਂ ਪੀੜ੍ਹੀ ਤੋੜਨ ਵਿਚ ਬਿਲਕੁਲ ਵੀ ਸੰਕੋਚ ਨਹੀਂ ਕਰਦੀ। ਉਹਨਾਂ ਲਈ ਆਪਣੀ ਨਿੱਜੀ ਵਿਅਕਤੀਗਤ ਜ਼ਿੰਦਗੀ ਦੀ ਮਹੱਤਤਾ ਘਰ ਦੇ ਮੁੱਖੀ ਨਾਲੋਂ ਵੱਡੀ ਹੈ। 'ਪਛਾਣ' ਕਹਾਣੀ ਵਿਚ ਜਦੋਂ ਸੁੱਲਖਣ ਸਿੰਘ ਆਪਣੀ ਪੋਤੀ ਦੇ ਦੋਸਤ ਡੇਵ ਨੂੰ ਗੁੱਸਾ ਹੁੰਦਾ ਹੋਇਆ ਘਰ ਵਾਪਿਸ ਨਾ ਆਉਣ ਦੀ ਹਿਦਾਇਤ ਕਰਦਾ ਹੈ ਤਾਂ ਆਪਣੇ ਦੋਸਤ ਡੇਵ ਦੀ ਬੇਇੱਜ਼ਤੀ ਬਰਦਾਸ਼ਤ ਨਾ ਕਰਦੀ ਹੋਈ ਪੈਮ (ਸੁੱਲਖਣ ਸਿੰਘ ਦੀ ਪੋਤੀ) ਚੀਖ ਉਠਦੀ ਹੈ:

''ਹੂ ਦਾ ਹੈੱਲ ਆਰ ਯੂ ਟੂ ਸਟੌਪ ਅਸ।
ਆਪਣਾ ਕੰਮ ਕਰੋ।
ਪੈਮ ਚੀਖੀ।
''ਵੈੱਲ, ਮੈਂ ਇਸ ਫੈਮਿਲੀ ਦਾ ਹੈੱਡ ਆਂ।''
''ਮੈਨੂੰ ਨਹੀਂ ਪ੍ਰਵਾਹ ਕਿਸੇ ਹੈੱਡ ਜਾਂ ਹੋਰ ਦੀ। ਮੇਰੀ ਆਪਣੀ ਇੰਡਿਵਿਯੂਅਲ ਲਾਈਫ਼ ਆ।'' 3

ਉਹਨਾਂ ਲਈ ਦਾਦਾ-ਦਾਦੀ ਘਰ ਦੇ ਵੱਡੇ ਨਹੀਂ ਬਲਕਿ 'ਓਲਡ ਮੈਨ' ਹਨ ਅਤੇ 'ਓਲਡ ਮੈਨ' ਘਰ ਵਿਚ ਉਹਨਾਂ ਨੂੰ ਆਪਣੀ ਖੋਹੀ ਜਾ ਰਹੀ ਆਜ਼ਾਦੀ ਦੇ ਦੋਸ਼ੀ ਪ੍ਰਤੀਤ ਹੁੰਦੇ ਹਨ।

ਪੂੰਜੀਵਾਦੀ ਪ੍ਰਬੰਧ ਗਰਜ ਅਤੇ ਸੁਆਰਥ ਉਪਰ ਕੇਂਦਰਿਤ ਹੋਣ ਨਾਲ ਮਨੁੱਖ ਦੀ ਅਹਿਮੀਅਤ ਰਿਸ਼ਤਿਆਂ ਦੀ ਦ੍ਰਿਸ਼ਟੀ ਤੋਂ ਨਹੀਂ ਸਗੋਂ ਪੂੰਜੀ ਦੀ ਦ੍ਰਿਸ਼ਟੀ ਤੋਂ ਕਰਦਾ ਹੈ। ਵਿਕਸਤ ਪੂੰਜੀਵਾਦੀ ਮੁਲਕਾਂ ਵਿਚ ਮਨੁੱਖੀ ਰਿਸ਼ਤੇ ਉਹੋ ਹੀ ਅਰਥ ਰੱਖਦੇ ਹਨ ਜਿਥੇ ਮਨੁੱਖ ਦਾ ਮਨੁੱਖ ਨਾਲ ਕਈ ਵਿਸ਼ੇਸ਼ ਸੰਬੰਧ ਹੈ। ਇਸੇ ਕਰਕੇ ਰਿਸ਼ਤਿਆਂ ਦੀ ਲੰਮੀ-ਚੌੜੀ ਵਿਆਕਰਣ ਤੋਂ ਮੁਕਤ ਵਿਕਸਤ ਪੂੰਜੀਵਾਦ ਇਕਹਿਰੇ ਰਿਸ਼ਤਾ-ਪ੍ਰਬੰਧ ਦਾ ਅਨੁਸਾਰੀ ਹੋ ਗਿਆ ਹੈ। ਪਰਵਾਸੀ ਜੀਵਨ ਬਤੀਤ ਕਰਦਾ ਮਨੁੱਖ ਅਵਚੇਤਨ ਦੀ ਪੱਧਰ ਉਪਰ ਇੰਨ੍ਹਾਂ ਰਿਸ਼ਤਿਆਂ ਨੂੰ ਸਵੀਕਾਰ ਨਹੀਂ ਜਿਸ ਕਰਕੇ ਦੁਖਾਂਤ ਭੋਗਦਾ ਹੈ ਪਰੰਤੂ ਇਹ ਪੂੰਜੀਵਾਦੀ ਕਦਰ ਪ੍ਰਬੰਧ ਦੀ ਉਭਰਵੀ ਪਛਾਣ ਹੈ। ਇਸੇ ਪ੍ਰਕਾਰ 'ਗੁਆਚੇ ਲੋਕ' ਕਹਾਣੀ ਵਿਚ ਵੀ ਸ਼ਮਸ਼ੇਰ ਸਿੰਘ ਦੇ ਹਸਪਤਾਲ ਵਿਚ ਦਾਖਲ ਰਹਿਣ ਤੋਂ ਬਾਅਦ ਆਪਣੀ ਬੇਸਮੰਟ ਵਿਚ ਇੱਕਲਿਆਂ ਰਹਿਣ 'ਤੇ ਉਸਦੇ ਨੂੰਹ-ਪੁੱਤ ਸਿਰਫ਼ ਫੋਨ ਉਤੇ ਹੀ ਹਾਲ-ਚਾਲ ਪੁੱਛਦੇ ਹਨ। ਉਹਨਾਂ ਨੂੰ ਸ਼ਮਸ਼ੇਰ ਸਿੰਘ ਦੇ ਇੱਕਲੇ ਰਹਿਣ ਜਾਂ ਖ਼ਰਾਬ ਸਿਹਤ ਦੀ ਫ਼ਿਕਰ ਨਹੀ। ਉਹ ਸਿਰਫ਼ ਲੋਕਾਂ ਦੀਆਂ ਵੋਟਾਂ ਇੱਕਠੀਆਂ ਕਰਨ ਲਈ ਸ਼ਮਸ਼ੇਰ ਸਿੰਘ ਨੂੰ ਆਪਣੇ ਘਰ ਲਿਆਉਣਾ ਚਾਹੁੰਦੇ ਹਨ ਤਾਂ ਜੋ ਭਾਈਚਾਰੇ ਵਿਚ ਇਹ ਦਿਖਾ ਸਕਣ ਕਿ ਉਹ ਪੂਰਬੀ ਕਦਰ ਪ੍ਰਬੰਧ ਦੇ ਅਨੁਸਾਰੀ ਹਨ। ਸ਼ਮਸ਼ੇਰ ਦੀ ਨੂੰਹ ਪਾਲੀ ਕਹਿਦੀ ਹੈ:

... ਮਨਜਿੰਦਰ ਭਾਜੀ ਦਾ ਐਮ. ਪੀ. ਬਣਨਾ ਸਾਡੇ ਲਈ ਹੀ ਨਹੀਂ ਸਾਰੀ ਭਾਰਤੀ ਕਮਿਊਨਿਟੀ ਵਾਸਤੇ ਬੜੇ ਮਾਣ ਵਾਲੀ ਗੱਲ ਹੋਵੇਗੀ। ਤੁਸੀਂ ਭਾਜੀ ਦੇ ਘਰ ਜਾਣ ਲਈ ਮੰਨ ਜਾਓ... ਉਹ ਲੋਕਾਂ 'ਚ ਕਹਿ ਸਕਣਗੇ ਕਿ ਮੈਂ ਫੈਮਿਲੀ-ਵੈਲਯੂਜ ਦਾ ਮੁਦਈ ਹਾਂ। 4

ਉਪਰੋਕਤ ਵਾਰਤਾਲਾਪ ਪਰਵਾਸੀ ਪੰਜਾਬੀਆਂ ਦੇ ਦੋਗਲੇਪਨ ਵਾਲੇ ਰਵੱਈਏ ਨੂੰ ਤਾਂ ਪ੍ਰਗਟ ਕਰਦੀ ਹੀ ਹੈ ਪਰੰਤੂ ਇਸ ਦੀ ਤਹਿ ਵਿਚ ਕਾਰਜਸ਼ੀਲ ਪੱਛਮੀ ਕਦਰ ਪ੍ਰਬੰਧ ਸਪੱਸ਼ਟ ਹੈ ਕਿ ਬਜ਼ੁਰਗ ਬਾਹਰੀ ਤੌਰ 'ਤੇ ਮਹੱਤਵ ਰੱਖਦਾ ਹੈ ਕਿਉਂਕਿ ਉਹ ਭਾਰਤੀ ਮੂਲ ਦੇ ਹਨ ਪਰੰਤੂ ਅੰਦਰੂਨੀ ਤੌਰ 'ਤੇ ਬਜ਼ੁਰਗ ਅਰਥਹੀਣ ਹਨ।

ਪੂੰਜੀਵਾਦੀ ਸਮਾਜ ਵਿਚ ਵਿਚਰ ਰਿਹਾ ਪਰਵਾਸੀ ਪੰਜਾਬੀ ਮਾਨਵੀ ਰਿਸ਼ਤਿਆਂ ਨੂੰ ਪਦਾਰਥ-ਜਿਣਸ ਵਿਚ ਤਬਦੀਲ ਕਰ ਰਿਹਾ ਹੈ। ਰਿਸ਼ਤਿਆਂ ਨੂੰ ਵਪਾਰਕ ਦ੍ਰਿਸ਼ਟੀ ਤੋਂ ਪ੍ਰਖਦਾ ਹੈ। ਪੂੰਜੀ ਦੀ ਚਕਾਚੌਂਧ ਵਿਚ ਗੁਆਚੇ ਮਨੁੱਖ ਨੂੰ ਭਾਵੇਂ ਰਿਸ਼ਤਿਆਂ ਵਿਚ ਪੈ ਰਹੀ ਵਿੱਥ ਦਾ ਅਹਿਸਾਸ ਨਹੀਂ ਪਰੰਤੂ ਪੰਜਾਬ ਵਿਚੋਂ ਗਏ ਬਜ਼ੁਰਗਾਂ ਲਈ ਔਲਾਦ ਦਾ ਇਹ ਵਿਵਹਾਰ ਕਾਫ਼ੀ ਤਨਾਓ ਪੂਰਨ ਹੋ ਨਿਬੜਦਾ ਹੈ। 'ਸਰਦ ਰਿਸ਼ਤੇ' ਕਹਾਣੀ ਦਾ ਮੁੱਖ ਪਾਤਰ ਪਰਵਾਸੀ ਪੰਜਾਬੀ ਬਜ਼ੁਰਗ ਆਪਣੀ ਪਿਛਲੀ ਉਮਰੇ ਕੈਨੇਡਾ ਵਿਚ ਵਸੇ ਆਪਣੇ ਪੁੱਤਰ ਕੋਲ ਆ ਵਸਿਆ। ਕੈਨੇਡਾ ਆਉਣ ਵੇਲੇ ਉਸਨੇ ਆਪਣੇ ਪੁੱਤ ਪੋਤਰਿਆਂ ਵਿਚ ਰਹਿ ਕੇ ਸੁੱਖ-ਮਾਣਨ ਦੇ ਜਿਹੜੇ ਸੁਪਨੇ ਲਏ ਸਨ-ਉਹ ਸੁਪਨੇ ਪੂੰਜੀ ਸਭਿਆਚਾਰ ਦੀਆਂ ਅਮਾਨਵੀ ਕਦਰਾਂ-ਕੀਮਤਾਂ ਨਾਲ ਟਕਰਾ ਕੇ ਟੁੱਟ ਜਾਂਦੇ ਹਨ। ਉਸ ਦੀ ਨੂੰਹ-ਪੋਤੇ-ਪੋਤਰੀਆਂ ਦਾ ਉਸ ਪ੍ਰਤੀ ਵਤੀਰਾ ਰੁੱਖਾ ਹੈ। ਪੁੱਤ ਕੋਲ ਵੀ ਪਿਤਾ ਦਾ ਹਾਲ ਪੁੱਛਣ ਦਾ ਸਮਾਂ ਨਹੀਂ। ਔਲਾਦ ਦਾ ਮੋਹ ਹੀਣ ਵਤੀਰਾ ਬਜ਼ੁਰਗ ਨੂੰ ਦਿਨ ਭਰ ਘਰ ਤੋਂ ਬਾਹਰ ਗੁਰਦੁਆਰੇ ਵਿਚ ਰਹਿਣ ਲਈ ਮਜ਼ਬੂਰ ਕਰਦਾ ਹੈ:

ਮੁੰਡੇ ਕੋਲ ਟੈਮ ਈ ਨੀ ਹਾਲ ਪੁੱਛਣ ਦਾ...

ਜਾਂ ਕੰਮ ਤੇ ਓਵਰ ਟੈਮ... ਜਾਂ ਭਾਈਬੰਦਾਂ ਨਾਲ ਪੀਈ ਜਾਣੀ... ਘਰਾਂ ਦੀਆਂ ਗੱਲਾਂ ਈ ਕਰਦੇ ਰੈਂਦੇ ਆ... ਨਮੇਂ ਘਰ... ਬੜੇ ਘਰ... ਇੰਨ੍ਹਾਂ ਨੂੰ ਕੋਈ ਪੁੱਛੇ ਬੁੜ੍ਹੇ ਤਾਂ ਤੁਹਾਡੇ ਸੜਕਾਂ ਤੇ ਰੁਲਦੇ ਫਿਰਦੇ ਆ... ਕੀ ਕਰਨਾ ਬੜੇ ਘਰਾਂ ਨੂੰ... 5

ਕਹਾਣੀ ਵਿਚਲਾ ਬਜ਼ੁਰਗ ਪਾਤਰ ਪਰਵਾਸੀ ਪੰਜਾਬੀਆਂ ਦੀ ਪੱਛਮੀ ਸਮਾਜ ਦੀ ਪਦਾਰਾਥਵਾਦੀ ਜੀਵਨ ਸ਼ੈਲੀ ਦੀ ਦੌੜ ਵਿਚ ਮਨੁੱਖ ਦਾ ਸਿਰਫ਼ ਪੈਸੇ ਤੇ ਪਦਾਰਥਾਂ ਤੱਕ ਸਿਮਟ ਜਾਣ ਦੀ ਸੱਚਾਈ ਨੂੰ ਬਿਆਨਦਾ ਹੈ। ਪੂੰਜੀ ਦੀ ਦੌੜ ਵਿਚ ਮਾਨਵੀ ਰਿਸ਼ਤਿਆਂ ਦੇ ਮਾਇਅਨੇ ਗੁਆਚ ਚੁੱਕੇ ਹਨ। ਅਜਿਹੀ ਅਵਸਥਾ ਵਿਚ ਬਜ਼ੁਰਗ ਦਿਨ ਕਟੀ ਹੀ ਕਰ ਰਿਹਾ ਹੈ। ਉਹ ਸਵੇਰੇ ਚਾਹ ਦਾ ਕੱਪ ਪੀ ਕੇ ਘਰੋ ਗੁਰਦੁਆਰੇ ਆ ਜਾਂਦਾ ਹੈ ਅਤੇ ਰਾਤ ਨੂੰ ਸੌਣ ਵੇਲੇ ਹੀ ਘਰ ਮੁੜਦਾ। ਉਹ ਰਿਸ਼ਤਿਆਂ ਦੀ ਟੁੱਟ-ਭੱਜ ਤੋਂ ਉਪਜੀ ਸਥਿਤੀ ਦਾ ਦੁਖਾਂਤ ਭੋਗਦਾ ਹੈ।

ਪਰਵਾਸ ਭੋਗ ਰਹੇ ਬਜ਼ੁਰਗ ਸਾਂਝੇ ਟੱਬਰਾਂ ਵਿਚੋਂ ਗਏ ਹੋਣ ਕਾਰਨ ਪੂੰਜੀਵਾਦੀ ਮੁਲਕਾਂ ਵਿਚ ਇੱਕਲ ਦਾ ਸੰਤਾਪ ਭੋਗਣ ਲਈ ਮਜ਼ਬੂਰ ਹਨ। ਹਾਲਾਤਾਂ ਨਾਲ ਸਮਝੋਤਾ ਕਰਦੇ ਬਜ਼ੁਰਗ ਪਰਵਾਸੀ ਜੀਵਨ ਹੰਢਾਉਂਦੇ ਹੋਏ ਮਾਨਸਿਕ ਸੰਤਾਪ ਭੋਗ ਰਹੇ ਹਨ ਉਹਨਾਂ ਦੀ ਤਰਸਮਈ ਸਥਿਤੀ ਨੂੰ ਪਰਵਾਸੀ ਪੰਜਾਬੀ ਕਹਾਣੀ ਵਿਚ ਬਾਖੂਬੀ ਪ੍ਰਗਟ ਕੀਤਾ ਗਿਆ ਹੈ।

**ਹਵਾਲੇ ਤੇ ਟਿੱਪਣੀਆਂ**


1. ਪੰਜਾਬੀ ਕਹਾਣੀ ਸ਼ਾਸਤਰ ਪੰਨਾ 91
2. ਜਰਨੈਲ ਸਿੰਘ- ਦੋ ਟਾਪੂ- ਪੰਨਾ 36
3. ਉਹੀ- ਪੰਨਾ 31
4. ਜਰਨੈਲ ਸਿੰਘ- ਟਾਵਰਜ਼- ਪੰਨਾ 85
5. ਅਮਨਪਾਲ ਸਾਰਾ- ਸਰਦ ਰਿਸ਼ਤੇ- ਪੰਨਾ 32



**ਰਿਸਰਚ ਸਕਾਲਰ,**
**ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ**
**ਚੰਡੀਗੜ੍ਹ।**


## ਬੀਤੇ ਪਲਾਂ ਦਾ ਰੇਸ਼ਮ / ਅਨੁਪਮਾ ਚਤੁਰਵੇਦੀ



ਇਹ ਪਲ ਕਿੰਨੀ ਤੇਜ਼ੀ ਨਾਲ ਗੁਜਰ ਰਹੇ ਨੇ
ਪਰ ਮਾਲਾ ਖੁਸ਼ੀਆਂ ਦੀ ਬੁਣ ਰਹੇ ਨੇ
ਇਕ ਦਿਨ ਫੁਰਸਤ ਵਿੱਚ ਜਦੋਂ ਬੈਠਾਂਗੀ
ਇਨ੍ਹਾਂ ਮੋਤੀਆਂ ਨੂੰ ਉਂਗਲ ਨਾਲ ਗਿਣਾਂਗੀ
ਉਦੋਂ ਇਹ ਪਲ ਫਿਰ ਪਰਤਣਗੇ ਜ਼ਹਿਨ ਵਿੱਚ
ਪਰ ਛੋਹ ਭੁੱਲੀ ਯਾਦਾਂ ਦੀ ਮਨ ਵਿੱਚ

ਕਾਸ਼ ਇਹ ਯਾਦਾਂ ਜਾਦੂ ਦੀਆਂ ਹੋ ਜਾਂਦੀਆਂ
ਜਦੋਂ ਮਨ ਚਾਹੇ ਹਕੀਕਤ ਬਣ ਜਾਂਦੀਆਂ
ਸਾਰੇ ਬੀਤੇ ਲੋਕ ਫਿਰ ਸਾਹਮਣੇ ਆ ਜਾਂਦੇ
ਹੌਂਸਲਾ ਬੰਨ੍ਹਾ ਫਿਰ ਗੁਆਚ ਜਾਂਦੇ
ਜੋ ਦਿਲ ਨੂੰ ਦੁਖਾ ਕੇ ਚਲੇ ਗਏ
ਦੋ ਪਲ ਉਨ੍ਹਾਂ ਨਾਲ ਗੱਲਾਂ ਦੇ ਹੋ ਜਾਂਦੇ

ਇੱਕ ਇੱਕ ਗੱਲ ਪਿਆਰੀ ਮਜ਼ੇ ਦੀ
ਕਾਸ਼ ਤ੍ਰੇਲ ਬਣ ਕੇ ਹਰ ਸਵੇਰ ਆਉਂਦੀ
ਫੁੱਲਾਂ ਦੀਆਂ ਪੰਖੜੀਆਂ ਤੇ ਬੈਠ
ਮਨ ਨੂੰ ਫਿਰ ਤਾਜ਼ਾ ਗੁਲਾਬੀ ਕਰ ਜਾਂਦੀ
ਮੇਰੇ ਬੁਢਾਪੇ ਦੇ ਪਤੇ ਤੇ
ਇਹ ਚਿੱਠੀਆਂ ਗੱਲਾਂ ਦੀਆਂ
ਝੱਟ ਡਾਕ ਵਿੱਚ ਆ ਜਾਂਦੀਆਂ

ਇੱਕ ਲਿਫ਼ਾਫ਼ਾ ਰੋਜ਼ ਮਿਲਦਾ
ਜ਼ਿੰਦਗੀ ਦਾ ਕੋਈ ਮਕਸਦ ਦਿਸਦਾ
ਝੁਰੜੀਆਂ ਦੇ ਵਿੱਚ ਆ ਕੇ ਇਹ ਚਿੱਠੀਆਂ
ਮੈਨੂੰ ਫਿਰ ਤੋਂ ਜ਼ਰਾ ਜਵਾਨ ਬਣਾਉਂਦੀਆਂ
ਕਈ ਹਨ੍ਹੇਰੀਆਂ ਕਾਲੀਆਂ ਤੁਫਾਨੀ ਰਾਤਾਂ

ਇਨ੍ਹਾਂ ਯਾਦਾਂ ਨਾਲ ਰੋਸ਼ਨ ਆਬਾਦ ਹੋ ਜਾਂਦੀ।

## ਦੇਖ ਕਬੀਰਾ....

ਡਾਕਟਰ ਰਾਹੀ ਮਾਸੂਮ ਰਜ਼ਾ ਨੂੰ ਫਿਲਮ ਨਿਰਮਾਤਾ ਨਿਰਦੇਸ਼ਕ ਬੀ ਆਰ ਚੋਪੜਾ ਨੇ ਮਹਾਭਾਰਤ ਟੀ ਵੀ ਸੀਰੀਅਲ ਦੀ ਪਟਕਥਾ ਲਿਖਣ ਨੂੰ ਕਿਹਾ।

ਰਾਹੀ ਮਾਸੂਮ ਰਜ਼ਾ ਨੇ ਇਨਕਾਰ ਕਰ ਦਿੱਤਾ। ਦੂਜੇ ਦਿਨ ਇਹ ਖਬਰ ਅੱਖਬਾਰ ਵਿੱਚ ਛਪ ਗਈ।

'ਹਜ਼ਾਰਾਂ ਲੋਕਾਂ ਨੇ ਚੋਪੜਾ ਨੂੰ ਚਿੱਠੀ ਲਿਖੀ ਕਿ - ਇਕ ਮੁਸਲਮਾਨ ਹੀ ਮਿਲਿਆ ਸੀ 'ਮਹਾਭਾਰਤ' ਲਿਖਵਾਉਣ ਲਈ?'

ਚੋਪੜਾ ਨੇ ਸਾਰੀਆਂ ਚਿੱਠੀਆਂ ਮਾਸੂਮ ਰਜ਼ਾ ਕੋਲ ਭੇਜ ਦਿੱਤੀਆਂ।

ਚਿੱਠੀਆਂ ਦੇ ਢੇਰ ਨੂੰ ਵੇਖ ਕੇ ਰਾਹੀ ਮਾਸੂਮ ਰਜ਼ਾ ਨੇ ਕਿਹਾ, 'ਹੁਣ ਮੈਂ ਹੀ ਲਿਖਾਂਗਾ ਮਹਾਭਾਰਤ ਦੀ ਪਟਕਥਾ, ਕਿਉਂਕਿ ਮੈਂ ਗੰਗਾ ਦਾ ਪੁੱਤਰ ਹਾਂ।'

ਰਾਹੀ ਮਾਸੂਮ ਰਜ਼ਾ ਨੇ ਜਦ ਟੀ ਵੀ ਸੀਰੀਅਲ ਮਹਾਭਾਰਤ ਦੀ ਪਟਕਥਾ ਲਿਖੀ ਤਾਂ ਉਹਨਾਂ ਦੇ ਘਰ ਚਿੱਠੀਆਂ ਦੇ ਅੰਬਾਰ ਲੱਗ ਗਏ। ਲੋਕਾਂ ਨੇ ਡਾ. ਰਾਹੀ ਮਾਸੂਮ ਰਜ਼ਾ ਦੀਆਂ ਬਹੁਤ ਸਿਫ਼ਤਾਂ ਕੀਤੀਆਂ, ਬਹੁਤ ਦੁਆਵਾਂ ਦਿੱਤੀਆਂ।

ਚਿੱਠੀਆਂ ਦੀਆਂ ਕਈ ਪੰਡਾਂ ਬਣ ਗਈਆ ਪਰ ਇਕ ਨਿੱਕੀ ਜਿਹੀ ਪੰਡ ਉਹਨਾਂ ਦੀ ਮੇਜ ਦੇ ਕਿਨਾਰੇ ਸਾਰੀਆਂ ਚਿੱਠੀਆਂ ਤੋਂ ਅੱਡ ਪਈ ਸੀ।

ਉਹਨਾਂ ਦੀ ਮੇਜ ਦੇ ਕਿਨਾਰੇ ਅੱਡ ਪਈ ਚਿੱਠੀਆਂ ਦੀ ਛੋਟੀ ਜਿਹੀ ਪੰਡ ਬਾਰੇ ਪੁੱਛਣ ਤੇ ਰਾਹੀ ਮਾਸੂਮ ਰਜ਼ਾ ਨੇ ਜਵਾਬ ਦਿੱਤਾ, ਇਹ ਉਹ ਚਿੱਠੀਆਂ ਹਨ ਜਿਨ੍ਹਾਂ ਵਿੱਚ ਮੈਨੂੰ ਗਾਹਲਾਂ ਲਿਖੀਆਂ ਗਈਆਂ ਹਨ।

ਕੁਝ ਹਿੰਦੂ ਇਸ ਗੱਲ ਤੋਂ ਨਰਾਜ਼ ਹਨ ਕਿ ਤੇਰੀ ਹਿੰਮਤ ਕਿੰਵੇਂ ਹੋਈ ਇਕ ਮੁਸਲਮਾਨ ਹੋ ਕੇ ਮਹਾਭਾਰਤ ਦੀ ਪਟਕਥਾ ਲਿਖਣ ਦੀ?

ਕੁਝ ਮੁਸਲਮਾਨ ਨਾਰਾਜ਼ ਹਨ ਕਿ ਤੂੰ ਹਿੰਦੂਆਂ ਦੀ ਕਿਤਾਬ ਨੂੰ ਕਿਉ ਲਿਖਿਆ।

ਰਾਹੀ ਸਾਹਿਬ ਨੇ ਕਿਹਾ :- ਚਿੱਠੀਆਂ ਦੀ ਇਹ ਸੱਭ ਤੋਂ ਛੋਟੀ ਪੰਡ ਅਸਲ ਵਿਚ ਮੈਨੂੰ ਹੌਂਸਲਾਂ ਦਿੰਦੀ ਹੈ ਕਿ ਮੁਲਕ ਵਿਚ ਮਾੜੇ ਬੰਦੇ ਕਿੰਨੇ ਘੱਟ ਹਨ।

ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਅੱਜ਼ ਵੀ ਨਫਰਤ ਫੈਲਾਉਣ ਵਾਲਿਆਂ ਦੀ ਛੋਟੀ ਪੰਡ ਸਾਡੀ ਪਿਆਰ ਮੁਹੱਬਤ ਦੀ ਵੱਡੀ ਪੰਡ ਤੋਂ ਬਹੁਤ ਛੋਟੀ ਹੈ।

## ਪਿਤਾ / ਗੁਰਸੇਵਕ ਲੰਬੀ



ਪਿਤਾ ਦੇ ਹੁੰਦਿਆਂ
ਰੱਬ ਛੋਟਾ ਲੱਗਦਾ ਹੈ
ਸੂਰਜ ਕੋਸਾ
ਤੇ ਬਰਫ ਨਿੱਘੀ

ਪਿਤਾ ਦੇ ਹੁੰਦਿਆਂ
ਜੇਬ ਭਰੀ ਰਹਿੰਦੀ ਹੈ
ਕਿੱਕਰਾਂ ਨੂੰ ਅੰਬ ਲੱਗਦੇ ਨੇ
ਤੇ ਮੀਂਹ ਦੀਆਂ ਬੂੰਦਾਂ
ਪਤਾਸੇ ਬਣ ਜਾਂਦੀਆਂ ਹਨ

ਪਿਤਾ ਦੇ ਹੁੰਦਿਆਂ
ਸਾਰਾ ਬਾਜ਼ਾਰ
ਸਾਰੀ ਧਰਤੀ
ਸਾਰਾ ਅੰਬਰ
ਥੋੜਾ ਹੁੰਦਾ ਹੈ

ਪਿਤਾ ਦੇ ਹੁੰਦਿਆਂ
ਕੋਈ ਪੱਗ ਬੇਗਾਨੀ ਨਹੀਂ ਹੁੰਦੀ
ਕੋਈ ਰੰਗ ਸਫੇਦ ਨਹੀਂ ਲੱਗਦਾ
ਤੇ ਕੋਈ ਸਾਹ ਹਾਉਂਕਾ ਨਹੀਂ ਬਣਦਾ

ਪਿਤਾ ਦੇ ਹੁੰਦਿਆਂ
ਦਿਲ ਧੜਕਦਾ ਹੈ
ਪਿਤਾ ਦੇ ਹੁੰਦਿਆਂ
ਸੁਪਨੇ ਆਉਂਦੇ ਨੇ
ਪਿਤਾ ਦੇ ਹੁੰਦਿਆਂ
ਕਵਿਤਾ ਉੱਤਰਦੀ ਹੈ।

## ਗੁਰਪ੍ਰੀਤ ਕੌਰ ਦਾ ਕਾਵਿ-ਸੰਗ੍ਰਹਿ
## ਖ਼ੁਸ਼ਬੂ ਕੈਦ ਨਹੀਂ ਹੁੰਦੀ : ਸੱਚੇ-ਸੁੱਚੇ ਪਿਆਰ ਰੰਗ ਵਿੱਚ ਲਬਰੇਜ਼ ਕਾਵਿ / ਗੁਰਪ੍ਰੀਤ ਸਿੰਘ

'ਖ਼ੁਸ਼ਬੂ ਕੈਦ ਨਹੀਂ ਹੁੰਦੀ' (2020) ਗੁਰਪ੍ਰੀਤ ਕੌਰ ਦਾ ਦੂਜਾ ਕਾਵਿ-ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਆ ਗੱਲਾਂ ਕਰੀਏ (2018) ਕਾਵਿ-ਸੰਗ੍ਰਹਿ ਨਾਲ ਉਹ ਸਮਕਾਲੀ ਪੰਜਾਬੀ ਕਵਿਤਾ ਵਿੱਚ ਆਪਣੀ ਹਾਜ਼ਰੀ ਦਰਜ਼ ਕਰਵਾ ਚੁੱਕੀ ਹੈ ਅਤੇ ਇਸ ਨਵੇਂ ਕਾਵਿ-ਸੰਗ੍ਰਹਿ ਨਾਲ ਆਪਣੀ ਪਛਾਣ ਨੂੰ ਹੋਰ ਗੂੜ੍ਹਿਆਂ ਕਰਦੀ ਹੈ। ਹਰਿਆਣਾ ਨਵੰਬਰ, 1966 ਤੋਂ ਪਹਿਲਾਂ ਪੰਜਾਬ ਰਾਜ ਦਾ ਹੀ ਹਿੱਸਾ ਸੀ। ਹਰਿਆਣਾ ਰਾਜ ਬਣਨ ਤੋਂ ਬਾਅਦ ਉਸ ਸਮੇਂ ਦੀ ਸਰਕਾਰ ਅਤੇ ਉਸ ਤੋਂ ਬਾਅਦ ਕੁਝ ਹੋਰ ਸਰਕਾਰਾਂ ਨੇ ਪੰਜਾਬੀ ਭਾਸ਼ਾ ਨੂੰ ਜਿਵੇਂ ਅਣਡਿੱਠ ਕੀਤਾ, ਉਸ ਨਾਲ ਇੱਥੇ ਰਹਿ ਰਹੇ ਪੰਜਾਬੀ ਸਾਹਿਤਕਾਰਾਂ ਨੂੰ ਕਈ ਕਿਸਮ ਦੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਪਰ ਇਹ ਪੰਜਾਬੀਆਂ ਦੀ ਖ਼ੂਬੀ ਹੈ ਕਿ ਉਹ ਮੁਸ਼ਕਿਲਾਂ ਤੇ ਮੁਸੀਬਤਾਂ ਵਿੱਚ ਵੀ ਜੀਣਾ ਜਾਣਦੇ ਹਨ। ਅਜੇ ਵੀ ਪੰਜਾਬੀ ਭਾਸ਼ਾ ਪ੍ਰਤਿ ਸਰਕਾਰ ਦਾ ਰਵੱਈਆ ਬਹੁਤਾ ਵਧੀਆ ਤਾਂ ਨਹੀਂ ਕਿਹਾ ਜਾ ਸਕਦਾ ਪਰ ਹੁਣ ਅਸੀਂ ਪਹਿਲਾਂ ਜਾਂ ਸ਼ੁਰੂ ਵਾਲੇ ਹਾਲਾਤ ਤੋਂ ਕੁਝ ਬਿਹਤਰ ਵਾਲੀ ਸਥਿਤੀ ਵਿੱਚ ਹਾਂ। ਹਰਿਆਣਾ ਰਾਜ ਬਣਨ ਨਾਲ ਇੱਥੇ ਰਹਿ ਰਹੇ ਪੰਜਾਬੀ ਸਾਹਿਤਕਾਰਾਂ ਨਾਲ ਧੱਕਾ ਇਹ ਹੋਇਆ ਇਹ ਮੁੱਖ-ਧਾਰਾ ਤੋਂ ਕੱਟੇ ਗਏ ਪਰ ਇਸਦੇ ਬਾਵਜੂਦ ਇਹ ਸਾਹਿਤ ਰਚਨਾ ਕਰਨ ਵਾਲਾ ਧਰਮ ਪਾਲਦੇ ਰਹੇ। ਪੰਜਾਬੀ ਕਵਿਤਾ ਦੇ ਖੇਤਰ ਵਿੱਚ ਹਰਿਆਣਾ ਦੇ ਕਈ ਅਹਿਮ ਕਵੀ ਪਛਾਣੇ ਜਾ ਸਕਦੇ ਹਨ। ਕਰਤਾਰ ਸਿੰਘ ਸੁਮੇਰ, ਭਗਵਾਨ ਦਾਸ ਮਜ਼ਬੂਰ, ਹਰਭਜਨ ਸਿੰਘ ਕੋਮਲ, ਹਰਭਜਨ ਸਿੰਘ ਰੈਣੂ, ਰਮੇਸ਼ ਕੁਮਾਰ, ਰਤਨ ਸਿੰਘ ਢਿੱਲੋਂ, ਸੁਦਰਸ਼ਨ ਗਾਸੋ, ਰਾਬਿੰਦਰ ਮਸਰੂਰ ਅਤੇ ਕਵਿੱਤਰੀ ਪਾਲ ਕੌਰ ਦਾ ਨਾਮ ਆਧੁਨਿਕ ਪੰਜਾਬੀ ਕਵਿਤਾ ਵਿੱਚ ਮੁੱਖ-ਧਾਰਾ ਦੀ ਮੂਹਰਲੀ ਕਤਾਰ ਦੇ ਪੰਜਾਬੀ ਕਵੀਆਂ ਵਿੱਚ ਗਿਣਿਆ ਜਾਂਦਾ ਹੈ। ਹੁਣ ਗੁਰਪ੍ਰੀਤ ਕੌਰ ਦਾ ਨਵੀਂ ਪੀੜ੍ਹੀ ਦੀਆਂ ਕਵਿੱਤਰੀਆਂ ਵਿੱਚ ਇੱਕ ਮਹੱਤਵਪੂਰਨ ਨਾਮ ਹੈ।

ਅੰਬਾਲਾ ਸ਼ਹਿਰ ਵਾਸੀ ਤੇ ਸਰਕਾਰੀ ਸਕੂਲ ਵਿੱਚ ਲੈਕਚਰਰ ਵੱਜੋਂ ਕਾਰਜ ਕਰ ਰਹੀ ਗੁਰਪ੍ਰੀਤ ਕੌਰ ਇਸ ਸਮੇਂ ਪੰਜਾਬੀ ਕਵੀ ਦਰਬਾਰਾਂ ਦੀ ਸ਼ਾਨ ਹੈ। ਦੇਸ਼ ਦੇ ਕੋਨੇ-ਕੋਨੇ ਵਿੱਚ ਹੁੰਦੇ ਪੰਜਾਬੀ ਕਵੀ ਦਟਬਾਰਾਂ ਵਿੱਚ ਅਕਸਰ ਉਸਦੀ ਹਾਜ਼ਰੀ ਦੇਖੀ ਜਾ ਸਕਦੀ ਹੈ। ਉਸ ਦੀਆਂ ਕਵਿਤਾਵਾਂ ਵਿੱਚ ਥੋੜ੍ਹੇ ਸ਼ਬਦਾਂ ਵਿੱਚ ਬਹੁਤ ਕੁੱਝ ਕਹਿਣ ਦੀ ਸਮਰੱਥਾ ਹੈ। ਉਸ ਦੀਆਂ ਕਵਿਤਾਵਾਂ ਵਿੱਚ ਉਲਾਰ ਭਾਵ ਨਹੀਂ ਬਲਕਿ ਸਹਿਜ ਭਾਵ ਹੈ। ਉਹ ਅਜੋਕੇ ਕਾਲ-ਖੰਡ ਵਿੱਚ ਰਚੀ ਜਾ ਰਹੀ ਪੰਜਾਬੀ ਕਵਿਤਾ ਨੂੰ ਰੂਪਾਕਾਰ ਅਤੇ ਵਿਚਾਰਧਾਰਕ ਪ੍ਰਗਟਾਅ ਪੱਖੋਂ ਨਵੀਆਂ ਪੈੜਾਂ ਵਾਲੀਆਂ ਲੀਹਾਂ 'ਤੇ ਪਾ ਰਹੀ ਹੈ। ਗੁਰਪ੍ਰੀਤ ਨੇ ਲੋਕ ਸਰੋਕਾਰਾਂ ਅਤੇ ਔਰਤ ਦੇ ਲੋਕ ਵਿਰੋਧੀ ਮਸਲਿਆਂ ਨੂੰ ਜਨਤਕ ਕਰਨ ਹਿੱਤ ਕਲਮ ਚੁੱਕੀ ਜਾਪਦੀ ਹੈ।

'ਖ਼ੁਸ਼ਬੂ ਕੈਦ ਨਹੀਂ ਹੁੰਦੀ' ਕਾਵਿ-ਪੁਸਤਕ ਵਿੱਚ ਟੱਪੇ, ਗੀਤ ਅਤੇ ਖੁੱਲ੍ਹੀ ਕਵਿਤਾ ਦਾ ਸੁਮੇਲ ਮਿਲਦਾ ਹੈ। ਉਸਦੀ ਕਵਿਤਾ ਦਾ ਮੁੱਖ ਵਿਸ਼ਾ ਪਿਆਰ ਹੈ। ਜਿਸ ਅਧੀਨ ਉਹ ਪਿਆਰ ਰੂਹਾਂ ਨੂੰ ਸਮਾਜਿਕ ਪਾੜੇ, ਜਾਤ-ਪਾਤ ਜਾਂ ਅਣਖ ਦੀ ਭੇਟ ਚੜ੍ਹਦੇ ਨਹੀਂ ਦਿਖਾਉਂਦੀ ਸਗੋਂ ਇਨ੍ਹਾਂ ਦਾ ਸਾਹਮਣਾ ਕਰਨ ਦਾ ਹੌਸਲਾ ਬੰਨ੍ਹਾਉਂਦੀ ਹੈ। ਉਸ ਦੀਆਂ ਕਵਿਤਾਵਾਂ ਵਿੱਚ ਬਿਰਹਾ ਦੀ ਅੱਗ, ਵਿਛੋੜੇ ਦਾ ਸੇਕ ਅਤੇ ਹਿਜ਼ਰ ਦੇ ਭਾਂਬੜ ਨਜ਼ਰ ਆਉਂਦੇ ਹਨ। ਨਾ ਕਿ ਵਸਲ ਦੀ ਠੰਡ ਜਾਂ ਮਿਲਾਪ ਦੀ ਰੁੱਤ। ਗੁਰਪ੍ਰੀਤ ਕੌਰ ਪਸਤ ਹੋ ਚੁੱਕੀ ਨਾਰੀ ਦੀ ਧਿਰ ਬਣਕੇ ਉਸ ਨੂੰ ਹੌਸਲਾ ਦਿੰਦੀ ਹੈ ਤੌਖਲਿਆਂ ਦੇ ਵਿਰੁੱਧ ਖੜ੍ਹਾ ਹੋਣ ਤਿਆਰ ਕਰਦੀ ਹੈ। ਦਰਅਸਲ ਸਮਾਜਕ ਤਾਣਾ-ਬਾਣਾ ਹੀ ਐਸਾ ਬਣ ਚੁੱਕਿਆ ਹੈ ਜਿਸ ਵਿੱਚ ਆਜ਼ਾਦੀ ਦਾ ਸੁਪਨਾ, ਸੁਪਨਾ ਬਣਕੇ ਹੀ ਰਹਿ ਗਿਆ ਜਾਪਦਾ ਹੈ, ਪਰ ਗੁਰਪ੍ਰੀਤ ਇਸ ਪ੍ਰਪੰਚ ਨੂੰ ਲਾਹਣਤਾਂ ਪਾਉਂਦੀ ਨਜ਼ਰ ਆਉਂਦੀ ਹੈ। ਇਉਂ ਉਹ ਹਾਂ ਪੱਖੀ ਸੋਚ ਨੂੰ ਹਲੂਣਾ ਦਿੰਦੀ ਹੋਈ ਨਾਰੀ ਦੇ ਪੱਖਾਂ ਦੀ ਗੱਲ ਕਰਦੀ ਹੈ ਅਤੇ ਦੰਭੀ ਮਰਦ ਪ੍ਰਧਾਨ ਸਮਾਜ 'ਤੇ ਕਟਾਖ਼ਸ਼ ਵੀ ਕਰਦੀ ਹੈ।

ਪਿਆਰ ਦੇ ਰੰਗਾਂ ਨੂੰ ਗੂੜ੍ਹੇ ਅਰਥ ਦਿੰਦੀਆਂ ਉਸ ਦੀਆਂ ਕਵਿਤਾਵਾਂ ਸਮਾਜ ਵਿੱਚ ਪਿਆਰ ਦੇ ਅਰਥਾਂ ਨੂੰ ਸਪੱਸ਼ਟ ਕਰਦੀ ਜਾਪਦੀ ਹੈ। ਪਿਆਰ ਉਸ ਲਈ ਸੱਚ ਵਾਲਾ ਹੈ, ਪਹਿਚਾਣ ਵਾਲਾ ਹੈ ਅਤੇ ਪਿਆਰ ਨਿੱਜੀ ਨਾ ਰਹਿੰਦਾ ਹੋਇਆ ਪਰ ਵੱਲ ਪਰਤਦਾ ਵਿਸ਼ਾਲ ਅਰਥ ਗ੍ਰਹਿਣ ਕਰਦਾ ਹੈ। ਮੈਂ ਤੇ ਤੂੰ ਦੇ ਪਿਆਰ ਦਾ ਪਸਾਰ ਸੰਗੀਤ ਦੀਆਂ ਗਾਇਨ ਸ਼ੈਲੀਆਂ ਰਾਹੀਂ ਇਸ ਤਰ੍ਹਾਂ ਪੇਸ਼ ਕਰਦੀ ਹੈ:

'ਆਵਾਜ਼ ਮੇਰੀ'
ਸੁਰ ਤੇਰੇ
ਰਾਗ ਪਿਆਰ ਦਾ
ਤਾਲ ਧੜਕਨ ਦੀ
ਗੀਤ ਬਣ ਗਈ
ਸ਼ੜਜ ਤੋਂ ਨਿਸ਼ਾਦ
ਸੱਤ ਸੁਰਾਂ
ਮੰਦ੍ਰ ਤੋਂ ਤਾਰ ਸਪਤਕ
ਤੂੰ ਹੀ ਹੈ
ਰਾਗਾਂ ਦੀ ਰੂਹ
ਤੂੰ ਹੀ ਹੈ!1

ਇਉਂ ਉਹ ਸੰਗੀਤ ਦੀਆਂ ਸਾਰੀਆਂ ਸੁਰਾਂ ਤੇ ਬੋਲਾਂ

ਦੇ ਨਾਲ ਪਿਆਰ ਦੀ ਅਵਸਥਾ ਨੂੰ ਪੇਸ਼ ਕਰਦੀ ਹੈ। ਸੰਗੀਤ ਦੇ ਰਾਗਾਂ ਦੀ ਤਰ੍ਹਾਂ ਪ੍ਰੇਮੀ (ਤੂੰ) ਅਤੇ ਮੈਂ ਦੇ ਜੀਵਨ ਵਿੱਚ ਖੁਸ਼ੀਆਂ ਦੀ ਲਹਿਰ ਬਣਕੇ ਆਇਆ ਹੈ। ਮੈਂ ਤੇ ਤੂੰ ਪਿਆਰ ਤੋਂ ਬਿਨਾ ਅਧੂਰੇ ਹਨ; ਜੇਕਰ ਇਸ ਵਿੱਚ ਊਣਾਪਣ ਹੈ ਤਾਂ ਉਹ ਹੋਰ ਕੁਝ ਵੀ ਹੋ ਸਕਦਾ ਹੈ, ਪਰ ਪਿਆਰ ਨਹੀਂ ਹੈ। ਉਹ ਕਦੇ ਵਿਛੜਨਾ ਨਹੀਂ ਚਾਹੁੰਦੇ, ਹਮੇਸ਼ਾ-ਹਮੇਸ਼ਾ ਲਈ ਦਿਲ ਵਾਲੇ ਘਰ ਵਿੱਚ ਵੱਸ ਜਾਣਾ ਚਾਹੁੰਦੇ ਹਨ। ਪਰ ਸ਼ਰਤ ਇਹ ਹੈ ਕਿ ਇਸ ਪਿਆਰ ਵਿੱਚ ਨਾ ਚਲਾਕੀਆਂ ਦੇ ਡੇਰੇ ਹੋਣ ਨਾ ਮਤਲਬਾਂ ਲਈ ਕੋਈ ਥਾਂ ਹੋਵੇ। ਅਜਿਹੀ ਪਿਆਰ ਵਾਲੇ ਰਾਗਾਂ ਦਾ ਅਲਾਪ ਤੂੰ ਤੇ ਮੈਂ ਕਰਦੇ ਜਾਪਦੇ ਹਨ।

ਪਿਆਰ ਨੂੰ ਜਿਸ ਅਹਿਸਾਸ ਤੇ ਸ਼ਿੱਦਤ ਨਾਲ ਗੁਰਪ੍ਰੀਤ ਨੇ ਪੇਸ਼ ਕੀਤਾ ਹੈ ਸ਼ਾਇਦ ਹੋਰ ਬਹੁਤ ਘੱਟ ਕਵੀ ਕਰ ਸਕੇ ਹਨ। ਉਸਦੇ ਸ਼ਬਦਾਂ ਵਿੱਚ ਮੌਲਿਕਤਾ ਹੈ, ਉਸਦੇ ਸੀਨੇ 'ਚ ਉੱਠਿਆ ਹਉਕਾ ਸਮੁੰਦਰ ਵਿੱਚ ਉੱਠੇ ਉਛਾਲ ਵਰਗਾ ਹੈ। ਜਿਸ ਤਰ੍ਹਾਂ ਚਿਰਾਗ ਬੁੱਝ ਜਾਣ ਦੇ ਡਰ ਤੋਂ ਬਲਣਾ ਨਹੀਂ ਛੱਡਦੇ, ਉਸੇ ਤਰ੍ਹਾਂ ਗੁਰਪ੍ਰੀਤ ਪਿਆਰ ਦੇ ਅਹਿਸਾਸ ਨੂੰ ਸਦੀਵੀ ਮੰਨਦੀ ਹੈ ਅਤੇ ਪਿਆਰ ਦੀ ਅਣਹੋਂਦ ਵਿੱਚ ਉਸਨੂੰ ਜੀਵਨ ਦੀ ਹੋਂਦ ਨਿਰਾਰਥਕ ਜਾਪਦੀ ਹੈ। ਉਹ ਪਿਆਰ ਨੂੰ ਆਦਰਸ਼ਕ ਰਿਸ਼ਤਾ ਮੰਨਦੀ ਹੈ। ਇਹ ਰਿਸ਼ਤਾ ਗਰਜਾਂ ਅਤੇ ਖ਼ੁਦਗਰਜ਼ੀਆਂ ਤੋਂ ਉੱਚਾ ਸਥਾਨ ਰੱਖਦਾ ਹੈ ਤੇ ਹਰ ਇਨਸਾਨ ਇਹੋ ਜਿਹੇ ਪਿਆਰ ਲਈ ਤਾਂਘ ਰੱਖਦਾ ਹੈ। ਭਾਵੇਂ ਇਹ ਤਾਂਘ ਕਈ ਵਾਰ ਇੱਕ ਮ੍ਰਿਗ ਤ੍ਰਿਸ਼ਨਾ ਬਣਕੇ ਰਹਿ ਜਾਂਦੀ ਹੈ ਪਰ ਆਦਰਸ਼ਾਂ ਲਈ ਤਾਂਘ ਇੱਕ ਮਨੁੱਖੀ ਫਿਤਰਤ ਅਤੇ ਸੁਪਨਾ ਹੈ। ਗੁਰਪ੍ਰੀਤ ਕੌਰ ਦੇ ਇਸ ਕਾਵਿ-ਸੰਗ੍ਰਹਿ ਦੀ 'ਮੈਂ ਅਧੂਰੀ' ਕਵਿਤਾ ਇਸਦੀ ਪ੍ਰਤੱਖ ਮਿਸਾਲ ਹੈ:

ਮੈਂ ਅਧੂਰੀ
ਤੇਰੇ ਨਾਲ ਪੂਰੀ
ਤੂੰ ਛੂਹ ਲਿਆ
ਗਲ਼ ਲਾ ਲਿਆ
ਛੱਡੀਂ ਨਾ
ਰੱਖ ਲਵੀਂ
ਲੁਕੋ ਕੇ
ਦਿਲ ਵਿੱਚ
ਇਹ ਘਰ ਮੇਰਾ
ਇੱਥੇ ਹੀ ਰਹਿਣਾ
ਜਾਂ ਸਾਂਭ ਲਵੀਂ
ਵਿੱਚ ਅੱਖਾਂ
ਵਾਂਗ ਸੁਪਨਿਆਂ।2

ਗੁਰਪ੍ਰੀਤ ਦੀ ਸ਼ਾਇਰੀ ਪਿਆਰ ਦੇ ਸਦੀਵੀ ਅਹਿਸਾਸ ਦਾ ਪ੍ਰਗਟਾਵਾ ਵੀ ਕਰਦੀ ਹੈ ਤੇ ਤਾਂਘ ਵੀ ਜਗਾਉਂਦੀ ਜਾਪਦੀ ਹੈ। ਉਸਦੀ ਕਾਵਿ-ਸੰਵੇਦਨਾ ਦਾ ਪ੍ਰਗਟਾਅ ਵੀ ਉਸਦਾ ਪਿਆਰ ਵਿੱਚ ਅਟੁੱਟ ਵਿਸ਼ਵਾਸ ਅਤੇ ਉਸਦੇ ਸੁਭਾਅ ਵਿਚਲੀ ਮਾਸੂਮੀਅਤ ਅਤੇ ਨਿਰਛਲਤਾ ਹੈ।

ਗੁਰਪ੍ਰੀਤ ਕੌਰ ਨਾਰੀ ਦੇ ਹੋਂਦ ਮੂਲਕ ਮਸਲਿਆਂ ਨੂੰ ਵਿਚਾਰਦੀ ਹੋਈ ਆਪਣੀਆਂ ਰਚਨਾਵਾਂ ਵਿੱਚ ਪਿਆਰ ਨਾਰੀ ਅਨੁਭਵ ਦੇ ਸਕਾਰਾਤਮਕ ਰੂਪ ਨੂੰ ਪੇਸ਼ ਕਰਦੀ ਹੈ। ਸ਼ਾਇਰੀ ਦਾ ਕੇਂਦਰੀ ਕੋਡ ਪਿਆਰ ਦੀ ਚਿਹਨਕਾਰੀ ਅਤੇ ਨਾਰੀ ਸੰਵੇਦਨਾ ਦੀ ਆਵਾਜ਼ ਬਣਦਾ ਹੈ। ਇਸੇ ਤਰ੍ਹਾਂ ਉਸਦੀ ਸ਼ਾਇਰੀ ਉਦਾਸੀ ਅਤੇ ਉਪਰਾਮਤਾ ਤੋਂ ਪਾਰ ਜਾ ਕੇ ਮੁਹੱਬਤ ਦੇ ਡੂੰਘੇ ਅਹਿਸਾਸ ਨੂੰ ਅਭਿਵਿਅਕਤ ਕਰਕੇ ਪਿਆਰ ਦੀ ਜੀਵੰਤਤਾ ਪ੍ਰਤੀ ਆਪਣਾ ਵਿਸ਼ਵਾਸ ਦਿਵਾਉਂਦੀ ਹੈ। ਇਸੇ ਕਰਕੇ ਪਿਆਰ ਦੇ ਨਾਲ-ਨਾਲ ਗੁਰਪ੍ਰੀਤ ਸਮਾਜਕ ਸਿਸਟਮ ਉੱਪਰ ਵਿਅੰਗ ਵੀ ਕਰਦੀ ਹੈ। ਉਹ ਸਥਿਤੀ ਦੀ ਸੰਵੇਦਨਸ਼ੀਲਤਾ ਨੂੰ ਵਿਅੰਗਮਈ ਵਿਧੀ ਵਿੱਚ ਸਿਰਜਦੀ ਹੈ। ਪੇਸ਼ ਹੈ ਇਸ ਸੰਬੰਧ ਵਿੱਚ ਇੱਕ ਕਵਿਤਾ ਦੀ ਮਿਸਾਲ:

ਆ-ਇੱਕ ਸੌਦਾ ਕਰਦੇ ਆਂ
ਅਹਿਸਾਸ ਵੀ ਸਾਂਝੇ ਕਰਦੇ ਆਂ
ਹਰ ਮਰਜ਼ ਦੀ ਦਵਾ ਹੈ ਜੋ
ਪਿਆਰ ਨੂੰ ਸਾਹਵੇਂ ਧਰਦੇ ਆਂ।3

ਇੱਥੇ ਕਵਿੱਤਰੀ ਵਿਅੰਗਮਈ ਆਵਾਜ਼ ਵਿੱਚ ਪਿਆਰ ਦੇ ਅਸਲ ਸੱਚ ਨੂੰ ਪੇਸ਼ ਕਰਨਾ ਚਾਹੁੰਦੀ ਹੈ ਤੇ ਸਮਾਜਕ ਗੁੰਝਲਾਂ ਨੂੰ ਖੋਲ੍ਹਣ ਦਾ ਯਤਨ ਕਰਦੀ ਜਾਪਦੀ ਹੈ। 'ਆ ਵਾਅਦਾ ਕਰੀਏ' ਕਵਿਤਾ ਵਿੱਚ ਇਕ ਦੂਜੇ ਨਾਲ ਵਾਅਦੇ ਕਸਮਾਂ ਦਾ ਦੌਰ ਸ਼ੁਰੂ ਹੁੰਦਾ ਹੈ। ਤੂੰ ਤੇ ਮੈਂ ਆਪਣੇ ਰਿਸ਼ਤੇ ਵਿੱਚੋਂ ਬੇ-ਵਿਸ਼ਵਾਸੀ ਅਤੇ ਜ਼ਰਜ਼ਰ ਹੋ ਚੁੱਕੀਆਂ ਰਸਮਾਂ ਨੂੰ ਕੱਢਣ ਦੀ ਗੱਲ ਕਰਦੇ ਹਨ, ਪੇਸ਼ ਹੈ ਮਿਸਾਲ ਦੇ ਤੌਰ 'ਤੇ ਇਸ ਕਵਿਤਾ ਦੇ ਕੁੱਝ ਅੰਸ਼:

ਆ...
ਆਪਣੇ ਰਿਸ਼ਤੇ ਵਿੱਚੋਂ
ਕੱਢ ਦੇਈਏ
ਬੇ-ਵਿਸ਼ਵਾਸੀ
ਸੁੱਟ ਦੇਈਏ ਮਨਾਂ 'ਚੋਂ
ਗ਼ਲ-ਸੜ ਚੁੱਕੇ
ਅਤੀਤ ਨੂੰ ਬਾਹਰ
ਮੁਹੱਬਤ ਦੇ
ਨਵੇਂ ਬੀਜ ਬੀਜੀਏ
ਵਿਸ਼ਵਾਸ ਦੇ ਫੁੱਲਾਂ ਸੰਗ ਮਹਿਕੀਏ
ਘੁੱਟ ਕੇ ਹੱਥ ਫੜੀਏ
ਨਾ ਛੱਡਣ ਦੇ ਵਾਅਦੇ ਨਾਲ
ਤੁਰੀਏ ਦੂਰ ਤੱਕ
ਉਮਰ ਦਾ ਸੂਰਜ
ਅਸਤ ਹੋਣ ਤੱਕ।4

ਵਿਸ਼ਵਾਸ ਹਰ ਰਿਸ਼ਤੇ ਦੀ ਬੁਨਿਆਦ ਹੁੰਦਾ ਹੈ। ਵਿਸ਼ਵਾਸ ਦੇ ਬਿਨਾ ਰਿਸ਼ਤੇ ਦੀ ਅਹਿਮੀਅਤ ਘੱਟ ਜਾਂਦੀ ਹੈ। ਪਿਆਰ ਮੁਹੱਬਤ ਦੇ ਵਿੱਚ ਵਿਸ਼ਵਾਸ ਗੂੜ੍ਹੇ ਅਰਥ ਰੱਖਦਾ ਹੈ। ਪਿਆਰ ਦੇ ਪੁਜਾਰੀ ਆਪਣੇ ਰਿਸ਼ਤੇ ਵਿੱਚੋਂ ਬੇ-ਵਿਸ਼ਵਾਸੀ ਅਤੇ ਜ਼ਰਜ਼ਰ ਹੋ ਚੁੱਕੀਆਂ ਪ੍ਰੰਪਰਾਵਾਂ ਨੂੰ ਮਿਟਾਉਣਾ ਚਾਹੁੰਦੇ ਹਨ। ਸ਼ੱਕ, ਬੇਯਕੀਨੀ ਵਾਲੀ ਜ਼ਿੰਦਗੀ ਨਹੀਂ ਸਗੋਂ ਉਹ ਤਾਂ ਰਿਸ਼ਤੇ ਦੇ ਵਿੱਚ ਵਿਸ਼ਵਾਸ, ਸੱਚੇ-ਸੁੱਚੇ ਪਿਆਰ ਦਾ ਰੰਗ ਭਰਨ ਦੇ ਚਾਹਵਾਨ ਹਨ। ਇਸੇ ਪਿਆਰ ਦੇ ਰਿਸ਼ਤੇ ਦੇ ਬੀਜਾਂ ਨੂੰ ਬੀਜਣ ਦੀ ਗੱਲ ਗੁਰਪ੍ਰੀਤ ਆਪਣੀ ਇਸ ਕਵਿਤਾ ਵਿੱਚ ਕਰਦੀ ਉਮਰ ਭਰ ਵਾਲੇ ਸਾਥ ਦੀ ਉਮੀਦ, ਔਰਤ ਪੱਖੀ ਰੂਪ ਵਿੱਚ, ਸਹਿਜੇ ਹੀ ਕਰਦੀ ਜਾਪਦੀ ਹੈ।

ਗੁਰਪ੍ਰੀਤ ਕੌਰ ਸੁਚੇਤ ਪੱਧਰ ’ਤੇ ਨਾਰੀ ਮਸਲਿਆਂ ਦੀ ਗੱਲ ਆਪਣੀ ਕਵਿਤਾ ਵਿੱਚ ਕਰਦੀ ਹੈ। ਇਹ ਨਾਰੀ ਕਾਵਿ ਨਵਾਂ ਨਹੀਂ, ਸਗੋਂ ਇਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ। ਪੰਜਾਬੀ ਨਾਰੀ ਕਾਵਿ ਦੇ ਇਤਿਹਾਸਕ ਪਰਿਪੇਖ ਦੀ ਜੇਕਰ ਗੱਲ ਕੀਤੀ ਜਾਂਦੀ ਹੈ ਤਾਂ ਬਹੁਤੇ ਵਿਦਵਾਨ ਨਾਰੀ ਕਾਵਿ ਦਾ ਮੁੱਢ ਪੀਰੋ-ਪ੍ਰੇਮਣ ਦੀ ਕਵਿਤਾ ਤੋਂ ਮੰਨਦੇ ਹਨ। ਉਨ੍ਹਾਂ ਨੇ ਅਧਿਆਤਮਕ ਅਤੇ ਸੂਫ਼ੀ ਰੰਗਤ ਦੀ ਕਵਿਤਾ ਰਚੀ ਹੈ। ਪਰ ਇਸ ਵੱਲ ਵਿਸ਼ੇਸ਼ ਤੌਰ ’ਤੇ ਨਜ਼ਰ ਵੀਹਵੀਂ ਸਦੀ ਦੇ ਦੌਰਾਨ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਤੋਂ ਵਿਕਸਿਤ ਹੁੰਦੀ ਹੈ। ਉਸਦੀ ਕਵਿਤਾ ਸਮਾਜ ਵਿੱਚ ਨਾਰੀ ਦੀ ਸਮਾਜਿਕ ਸਥਿਤੀ ਨੂੰ ਉਘਾੜਦੀ ਹੈ। ਹਾਲਾਂਕਿ ਜਿਸ ਸਮੇਂ ਅੰਮ੍ਰਿਤਾ ਪ੍ਰੀਤਮ ਲਿਖ ਰਹੀ ਸੀ ਉਸ ਸਮੇਂ ਸੱਚਮ ਤੇ ਸੁੱਚਮ ਪ੍ਰੀਤ ਦਾ ਹਵਾਲਾ ਦੇਣਾ ਬਹੁਤ ਹੱਦ ਤੱਕ ਵਰਜਿਤ ਸੀ। ਅਜਿਹੇ ਸਮੇਂ ਪਿਆਰ ਦੇ ਭਾਵਾਂ ਨੂੰ ਪ੍ਰਗਟਾਉਣਾ ਜਾਂ ਹੁਸਨ ਪ੍ਰਸਤੀ ਦੀ ਗੱਲ ਕਰਦਿਆਂ ਨਿੱਜਤਾ ਨਾਲ ਜੁੜੀ ਸੰਵੇਦਨਾ ਨੂੰ ਪ੍ਰਗਟਾਉਣ ਦੀ ਜੋ ਪਹਿਲ ਕਦਮੀ ਅੰਮ੍ਰਿਤਾ ਪ੍ਰੀਤਮ ਨੇ ਕੀਤੀ, ਉਸਦੀ ਪੈੜ ਚਾਲ ਦੇ ਨਿਸ਼ਾਨ ਕੁੱਝ ਹੱਦ ਤੱਕ ਹੁਣ ਦੇ ਨਾਰੀ ਕਾਵਿ ਵਿੱਚ ਮਿੱਥੇ ਅਤੇ ਸਪੱਸ਼ਟ ਤੌਰ ’ਤੇ ਵੇਖੇ ਜਾ ਸਕਦੇ ਹਨ।

ਨਿੱਜ ਭਾਵੀ ਸੰਵੇਦਨਾ ਨੂੰ ਪ੍ਰਗਟ ਕਰਨਾ ਨਾਰੀ ਕਾਵਿ ਦਾ ਪ੍ਰਮੁੱਖ ਕੋਡ ਕਿਹਾ ਜਾ ਸਕਦਾ ਹੈ। ਇਸ ਲੜੀ ਵਿੱਚ ਕਈ ਨਾਵਾਂ ਨੂੰ ਗਿਣਵਾਇਆ ਜਾ ਸਕਦਾ ਹੈ, ਜਿਵੇਂ ਮਨਜੀਤ ਟਿਵਾਣਾ, ਪਾਲ ਕੌਰ, ਵਨੀਤਾ, ਅਮੀਆ ਕੁੰਵਰ, ਮਨਜੀਤ ਇੰਦਰਾ, ਸੁਖਵਿੰਦਰ ਅੰਮ੍ਰਿਤ, ਭੁਪਿੰਦਰ ਪ੍ਰੀਤ, ਨਿਰੂਪਮਾ ਦੱਤ ਆਦਿ ਤੇ ਇਨ੍ਹਾਂ ਵਿੱਚੋਂ ਨਵੀਂ ਉੱਭਰ ਰਹੀ ਸੁਰ ਗੁਰਪ੍ਰੀਤ ਕੌਰ ਗਿਣੀ ਜਾ ਸਕਦੀ ਹੈ। ਭਾਵੇਂ ਹਰ ਸ਼ਾਇਰਾ ਦਾ ਅੰਦਾਜ਼-ਏ-ਬਿਆਂ ਵੱਖਰਾ ਹੈ ਪਰ ਭਾਵ ਇੱਕੋ ਜਿਹੇ ਹੋ ਸਕਦੇ ਹਨ। ਪਰ ਰੂਹ ਦੇ ਹਾਣ ਦਾ ਪ੍ਰੇਮੀ ਚਾਹੁਣ ਦੀ ਕਾਮਨਾ ਨਾਲ ਜੁੜੀ ਨਾਰੀ ਕਵਿਤਾ ਵਿਚਲੀ ਪਿਆਰ ਸੰਵੇਦਨਾ, ਕਟਾਖ਼ਸ਼, ਵਿਅੰਗ, ਬੇਰੁਖ਼ੀ, ਬੇਬਸੀ ਅਤੇ ਅਣਮੁੱਕਵੀਂ ਉਡੀਕ ਦੇ ਸੁਰਾਂ ਵਿੱਚ ਪ੍ਰਗਟਾਈ ਗਈ ਹੈ। ਮਿਸਾਲ ਦੇ ਤੌਰ ’ਤੇ ਗੁਰਪ੍ਰੀਤ ਕੌਰ ਦੀ ਕਵਿਤਾ ਪਿਆਰ ਦੀ ਸ਼ਿੱਦਤ ਤੇ ਤਣਾਉ ਨੂੰ ਇਸ ਤਰ੍ਹਾਂ ਪੇਸ਼ ਕਰਦੀ ਹੈ:

ਵਿਸਰਦੀ ਜਾ ਰਹੀ ਦਿਲ ’ਚੋਂ ਤੇਰੇ
ਭੁੱਲਦੀ ਜਾ ਰਹੀ ਹਰ ਗੱਲ ਮੇਰੀ
ਮੈਂ ਕੋਈ ਕਿਤਾਬ ਨਹੀਂ
ਜੋ ਪੜ੍ਹੀ ਤੇ ਪਰ੍ਹਾਂ ਰੱਖ ਦਿੱਤੀ।5

ਇੱਥੇ ਨਾਰੀ ਕਾਵਿ ਦਾ ਸੰਵਾਦ ਆਪਣੀ ਹੋਂਦ ਤੇ ਫ਼ਖ਼ਰ ਕਰਦਾ ਨਜ਼ਰ ਆਉਂਦਾ ਹੈ। ਇਹ ਸੰਵਾਦ ਉਸਦਾ ਪਿਛਲੀਆਂ ਕਵਿਤਾਵਾਂ ਤੇ ਕਵੀਆਂ ਨਾਲ ਵੀ ਰਚਦਾ ਨਜ਼ਰ ਆਉਂਦਾ ਹੈ। ਦਿਲ ਵਿੱਚੋਂ ਆਪਣੀ ਹੋਂਦ ਦਾ ਖ਼ਿਆਲ ਅਤੇ ਸਮਾਜ ’ਤੇ ਕਰਾਰਾ ਵਿਅੰਗ ਨਜ਼ਰ ਆਉਂਦਾ ਹੈ।

ਨਾਰੀ ਕਾਵਿ ਨੂੰ ਨਰ/ਮਰਦ ਦੇ ਵਿਰੋਧ ਵਿੱਚ ਨਹੀਂ ਕਹਿੰਦੇ ਸਗੋਂ ਸਮਾਜਕ ਸਥਿਤੀਆਂ ਪ੍ਰਤੀ ਰੋਹ ਜ਼ਰੂਰ ਨਜ਼ਰ ਆਉਂਦਾ ਹੈ। ਨਾਰੀ ਨੂੰ ਸੁਭਾਅ ਕਰਕੇ ਮਮਤਾਮਈ, ਤਿਆਗਣ ਆਦਿ ਕਹਿੰਦੇ ਹਨ ਪਰ ਸਮਾਜ ਦੀ ਸਥਿਤੀਆਂ ਕਰਕੇ ਉਹ ਪਿੱਤਰ ਸੱਤਾ ਦੀ ਵਿਰੋਧੀ ਬਣਦੀ ਹੈ। ਗੁਰਪ੍ਰੀਤ ਦੀ ਕਵਿਤਾ ‘ਕਿਉਂ?’ ਇਸ ਸਥਿਤੀ ਨੂੰ ਦਰਪੇਸ਼ ਕਰਦੀ ਹੈ:

ਸਭ ਜਾਣਦੇ ਹੋਏ
ਅਣਜਾਣ ਬਣਨਾ
ਦੇਖੀ ਜਾਣਾ
ਤਾਂ ਵੀ ਚੁੱਪ ਰਹਿਣਾ।6

ਪਿੱਤਰ ਸੱਤਾਈ ਮਾਨਵ ਸਭ ਜਾਣਦੇ ਹੋਏ ਵੀ ਅਣਜਾਣ ਬਣ ਕੇ ਪੇਸ਼ ਹੁੰਦਾ ਹੈ, ਸਭ ਦੇਖਦਾ ਹੈ ਪਰ ਘਾਣ ਕਰਦਾ ਹੈ ਪਰ ਸਤਾਈ ਹੋਈ ਨਾਰੀ ਬੇਬਸੀ ਦੇ ਆਲਮ ਵਿੱਚ ਚੁੱਪ ਨੂੰ ਆਪਣਾ ਗਹਿਣਾ ਬਣਾਉਣ ਲਈ ਮਜ਼ਬੂਰ ਹੈ, ਇਸੇ ਪ੍ਰਪੰਚ ਨੂੰ ਉਭਾਰ ਕੇ ਗੁਰਪ੍ਰੀਤ ਇਸ ਸੱਚ ਪ੍ਰਤੀ ਦੱਬੀ ਮਾਨਵ ਨੂੰ ਖ਼ਬਰਦਾਰ ਕਰਦੀ ਹੋਈ ਆਪਣੇ/ਨਾਰੀ ਹੱਕਾਂ ਦੀ ਗੱਲ ਕਰਦੀ ਜਾਪਦੀ ਹੈ।

ਗੁਰਪ੍ਰੀਤ ਕੌਰ ਅਜਿਹੀ ਕਵਿੱਤਰੀ ਹੈ ਜਿਸਨੇ ਪੂਰਵਕਾਲੀ ਜਾਂ ਸਮਕਾਲੀ ਕਵਿੱਤਰੀਆਂ ਦੀ ਤਰ੍ਹਾਂ ਹੀ ਔਰਤ ਦੀ ਵੇਦਨਾ, ਕੁੱਖਾਂ ’ਤੇ ਕਟਾਖ਼ਸ਼ਮਈ ਰੂਪ ਵਿੱਚ ਅੰਕਿਤ ਕੀਤਾ ਹੈ। ਉਸ ਨੇ ਜਿਸ ਔਰਤ ਨੂੰ ਆਪਣੇ ਕਾਵਿ-ਕੇਂਦਰ ਵਿੱਚ ਰੱਖਿਆ ਹੈ, ਉਹ ਅਜਿਹੀ ਔਰਤ ਹੈ ਜੋ ਅਜਿਹੇ ਸਮਾਜ ਵਿੱਚ ਲਿਤਾੜੀ ਜਾ ਰਹੀ ਹੈ ਜਿੱਥੇ ਪੂੰਜੀ ਪ੍ਰਧਾਨ ਹੈ। ‘ਰਿਸ਼ਤਿਆਂ ਦਾ ਭਾਰ’ ਕਵਿਤਾ ਦੀਆਂ ਸਤਰਾਂ ਇਸ ਪਾਸਾਰ ਨੂੰ ਉਭਾਰਦੀਆਂ ਹਨ:

ਰਿਸ਼ਤਿਆਂ ਦਾ ਭਾਰ
ਸਿਰ ’ਤੇ ਚੁੱਕੀ ਲੰਘ ਆਈ ਹਾਂ
ਕਿੰਨੇ ਹੀ ਸਾਲਾਂ ਦੇ ਮੀਲ ਪੱਥਰ
ਝੁੱਕ ਗਈ ਹੈ ਕਮਰ ਤੇ ਧੁੰਦਲੇ ਪੈ ਗਏ
ਅੱਖਾਂ ਦੇ ਦੀਦੇ ਇਹ ਰਿਸ਼ਤੇ

ਨਾ ਬੋਲੇ ਨਾ ਮਹਿਕੇ
ਬੱਸ ਪੱਥਰ ਬਣ ਭਾਰ ਹੀ ਰਹੇ
ਪੁਰਖਿਆਂ ਦੀ ਖਿੱਚੀ ਲਛਮਣ ਰੇਖਾ
ਨਾ ਕਰ ਸਕੀ ਪਾਰ ਸੋਚਦੀ
ਮਰਨ ਤੋਂ ਬਾਅਦ ਹੀ ਲਹਿਣਾ
ਇਹ ਰਿਸ਼ਤਿਆਂ ਦਾ ਭਾਰ। 7

ਇਉਂ ਖ਼ੁਸ਼ਬੂ ਕੈਦ ਨਹੀਂ ਹੁੰਦੀ ਕਾਵਿ-ਸੰਗ੍ਰਹਿ ਦਾ ਅਧਿਐਨ ਕਰਨ ਮਗਰੋਂ ਅਸੀਂ ਕਹਿ ਸਕਦੇ ਹਾਂ ਕਿ ਗੁਰਪ੍ਰੀਤ ਸਮਕਾਲੀ ਦੌਰ ਦੀ ਪੰਜਾਬੀ ਕਵਿਤਾ ਦੀ ਵਿਅੰਗਮਈ ਸ਼ੈਲੀ ਰਾਹੀਂ ਨਾਰੀ ਕਾਵਿ ਤੇ ਨਾਰੀ ਹੋਂਦ ਦੇ ਮਸਲਿਆਂ ਨੂੰ ਉਭਾਰਨ ਵਾਲੀ ਕਵਿੱਤਰੀ ਹੈ। ਨਾਰੀ ਦੀ ਤਰਸਯੋਗ ਹਾਲਤ ਕਵਿੱਤਰੀ ਦੇ ਕਾਵਿ ਦੀ ਮੁੱਖ ਸੁਰਾਂ ਵਿੱਚੋਂ ਇੱਕ ਹੈ। ਉਸ ਦੀਆਂ ਕਵਿਤਾਵਾਂ ਸਰਲ, ਸਪੱਸ਼ਟ ਅਤੇ ਬੇਬਾਕ ਹਨ। ਉਸ ਦੀਆਂ ਬਹੁਤੀਆਂ ਕਵਿਤਾਵਾਂ ਦੇ ਮੁੱਖ ਵਿਸ਼ੇ ਸਮਾਜਕ ਵਰਤਾਰੇ, ਮੁਹੱਬਤ ਦੇ ਰਾਹਾਂ ਦੀਆਂ ਉਲਝਣਾਂ, ਦੱਬੇ ਕੁਚਲੇ ਵਰਗਾਂ ਲਈ ਸੰਤਾਪ, ਮਰਦੀਆਂ ਹੋਈਆਂ ਨੈਤਿਕ ਕੀਮਤਾਂ ਆਦਿ ਹਨ ਜੋ ਸਮੇਂ ਦੇ ਸੱਚ ਨੂੰ ਰੂ-ਬ-ਰੂ ਕਰਦੀਆਂ ਹਨ। ਸ਼ਬਦਾਂ ਦੀ ਸੰਜ਼ੀਦਗੀ, ਅਰਥਾਂ ਦੀ ਸਪੱਸ਼ਟਤਾ ਸਰਲ ਤੇ ਸਾਦੀ ਭਾਸ਼ਾ ਉਸਦੀ ਕਵਿਤਾ ਦਾ ਵਿਸ਼ੇਸ਼ ਗੁਣ ਹਨ। ਇਸੇ ਕਰਕੇ ਹੁਣ ਉਹ ਮੁੱਖ ਕਤਾਰ ਦੇ ਕਵਿੱਤਰੀਆਂ ਵਿੱਚ ਆਪਣੀ ਹਾਜ਼ਰੀ ਦਰਜ਼ ਕਰਵਾਉਂਦੀ ਹੈ।


ਹਵਾਲੇ:

1. ਗੁਰਪ੍ਰੀਤ ਕੌਰ, ਖ਼ੁਸ਼ਬੂ ਕੈਦ ਨਹੀਂ ਹੁੰਦੀ, ਕੈਲੀਬਰ ਪਬਲੀਕੇਸ਼ਨ, ਪਟਿਆਲਾ, 2020, ਪੰਨਾ 23.
2. ਉਹੀ, ਪੰਨਾ 24.
3. ਉਹੀ, ਪੰਨਾ 21.
4. ਉਹੀ, ਪੰਨਾ 26.
5. ਉਹੀ, ਪੰਨਾ 20.
6. ਉਹੀ, ਪੰਨਾ 59.
7. ਉਹੀ, ਪੰਨਾ 48.
8. ਉਹੀ, ਪੰਨਾ 43.



**ਐਸਿੱਸਟੈਂਟ ਪ੍ਰੋਫ਼ੈਸਰ,**
**ਪੰਜਾਬੀ ਵਿਭਾਗ, ਚੌਧਰੀ ਦੇਵੀ ਲਾਲ ਯੂਨੀਵਰਸਿਟੀ,**
**ਸਿਰਸਾ।**


## ਗ਼ਜ਼ਲ / ਸੁਰਜੀਤ ਸਿੰਘ ਕਾਉਂਕੇ



ਸੁੱਕ ਕੇ ਝੜਦੇ ਪੱਤੇ ਤਾਂ ਕੁਰਲਾਉਂਦੇ ਨਹੀਂ
ਇਲਜਾਮ ਹਵਾ ਦੇ ਉੱਤੇ ਕੋਈ ਲਾਉਂਦੇ ਨਹੀਂ।

ਆਹਲਣਿਆਂ ਵਿੱਚ ਬੋਟ ਚੂਕਦੇ ਬਿਰਖਾਂ ਤੇ
ਕਿਉਂ ਤੂਫ਼ਾਨ ਆਉਣ ਤੇ ਮਨ ਘਬਰਾਉਂਦੇ ਨਹੀਂ।

ਧਰਤੀ ਮਾਂ ਦੇ ਸੀਨੇ ਲਾਂਬੂ ਲਾਉਂਦੇ ਉਹ
ਅੰਨ ਦਾਤੇ ਅੰਨ ਸਾੜ ਕੇ ਵੀ ਪਛਤਾਉਂਦੇ ਨਹੀਂ।
ਚੰਨ ਤਾਰੇ ਵੇਚਣ ਦੀਆਂ ਆਉਂਦੀਆਂ ਕਨਸੋਆਂ
ਇਹਨਾਂ ਦੇ ਉਪਕਾਰ ਦਾ ਸ਼ੁਕਰ ਮਨਾਉਂਦੇ ਨਹੀਂ।

ਆਪਣਾ ਸੂਰਜ ਕਿੰਝ ਉਹਨਾਂ ਦੇ ਨਾਮ ਕਰਾਂ
ਜੋ ਬਦਨਾਮੀ ਵਾਲਾ ਨ੍ਹੇਰਾ ਕਦੇ ਹਟਾਉਂਦੇ ਨਹੀਂ।

ਆਪਣੇਪਨ ਦੀ ਸਾਂਝ ਦਿਲਾਂ ਵਿੱਚ ਨਹੀਂ ਪੈਣੀ
ਵਿਤਕਰਿਆਂ ਦੀ ਕੰਧ ਜਦੋਂ ਤੱਕ ਢਾਹੁੰਦੇ ਨਹੀਂ।

ਪਸਾਰ ਰਹੇ ਨਿੱਤ ਖ਼ਾਬਾਂ ਵਿੱਚ ਤਾਂ ਸ਼ੀਸ਼ ਮਹੱਲ
'ਕਾਉਂਕੇ' ਆਪਣੀ ਕੁੱਲੀ ਤਾਈਂ ਬਚਾਉਂਦੇ ਨਹੀਂ।

## ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਕਲਾ ਪੱਖ / ਡਾ. ਜਸਪ੍ਰੀਤ ਕੌਰ

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਨ ਲਾਸਾਨੀ ਇਤਿਹਾਸਕ ਵਿਅਕਤਿਤਵ ਵਜੋਂ ਉੱਭਰਦੇ ਹਨ ਜਿਨ੍ਹਾਂ ਨੇ ਸਮੁੱਚੇ ਮਨੁੱਖੀ ਸਮਾਜ ਨੂੰ ਸਿਦਕ ,ਸਚਿਆਰਤਾ, ਸਾਂਝੀਵਾਲਤਾ ਅਤੇ ਅਡੋਲ ਦ੍ਰਿੜ੍ਹਤਾ ਦੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਦਿੱਤੀ। ਸਰਬ ਮਈ, ਭਰਾਤਰੀ ਭਾਵ ਅਤੇ ਸਨੇਹਪੂਰਨ ਸਾਂਝੀਵਾਲਤਾ ਲਈ ਇਹ ਅਵੱਸ਼ਕ ਹੈ ਕਿ ਹਰੇਕ ਧਰਮ ਦੀ ਪਾਵਨਤਾ ਨੂੰ ਸਵੀਕਾਰ ਕੀਤਾ ਜਾਵੇ ਤਾਂ ਜੋ ਧਰਮ ਦੀ ਵਾਸਤਵਿਕ ਆਤਮਾ ਸਥਾਪਤ ਹੋ ਸਕੇ। ਗੁਰੂ ਤੇਗ ਬਹਾਦਰ ਜੀ ਨੇ ਜਿਹੜਾ ਧਾਰਮਿਕ ਆਦਰਸ਼ ਪ੍ਰਸਤੁਤ ਕੀਤਾ ਹੈ ਉਹ ਕਿਸੇ ਸ਼੍ਰੇਣੀ ਜਾਂ ਵਰਗ ਵਾਸਤੇ ਨਹੀਂ ਸਗੋਂ ਸਮੁੱਚੀ ਮਾਨਵ ਜਾਤੀ ਲਈ ਹੈ। ਵਿਸ਼ਵ ਸੱਭਿਅਤਾ ਦੇ ਇਤਿਹਾਸ ਨੂੰ ਫਰੋਲਦਿਆਂ ਸਾਨੂੰ ਪਤਾ ਲੱਗਦਾ ਹੈ ਕਿ ਆਪਣੇ ਧਰਮ ਦੀ ਖਾਤਰ ਤਾਂ ਬਹੁਤ ਸਾਰੇ ਸਿਦਕਵਾਨਾਂ ਨੇ ਆਪਣੀਆਂ ਜਾਨਾਂ ਵਾਰੀਆਂ ਪ੍ਰੰਤੂ ਦੂਸਰੇ ਧਰਮ ਦੀ ਸੁਤੰਤਰਤਾ ਨੂੰ ਬਰਕਰਾਰ ਰੱਖਣ ਲਈ ਗੁਰੂ ਤੇਗ ਬਹਾਦਰ ਜੀ ਹੀ ਹਨ ਜਿਨ੍ਹਾਂ ਨੇ ਪਹਿਲਕਦਮੀ ਕੀਤੀ। ਆਪ ਜੀ ਸਿੱਖ ਬਾਣੀ ਪਰੰਪਰਾ ਦੇ ਅੰਤਮ ਪੜਾਅ ਦੇ ਬਾਣੀਕਾਰ ਹਨ। ਆਪ ਦੇ ਜੀਵਨ ਦੀ ਤਰ੍ਹਾਂ ਹੀ ਆਪ ਜੀ ਦੀ ਬਾਣੀ ਵੀ ਮਨੁੱਖ ਜਾਤੀ ਲਈ ਪ੍ਰੇਰਨਾ ਸਰੋਤ ਹੈ, ਜਿਸ ਵਿਚ ਸਮਕਾਲੀ ਸਮੇਂ ਦੀ ਸਮੀਖ਼ਿਆ, ਸੰਸਾਰਕ ਨਾਸ਼ਵਾਨਤਾ, ਸਾਧ ਸੰਗਤ ਤੇ ਭਜਨ ਬੰਦਗੀ ਦੀ ਮਹੱਤਤਾ, ਸਦਾਚਾਰੀ ਜੀਵਨ ਦੀ ਮਹਾਨਤਾ 'ਤੇ ਜ਼ੋਰ ਦਿੱਤਾ ਗਿਆ ਹੈ। 'ਵੈਰਾਗ' ਆਪ ਜੀ ਦੀ ਬਾਣੀ ਦਾ ਖਾਸ ਲੱਛਣ ਹੈ।ਕਾਵਿ-ਕਲਾ ਦੀ ਦ੍ਰਿਸ਼ਟੀ ਤੋਂ ਆਪ ਜੀ ਦੀ ਬਾਣੀ ਉੱਤਮ ਦਰਜਾ ਰੱਖਦੀ ਹੈ। ''ਪ੍ਰੇਮ ਭਗਤੀ ਦੇ ਪੁੰਜ, ਦੇਗ, ਤੇਗ ਅਤੇ ਤਿਆਗ ਦੀ ਮੂਰਤੀ, ਧਰਮ ਰੱਖਿਅਕ, ਸ਼ਾਂਤੀ ਦੇ ਪ੍ਰਤੀਕ, ਉਪਕਾਰੀ ਤੇ ਅਦੁੱਤੀ ਸ਼ਹਾਦਤ ਦੇ ਪ੍ਰਤੀਕ, ਹਿੰਦ ਦੀ ਚਾਦਰ ਅਤੇ ਹਰਮਨ ਪਿਆਰੇ ਸਾਹਿਤਕਾਰ ਗੁਰੂ ਤੇਗ ਬਹਾਦਰ ਜੀ ਦਾ ਜੀਵਨ ਭਾਰਤ ਨੂੰ ਜੀਅ ਦਾਨ ਦੇਣ ਤੇ ਸਿੱਖੀ ਨੂੰ ਸੁਰਜੀਤ ਕਰਨ ਵਾਲਾ ਹੈ। ਆਪ ਦੇ ਜੀਵਨ ਫ਼ਲਸਫ਼ੇ ਅਤੇ ਬਾਣੀ ਵਿੱਚ ਭਗਤੀ ਭਾਵ ਦੇ ਨਾਲ ਵੈਰਾਗ ਤੇ ਤਿਆਗ ਦੀ ਵਿਸ਼ੇਸ਼ ਮਹੱਤਤਾ ਹੈ ਆਪ ਨੇ ਬੜੇ ਮਿੱਠੇ ਤੇ ਭਾਵ ਪੂਰਤ ਸ਼ਬਦਾਂ ਰਾਹੀਂ ਮਨੁੱਖੀ ਜੀਵਨ ਤੇ ਸੰਸਾਰ ਦੀ ਵਾਸਤਵਿਕਤਾ ਨੂੰ ਪੇਸ਼ ਕੀਤਾ ਹੈ ਆਪਨੇ ਜੀਵਨ ਤੋਂ ਨਿਰਾਸ਼ਤਾ ਪੈਦਾ ਨਹੀਂ ਕੀਤੀ ਸਗੋਂ ਉਸ ਨੂੰ ਕਰਮਯੋਗੀ ਸਿੱਧ ਕੀਤਾ ਹੈ।"1

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਰਚੀ ਬਾਣੀ ਜੋ ਪ੍ਰਮਾਣਿਕ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਮਿਲਦੀ ਹੈ। ਇਸ ਵਿੱਚ 59 ਸ਼ਬਦ ਅਤੇ 57 ਸ਼ਲੋਕ ਹਨ ਅਤੇ ਆਪ ਜੀ ਦੀ ਬਾਣੀ 15 ਰਾਗਾਂ ਵਿਚ ਉਪਲੱਬਧ ਹੈ - ਰਾਗੁ ਗਉੜੀ, ਰਾਗੁ ਆਸਾ, ਰਾਗ ਦੇਵ ਗੰਧਾਰੀ ,ਰਾਗ ਬਿਹਾਗੜਾ ,ਰਾਗੁ ਸੋਰਠਿ,ਰਾਗ ਧਨਾਸਰੀ ,ਰਾਗ ਜੈਤਸਰੀ ,ਰਾਗ ਟੋਡੀ, ਰਾਗ ਤਿਲੰਗ ,ਰਾਗ ਬਿਲਾਵਲ, ਰਾਗ ਰਾਮਕਲੀ, ਰਾਗ ਮਾਰੂ, ਰਾਗ ਬਸੰਤ, ਰਾਗ ਸਾਰੰਗ ,ਰਾਗ ਜੈਜਾਵੰਤੀ।"ਜੈਜਾਵੰਤੀ ਰਾਗ ਕੇਵਲ ਗੁਰੂ ਤੇਗ ਬਹਾਦਰ ਸਾਹਿਬ ਨੇ ਹੀ ਵਰਤਿਆ ਹੈ ਇਹ ਰਾਗ ਹੋਰ ਕਿਸੇ ਗੁਰ ਵਿਅਕਤੀ ਦੀ ਬਾਣੀ ਵਿੱਚ ਨਹੀਂ ਹੈ।ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਆਦਿ ਬੀੜ ਵਿੱਚ ਕੇਵਲ 30 ਰਾਗ ਹਨ ਤੇ ਇਹ 31ਵਾਂ ਰਾਗ ਜੈਜਾਵੰਤੀ ਗੁਰੂ ਤੇਗ ਬਹਾਦਰ ਦੇ ਸਮੇਂ ਤੋਂ ਬਾਅਦ ਦੇ ਉਤਾਰਿਆਂ ਵਿੱਚ ਹੀ ਦਰਜ ਹੋਣਾ ਆਰੰਭ ਹੋਇਆ ਹੈ।"2 ਆਪ ਦੀ ਕਾਵਿ ਸ਼ੈਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਵਿਚ ਸਪੱਸ਼ਟ, ਸੰਖੇਪ ਵਿਚਾਰ ਤੇ ਪ੍ਰਭਾਵਸ਼ਾਲੀ ਪ੍ਰਗਟਾ ਵਿਧੀ ਰਾਹੀਂ ਰਚਨਾ ਦੀ ਰਵਾਨਗੀ ਬੇਅੰਤ ਮਿਠਾਸ ਸਹਿਤ ਗੁਰੂ ਸਾਹਿਬ ਦੀ ਸੁਹਿਰਦ ਸ਼ਖ਼ਸੀਅਤ ਤੇ ਵਿਸ਼ਾਲ ਬੁੱਧੀ ਦੇ ਪ੍ਰਤੱਖ ਪ੍ਰਮਾਣ ਮਿਲਦੇ ਹਨ। ਆਪ ਦੀ ਕਾਵਿ ਸ਼ੈਲੀ ਦੀ ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾ ਇਸ ਦਾ ਸੰਬੋਧਨੀ ਹੋਣਾ ਹੈ। ਜਿਸ ਵਿਚ ਸਾਧ ਰੇ ,ਨਰ ਰੇ, ਮਾਈ, ਪ੍ਰੀਤਮ, ਰੇ ਭਾਈ, ਰੇ ਮਨ ਆਦਿ ਸੰਬੋਧਨੀ ਸ਼ਬਦ ਆਉਂਦੇ ਹਨ ਇਹ ਸੰਬੋਧਨ ਉੱਤਮ ਪੁਰਖ ਵਿੱਚ ਹੈ ਇਹ ਨਿੱਜ ਦਾ ਪਰ ਲਈ ਸੰਬੋਧਨ ਹੈ :

ਸਾਧੋ ਮਨ ਕਾ ਮਾਨੁ ਤਿਆਗਉ ॥ (ਰਾਗ ਗਉੜੀ)
ਰੇ ਮਨ ਰਾਮ ਸਿਉ ਕਰਿ ਪ੍ਰੀਤ ॥ (ਰਾਗ ਗਉੜੀ)

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਦੇ ਬਿਆਨ ਸੰਖੇਪਤਾ ਲਈ ਸਮਾਸਾਂ ਦੀ ਵਰਤੋਂ ਕੀਤੀ ਹੈ ਜਿਵੇਂ ਰਾਮ-ਸਰਨ, ਮਹਾਂ-ਸੰਕਟ, ਜਗਤ-ਸੁੱਖ, ਨਾਮ-ਰਤਨ, ਗੁਰ-ਉਪਦੇਸ਼, ਨਿਰਭੈ-ਪਦ, ਮਾਨਸ-ਜਨਮ, ਰਾਮ-ਭਜਨ, ਜੀਵਨ-ਮੁਕਤ, ਦੀਨ-ਦਇਆਲ, ਬਹੁ-ਰੰਗੀ, ਸੁੱਖ-ਦਾਤਾ , ਭੈਅ-ਹਰਨ, ਹਰ-ਜਸੁ, ਰਾਮ-ਸਰਣਾਈ ਆਦਿ। ਵਿਦਵਾਨਾਂ ਅਨੁਸਾਰ ਸਾਹਿਤ ਵਿਚ ਨੌਂ ਰਸਾਂ ਦੀ ਹੋਂਦ ਮਿਲਦੀ ਹੈ ਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਰਸਾਂ ਦੀ ਵਰਤੋਂ ਵਿਦਮਾਨ ਹੈ। ਆਪ ਜੀ ਦੀ ਬਾਣੀ ਵਿੱਚ ਸ਼ਾਂਤ ਰਸ ਜੋ ਮਨ ਨੂੰ ਸ਼ਾਂਤੀ ਵੱਲ ਲੈ ਕੇ ਜਾਂਦਾ ਹੈ ਜਿਸ ਦਾ ਸਥਾਈ ਭਾਵ ਵੈਰਾਗ ਹੈ। ਜਗਤ ਦੀ ਨਾਸ਼ਮਾਨਤਾ ਮਨੁੱਖੀ ਮਨ ਵਿੱਚ ਵੈਰਾਗ ਉਪਜਾਉਂਦੀ ਹੈ। ਦੁਖ, ਸੁਖ ਤੇ ਮਾਇਆ ਤੋਂ ਬੇਅਸਰ ਹੋਣਾ ਹੀ ਸ਼ਾਂਤ ਰਸ ਦਾ ਲਖਾਇਕ ਹੈ:

ਸੰਗ ਸਖਾ ਸਭ ਤਜ ਗਏ,ਕਉ ਨ ਨਿਬਹਿਓ ਸਾਥਿ।
ਕਹੁ ਨਾਨਕ ਇਹ ਬਿਪਤ ਮੈ ਟੇਕ ਏਕ ਰਘੁਨਾਥ।
(ਸਲੋਕ 55)

ਅਦਭੁਤ ਰਸ: ਹੈਰਾਨੀ ਅਤੇ ਅਸਚਰਜਤਾ ਇਸ ਰਸ ਦਾ ਸਥਾਈ ਭਾਵ ਹੈ ਆਪ ਜੀ ਦੀ ਬਾਣੀ ਵਿਚ ਇਹ ਭਾਵ ਨਜ਼ਰੀਂ ਆਉਂਦਾ ਹੈ ਜਦੋਂ ਪਤੀ ਦੀ ਮੌਤ ਤੋਂ ਬਾਅਦ ਪਤਨੀ

ਪ੍ਰੇਤ-ਪ੍ਰੇਤ ਕਹਿ ਕੇ ਉਸ ਤੋਂ ਦੂਰ ਭੱਜਦੀ ਹੈ। ਤੇ ਦੂਜੇ ਪਾਸੇ ਗੁਰੂ ਜੀ ਦੱਸਦੇ ਹਨ ਕਿ ਪ੍ਰਮਾਤਮਾ ਇੰਨਾਂ ਸਰਵ ਸ਼ਕਤੀਮਾਨ ਹੈ ਕਿ ਇਕ ਪਲ ਵਿਚ ਧਨੀ ਨੂੰ ਨਿਰਧਨ ਅਤੇ ਗ਼ਰੀਬ ਨੂੰ ਅਮੀਰ ਬਣਾ ਸਕਦਾ:

ਘਰ ਕੀ ਨਾਰਿ ਬਹੁਤ ਹਿਤੁ ਜਾ ਸਿਉ
ਸਦਾ ਰਹਤ ਸੰਗਿ ਲਾਗੀ।
ਜਬ ਹੀ ਹੰਸ ਤਜੀ ਇਹ ਕਾਇਆ
ਪ੍ਰੇਤ ਪ੍ਰੇਤ ਕਰ ਭਾਗੀ। (ਰਾਗ ਸੋਰਠਿ)
ਛਿੰਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ।
ਰੀਤੇ ਭਰੇ ਭਰੇ ਸੁਖਨਾਵੈ ਯਹ ਤਾ ਕੋ ਵਿਬਹਾਰੋ।
(ਰਾਗ ਬਿਹਾਗੜਾ )

ਭਿਆਨਕ ਰਾਸ:ਇਸ ਰਸ ਦਾ ਸਥਾਈ ਭਾਵ ਭੈਅ ਹੈ। ਡਰ ਰਾਹੀਂ ਇਹ ਰਸ ਉਪਜਦਾ ਹੈ ਆਪ ਜੀ ਦੀ ਬਾਣੀ ਵਿਚ ਇਹ ਰਸ ਮੌਤ ਦੇ ਡਰ, ਜਮਾਂ ਦੇ ਦੰਡ ਦੇ ਡਰ ਤੋਂ ਉਪਜਦਾ ਹੈ :

ਬਿਰਧ ਭਇਓ ਸੂਝੈ ਨਹੀ ਕਾਲ ਪਹੁੰਚਿਓ ਆਨ।
(ਸਲੋਕ ਪੰਨਾ 1429)

ਕਰੁਣਾ ਰਸ: ਕਿਸੇ ਦੁਖਦਾਇਕ ਸਥਿਤੀ ਤੋਂ ਇਹ ਰਸ ਪੈਦਾ ਹੁੰਦਾ ਹੈ ਕਿਸੇ ਪਿਆਰੇ ਜਾਂ ਨਿਕਟਵਰਤੀ ਦੇ ਵਿਛੋੜੇ ਨੂੰ ਚਿੱਤਰ ਕੇ ਕਰੁਣਾ ਰਸ ਉਪਜਦਾ ਹੈ ਗੁਰੂ ਜੀ ਦੀ ਬਾਣੀ ਵਿਚ ਇਸ ਦੇ ਕਈ ਉਦਾਹਰਣ ਮਿਲਦੇ ਹਨ :

ਸੁਖ ਮੈ ਆਨਿ ਬਹੁਤੁ ਮਿਲ ਬੈਠਤ
ਰਹਤ ਚਹੂ ਦਿਸਿ ਘੇਰੈ॥
ਬਿਪਤਿ ਪਰੀ ਸਭ ਹੀ ਸੰਗੁ ਛਾਡਿਤ
ਕੋਊ ਨ ਆਵਤ ਨੇਰੈ ॥੧॥
(ਰਾਗੁ ਸੋਰਠਿ)

ਬੀਭਤਸ ਰਸ :ਬੀਭਤਸ ਰਸ ਦਾ ਸਥਾਈ ਭਾਵ ਘ੍ਰਿਣਾ ਹੈ।

ਸੁਖ ਕੈ ਹੇਤਿ ਬਹੁਤ ਦੁਖੁ ਪਾਵਤ ਸੇਵ ਕਰਤ ਜਨ ਕੀ।
ਦੁਆਰਹਿ ਦੁਆਰਿ ਸੁਆਨ ਜਿਉਂ ਡੋਲਤ ਨਹ ਸੁਧ ਰਾਮ
ਭਜਨ ਕੀ ॥ (ਰਾਗ ਆਸਾ)

ਵੀਰ ਰਸ :ਇਸ ਰਸ ਦਾ ਸਬੰਧ ਯੁੱਧ ਨਾਲ ਹੈ। ਇਸ ਦਾ ਸਥਾਈ ਭਾਵ ਉਤਸ਼ਾਹ ਹੈ। ਗੁਰੂ ਜੀ ਦੀ ਬਾਣੀ ਵਿੱਚੋਂ ਇਹ ਉਤਸ਼ਾਹ ਭਜਨ ਬੰਦਗੀ ਲਈ ਮਿਲਦਾ ਹੈ :

ਰਾਮ ਭਜੁ ਰਾਮ ਭਜੁ ਜਨਮੁ- ਸਿਰਾਤੁ ਹੈ ॥
ਕਹਉ ਕਹਾ ਬਾਰ ਬਾਰ ਸਮਝਤ ਨ ਕਿਉ ਗਵਾਰ
ਬਿਨਸਤ ਨਹ ਲਗੈ ਬਾਰ ਓਰੇ ਸਮਗਾਤ ਹੈ ॥੧॥ਰਹਾਉ ॥

ਸਗਲ ਭਰਮ ਡਾਰਿ ਦੇ ਗੋਬਿੰਦ ਕੋ ਨਾਮ ਲੇਹ ॥
ਅੰਤ ਬਾਰ ਸੰਗਿ ਤੇਰੇ ਇਹ ਏਕ ਜਾਤੁ ਹੈ ॥੧॥
(ਰਾਗੁ ਜੈਜਾਵੰਤੀ)

ਹਾਸ ਰਸ :ਇਸ ਰਸ ਦਾ ਸਥਾਈ ਭਾਵ ਹੁਲਾਸ ਹੈ ਭਾਵੇਂ ਆਪ ਜੀ ਦੀ ਬਾਣੀ ਗੰਭੀਰ ਹੈ ਪਰ ਫਿਰ ਵੀ ਇੱਕ ਦੋ ਉਦਾਹਰਣਾਂ ਉਪਲੱਬਧ ਹਨ :

ਦੁਆਰਹਿ ਦੁਆਰਿ ਸੁਆਨ ਜਿਉ ਡੋਲਤ
ਨਹੁ ਸੁਧ ਰਾਮ ਭਜਨ ਕੀ॥
( ਰਾਗ ਆਸਾ)

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕਾਵਿ ਰਚਨਾ ਦਾ ਰੂਪਕ ਅਧਿਐਨ ਕਰਦਿਆਂ ਉਨ੍ਹਾਂ ਦੁਆਰਾ ਅਪਣਾਈ ਗਈ ਪ੍ਰਸ਼ਨਵਾਚੀ ਵਿਧੀ ਵੀ ਉਜਾਗਰ ਹੁੰਦੀ ਹੈ ਆਪ ਦੁਆਰਾ ਰਚੀ ਸਮੁੱਚੀ ਬਾਣੀ ਆਪ ਦਾ ਮਨੁੱਖ ਨਾਲ ਰਚਿਆ ਸੰਵਾਦ ਹੈ:

ਮਨ ਰੇ ਕਉਨ ਕੁਮਤਿ ਤੈ ਲੀਨੀ॥
ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹੀ ਕੀਨੀ
॥ਰਹਾਉ ॥ (ਰਾਗ ਸੋਰਠਿ)

ਬਿੰਬ ਅਤੇ ਅਲੰਕਾਰ ਕਵਿਤਾ ਦਾ ਗਹਿਣਾ ਹੁੰਦੇ ਹਨ। ਇਹ ਕਿਸੇ ਕਵੀ ਦੇ ਮਨੋਭਾਵਾਂ ਅਤੇ ਵਿਚਾਰਾਂ ਨੂੰ ਵਧੇਰੇ ਸਪਸ਼ਟਤਾ ਸਹਿਤ ਪ੍ਰਗਟ ਕਰਨ ਦਾ ਮਹੱਤਵਪੂਰਨ ਮਾਧਿਅਮ ਹੁੰਦੇ ਹਨ। ਗੁਰੂ ਤੇਗ ਬਹਾਦਰ ਜੀ ਉਪਦੇਸ਼ ਦਿੰਦੇ ਹੋਏ ਚੇਤਾਵਨੀ, ਤਰਕ ,ਦਲੀਲ ਦ੍ਰਿਸ਼ਟਾਂਤ, ਉਪਮਾ ਆਦਿ ਦਾ ਸਹਾਰਾ ਲੈਂਦੇ ਹਨ। ਉਂਜ ਉਪਮਾ ਤੇ ਦ੍ਰਿਸ਼ਟਾਂਤ ਆਪ ਦੀ ਕਾਵਿ ਸ਼ੈਲੀ ਦਾ ਸਾਧਨ ਹਨ ਅਤੇ ਅਲੰਕਾਰਕ ਭੂਸ਼ਣ ਵੀ। ਆਪ ਜੀ ਨੇ ਬਾਣੀ ਵਿੱਚ ਉਪਮਾਵਾਂ ਦੀ ਵਰਤੋਂ ਆਪਣੇ ਵਿਚਾਰਾਂ ਨੂੰ ਵਿਆਖਿਆ ਦੇਣ ਲਈ ਕੀਤੀ ਹੈ। ਉਪਮਾ ਰਾਹੀਂ ਆਪ ਨੇ ਗੰਭੀਰ ਵਿਸ਼ੇ ਸੌਖੇ ਵਿਚਾਰ ਰਾਹੀਂ ਸਪਸ਼ਟ ਕਰ ਦਿੱਤੇ ਹਨ:

ਜਿਉ ਸੁਪਨਾ ਅਰੁ ਪੇਖਨਾ, ਐਸੇ ਜਗ ਕਉ ਜਾਨਿ ॥
ਇਨ ਮੈ ਕਛੁ ਸਾਚੋ ਨਹੀ, ਨਾਨਕ ਬਿਨ ਭਗਵਾਨ॥
(ਸਲੋਕ 22)

ਆਪ ਜੀ ਦੀ ਬਾਣੀ ਵਿਚਲੇ ਬਿੰਬ ਅਤੇ ਪ੍ਰਤੀਕ ਆਪ ਦੇ ਭਾਵਾਂ ਨੂੰ ਲੋਕਾਈ ਲਈ ਸਮਝਣ ਵਿੱਚ ਸੌਖ ਪੈਦਾ ਕਰਦੇ ਹਨ "ਕਲਾ ਪੱਖ ਤੋਂ ਗੁਰੂ ਤੇਗ ਬਹਾਦਰ ਜੀ ਦੀ ਰਚਨਾ ਦਾ ਮਹੱਤਵਪੂਰਨ ਪੱਖ ਇਸ ਦੀ ਅਲੰਕਾਰ ਜਾਂ ਬਿੰਬ ਯੋਜਨਾ ਹੈ। ਆਪ ਨੇ ਆਪਣੇ ਵਿਚਾਰਾਂ ਦਾ ਚਿਤਰਣ ਬੜੇ ਢੁੱਕਵੇਂ ਅਤੇ ਕਈ ਮੌਲਿਕ ਬਿੰਬਾਂ ਅਤੇ ਪ੍ਰਤੀਕਾਂ ਰਾਹੀਂ ਕੀਤਾ ਹੈ, ਜਿਸ ਦਾ ਪ੍ਰਭਾਵ ਪਾਠਕ ਦੇ ਮਨ ਉੱਤੇ ਡੂੰਘਾ ਪੈਂਦਾ ਹੈ। ਇਸ ਬਾਣੀ ਵਿਚ ਸਮੇਂ ਦੀ ਸਥਿਤੀ,ਵਿਸ਼ੇਸ਼ ਕਰਕੇ ਮਾਨਵ ਮਨ ਦੀ ਦਸ਼ਾ ,ਉਸ ਦਾ ਪ੍ਰਤੀਕਰਮ ਅਤੇ ਲਕਸ਼ ਦੀ ਦ੍ਰਿੜ੍ਹਤਾ ਨੂੰ ਵਿਅਕਤ ਕਰਨ ਲਈ ਕਈ ਪ੍ਰਕਾਰ ਦੇ ਬਿੰਬਾਂ ਦਾ ਨਿਰਮਾਣ ਹੋਇਆ ਹੈ।"3

ਗੁਰੂ ਤੇਗ ਬਹਾਦਰ ਜੀ ਦਾ ਮਨੋਰਥ ਆਪਣੀ ਬਾਣੀ ਰਾਹੀਂ ਆਪਣਾ ਸੁਨੇਹਾ ਜਨ- ਪੱਧਰ ਤੱਕ ਪਹੁੰਚਾਉਣਾ ਸੀ ਜਿਸ ਸਦਕਾ ਉਨ੍ਹਾਂ ਦੀ ਭਾਸ਼ਾ ਆਮ ਲੋਕਾਈ ਦੀ ਭਾਸ਼ਾ ਹੈ ਜਿਸ ਤੋਂ ਸੁਚੇਤ ਹੋ ਕੇ ਉਨ੍ਹਾਂ ਨੇ ਵੱਖ-ਵੱਖ ਬੋਲੀਆਂ ਦੇ ਸ਼ਬਦ

ਆਪਣੀ ਰਚਨਾ ਵਿੱਚ ਵਰਤੇ ਤੇ ਇਸ ਮਿਸ-ਭਾਸ਼ਾ ਜ਼ਰੀਏ ਹੀ ਉਨ੍ਹਾਂ ਨੇ ਪ੍ਰਚੱਲਿਤ ਧਾਰਮਿਕ ਅਡੰਬਰਾਂ ਦਾ ਖੰਡਨ ਕਰਕੇ ਅੱਤਿਆਚਾਰਾਂ ਵਿਚ ਗ੍ਰਸੀ ਲੋਕਾਈ ਨੂੰ ਆਪਣੇ ਹੱਕਾਂ ਦੀ ਰਾਖੀ ਲਈ ਜਾਗ੍ਰਿਤ ਕੀਤਾ। ਆਪਦੀ ਇਸ ਭਾਸ਼ਾ ਵਿੱਚ ਇਹ ਮਿੱਸਾਪਣ ਉੱਤਰੀ-ਪੂਰਵੀ ਭਾਰਤ ਰਟਣ ਸਮੇਂ ਵੱਖ-ਵੱਖ ਥਾਵਾਂ ਤੇ ਵੱਖ-ਵੱਖ ਲੋਕਾਂ ਦੇ ਸੰਪਰਕ ਅਧੀਨ ਆਇਆ ਆਪ ਦੀ ਭਾਸ਼ਾ ਵਿੱਚ ਹਿੰਦੀ, ਬ੍ਰਜ ਅਤੇ ਪੰਜਾਬੀ ਦੀ ਸੌਖੀ ਤੇ ਪ੍ਰਚੱਲਿਤ ਸ਼ਬਦਾਵਲੀ ਮਿਲਦੀ ਹੈ।ਆਪ ਨੇ ਅਜਿਹੀ ਬੋਲੀ ਹੀ ਵਰਤੀ ਹੈ ਜਿਹੜੀ ਕਿ ਉੱਤਰ ਭਾਰਤ ਅਤੇ ਮੱਧ ਭਾਰਤ ਵਿਚ ਸੌਖਿਆਂ ਸਮਝੀ ਜਾ ਸਕੇ ਤਦੇ ਹੋਰਾਂ ਗੁਰੂ ਸਾਹਿਬਾਨਾਂ ਦੀ ਤੁਲਨਾ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਕਾਵਿ ਭਾਸ਼ਾ ਵਿਚ ਅਰਬੀ ,ਫ਼ਾਰਸੀ ਉਰਦੂ ਆਦਿ ਸ਼ਬਦਾਂ ਦਾ ਪ੍ਰਯੋਗ ਨਾ ਮਾਤਰ ਹੀ ਹੈ ਕੇਵਲ ਅਰਬੀ ਭਾਸ਼ਾ ਦੇ ਕੁਝ ਕੁ ਸ਼ਬਦਾਂ ਦਾ ਤਤਸਮ ਰੂਪ ਪ੍ਰਯੋਗ ਕੀਤਾ ਮਿਲਦਾ ਹੈ ਜਿਵੇਂ: ਹੈਰਾਨ , ਗੁਮਾਨ, ਗ਼ਾਫ਼ਲ ਆਦਿ। ਡਾ. ਕਾਲਾ ਸਿੰਘ ਬੇਦੀ ਅਨੁਸਾਰ, "ਗੁਰੂ ਦੇਵ ਦੀ ਬਾਣੀ ਦਾ ਧੁਰਾ ਸਰਬੱਤ ਦਾ ਭਲਾ ਹੈ। ਬਾਣੀ ਵਿੱਚੋਂ ਨਾਮ ਸਿਮਰਨ ਦੀ ਜ਼ਬਰਦਸਤ ਪ੍ਰੇਰਣਾ ਮਿਲਦੀ ਹੈ। ਬਾਣੀ ਪ੍ਰੇਮਾ ਭਗਤੀ ਦਾ ਭੰਡਾਰ ਹੈ। ਇੱਕ-ਇੱਕ ਸ਼ਬਦ ਰਾਮ ਨਾਮ ਸਿਮਰਨ ਦਾ ਸੰਦੇਸ਼ ਦੇ ਰਿਹਾ ਹੈ। ਸਾਰੀ ਬਾਣੀ ਆਸ਼ਾ ਦਾ ਪ੍ਰਤੀਕ ਹੈ, ਨਿਰਾਸ਼ਾ ਦੀ ਸੁਰ ਬਿਲਕੁਲ ਦੇਖਣ ਨੂੰ ਨਹੀਂ ਮਿਲਦੀ।"4

ਸਮੁੱਚੀ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸਮੁੱਚੀ ਕਾਵਿ ਰਚਨਾ ਲੋਕ ਰੂਹ ਦੇ ਨੇੜੇ ਦੀ ਹੋਣ ਸਦਕਾ, ਵਿਸ਼ੇ ਪੱਖੋਂ ਅਤੇ ਨਿਭਾਅ ਪੱਖੋਂ ਉੱਚ ਕੋਟੀ ਦੇ ਕਲਾ ਪੱਖ ਦਾ ਪ੍ਰਮਾਣ ਸਿਰਜਦੀ ਦ੍ਰਿਸ਼ਟੀਗੋਚਰ ਹੁੰਦੀ ਹੈ।

### ਹਵਾਲੇ ਅਤੇ ਟਿੱਪਣੀਆਂ


1. ਬਾਣੀ ਗੁਰੂ ਤੇਗ ਬਹਾਦਰ, ਡਾ ਬਿਕਰਮ ਸਿੰਘ ਘੁੰਮਣ, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ , 1975, ਪੰਨਾ 19

2 ਬਾਣੀ ਗੁਰੂ ਤੇਗ ਬਹਾਦਰ ,ਡਾ ਬਿਕਰਮ ਸਿੰਘ ਘੁੰਮਣ, ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ,1975, ਪੰਨਾ 32

3. ਗੁਰੂ ਤੇਗ ਬਹਾਦਰ: ਜੀਵਨ ਦਰਸ਼ਨ ਅਤੇ ਰਚਨਾ, ਡਾ ਹਰਦੀਪ ਸਿੰਘ ਦੀਪ ,ਰਘਬੀਰ ਰਚਨਾ ਪ੍ਰਕਾਸ਼ਨ, ਅੰਮ੍ਰਿਤਸਰ 1975 ,ਪੰਨਾ 151

4. ਡਾ. ਕਾਲਾ ਸਿੰਘ ਬੇਦੀ, ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਰਵੇਖਣ (ਵਿਚਾਰਾਤਮਿਕ ਤੇ ਕਲਾਤਮਿਕ ਪੱਖ ਤੋਂ), (ਸੰਪਾ.) ਤਾਰਨ ਸਿੰਘ, ਗੁਰੂ ਤੇਗ ਬਹਾਦਰ ਜੀਵਨ, ਸੰਦੇਸ਼ ਤੇ ਸ਼ਹਾਦਤ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1976, ਪੰਨਾ 95



**ਅਸਿਸਟੈਂਟ ਪ੍ਰੋਫੈਸਰ, ਮੋਦੀ ਕਾਲਜ ਪਟਿਆਲਾ**


## ਹਰ ਦਿਨ / ਡਾ. ਪ੍ਰਤਿਭਾ ਪ੍ਰਭਾ



ਉਹ ਸਿਕਦੀ ਸੀ ਹਰ ਦਿਨ
ਤਵੇ ਤੇ ਰੋਟੀ ਵਾਂਗ
ਬੱਚਿਆਂ ਨੇ ਖਾਧੀ ਖੂਬ ਲੁੱਟ ਕੇ
ਵੱਡਿਆਂ ਨੇ ਥੋੜਾ ਥੋੜਾ ਕਰ ਕੇ ਤੋੜਿਆ
ਆਰਾਮ ਨਾਲ ਖੂਬ ਚੱਬ ਚੱਬ ਕੇ ਖਾਧਾ
ਜਿਹੜੀ ਬਚੀ ਕੁਝ ਥਾਲੀਆਂ ਦੇ ਵਿਚ
ਉਹ ਕੁੱਤਿਆਂ ਨੂੰ ਖਵਾਈ
ਜੋ ਬਚ ਗਿਆ ਹੋਰ ਕੁਝ
ਉਸਨੂੰ ਨਾਲੀ ਵਿਚ ਸੁੱਟ ਏ
ਪਰ ਨਹੀਂ ਪੁੱਛਿਆ ਕਿਸੇ ਨੇ ਵੀ
ਸਾਰੀ ਰਾਤ
ਕਿ ਤੂੰ ਵੀ ਕੁਝ ਖਾਧਾ ?
ਨਹੀਂ ਪੁੱਛਦਾ ਕਦੇ ਕੋਈ ਉਸਨੂੰ
ਕੋਈ ਉਸਦੇ ਹਿੱਸੇ ਦੀ ਭੁੱਖ
ਪਿਆਸ ਝਰੀਟਾਂ
ਉਸਦੀ ਸੁੱਕੀਆਂ ਅੱਖਾਂ ਦੀ ਤਰਲਤਾ
ਉਸਦੀ ਨੀਂਦ ਉਸਦਾ ਹੋਸ਼
ਨਹੀਂ ਪੁੱਛਦਾ ਕੋਈ
ਉਸਦੇ ਆਂਚਲ ਦਾ ਖਾਲੀਪਨ
ਉਸਦੀ ਸੁੰਨੀ ਵੀਣੀ
ਉਸਦੀਆਂ ਖਾਲੀ ਤਲੀਆਂ
ਨਹੀਂ ਪੁੱਛਦਾ ਕੋਈ
ਉਸਦੇ ਮੱਥੇ ਦਾ ਤਣਾਅ
ਉਸਦੀਆਂ ਗੱਲ੍ਹਾਂ ਦੀਆਂ ਝੁਰੜੀਆਂ
ਉਸਦੇ ਸੁੱਕੇ ਹੋਂਠ
ਉਸਦਾ ਬੁਝ ਰਿਹਾ ਚਿਹਰਾ
ਨਹੀਂ ਪੁੱਛਦਾ ਕੋਈ ਉਸਨੂੰ
ਉਸਦੀਆਂ ਫਟੀਆਂ ਅੱਡੀਆਂ ਵਿਚੋਂ
ਰਿਸਦਾ ਖੂਨ ਨਹੀਂ ਪੁੱਛਦਾ ਉਸਨੂੰ
ਕੋਈ ਵੀ ਨਹੀਂ ਪੁੱਛਦਾ....

**ਅਨੁ. ਅ.ਕ.**

# ਸੁਖਮਨੀ ਸਾਹਿਬ ਵਿੱਚ ਆਦਰਸ਼ ਮਨੁੱਖ ਦਾ ਸੰਕਲਪ / ਗੁਰਸੰਤ ਸਿੰਘ

ਸਮੁੱਚੇ ਜੀਵ-ਜਗਤ ਵਿੱਚ ਮਨੁੱਖ ਨੂੰ ਸਰੀਰਿਕ ਅਤੇ ਮਾਨਸਿਕ ਵਿਕਾਸ ਪੱਖੋਂ ਸਰਵ-ਉੱਚ ਸਥਾਨ ਪ੍ਰਾਪਤ ਹੈ। ਮਨੁੱਖ ਹੀ ਇੱਕ ਅਜਿਹਾ ਜੀਵ ਹੈ ਜਿਸ ਨੇ ਸਰੀਰਿਕ, ਮਾਨਸਿਕ ਅਤੇ ਸਭਿਆਚਾਰਿਕ ਵਿਕਾਸ ਦੇ ਵੱਖ-ਵੱਖ ਪੜਾਵਾਂ ਨੂੰ ਪਾਰ ਕਰਦਿਆਂ ਜੀਵ-ਜਗਤ ਵਿੱਚ ਸਰਦਾਰੀ ਹਾਸਿਲ ਕੀਤੀ ਹੈ। ਵਿਕਾਸ ਦੇ ਇਹਨਾਂ ਪੜਾਵਾਂ ਵਿੱਚ ਜਿਥੇ ਮਨੁੱਖ ਸਰੀਰਿਕ ਪੱਧਰ 'ਤੇ ਵਿਕਸਿਤ ਹੁੰਦਾ ਗਿਆ ਉਥੇ ਮਾਨਸਿਕ ਅਤੇ ਬੌਧਿਕ ਵਿਕਾਸ ਨੇ ਇਸ ਨੂੰ ਪਹਿਲਾਂ ਨਾਲੋਂ ਨਵਾਂ ਰੂਪ ਵਿੱਚ ਸਥਾਪਿਤ ਕੀਤਾ। ਇਹ ਨਵਾਂ ਰੂਪ ਆਪਣੇ ਪਹਿਲੇ ਰੂਪਾਂ ਨਾਲੋਂ ਕਿਤੇ ਵਧੇਰੇ ਯੋਗ ਬਣਿਆ। ਗਿਆਨ-ਵਿਗਿਆਨ ਅਤੇ ਫਲਸਫ਼ੇ ਨੇ ਸ਼ੁਰੂ ਤੋਂ ਹੀ ਮਨੁੱਖ ਨੂੰ ਆਪਣੀ ਖੋਜ ਦਾ ਵਿਸ਼ਾ ਬਣਾਇਆ ਅਤੇ ਆਪਣੇ-ਆਪਣੇ ਤਰੀਕੇ ਨਾਲ਼ ਇਸ ਨੂੰ ਪਰਿਭਾਸ਼ਿਤ ਕਰਨ ਅਤੇ ਇਸਦੇ ਆਦਰਸ਼ ਨੂੰ ਸਥਾਪਿਤ ਕੀਤਾ ਹੈ।

ਗੁਰਮਤਿ-ਕਾਵਿ ਵਿੱਚ ਮਾਨਵ ਅਤੇ ਮਾਨਵੀ ਆਦਰਸ਼ ਦਾ ਵਿਸ਼ਾ ਸਾਰੇ ਬਾਣੀਕਾਰਾਂ ਦੁਆਰਾ ਵਿਚਾਰਿਆ ਗਿਆ ਹੈ। ਗੁਰਬਾਣੀ ਵਿੱਚ ਸਾਰੀਆਂ ਜੂਨਾਂ ਵਿੱਚੋਂ ਮਨੁੱਖਾਂ ਜਨਮ ਨੂੰ ਸਰਵ-ਉੱਚ ਸਥਾਨ ਦਿੱਤਾ ਗਿਆ ਹੈ।

ਲਖ ਚਉਰਾਸੀਹ ਜੋਨਿ ਸਬਾਈ।।
ਮਾਣਸ ਕਉ ਪ੍ਰਭਿ ਦੀਈ ਵਡਿਆਈ।।1

ਗੁਰੂ-ਸਾਹਿਬਾਨ ਨੇ ਗੁਰਮੁੱਖ ਦੇ ਰੂਪ ਵਿੱਚ ਇੱਕ ਅਜਿਹਾ ਮਾਨਵੀ ਆਦਰਸ਼ ਸਿਰਜਿਆ ਹੈ ਜੋ ਨਾ ਕੇਵਲ ਅਧਿਆਤਮਿਕ ਪੱਧਰ 'ਤੇ ਸਗੋਂ ਸਭਿਆਚਾਰਕ ਅਤੇ ਸਵੈ ਦੇ ਪੱਧਰ 'ਤੇ ਵੀ ਮਾਨਵੀ ਆਦਰਸ਼ ਦੇ ਸਿਖ਼ਰ ਨੂੰ ਪ੍ਰਾਪਤ ਕੀਤਾ ਹੈ। ਗੁਰਮਤਿ-ਕਾਵਿ ਵਿੱਚ ਸਮੁੱਚੇ ਮਾਨਵ ਜਗਤ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ: ਗੁਰਮੁੱਖ ਅਤੇ ਮਨਮੁੱਖ। ਜਿਸ ਵਿਅਕਤੀ ਦਾ ਮੁੱਖ ਗੁਰਮਤਿ ਦੀ ਬਜਾਇ ਆਪਣੇ ਮਨ ਵੱਲ ਹੋਵੇ, ਅਰਥਾਤ ਉਸਨੇ ਆਪਣੇ ਮਨ ਉੱਪਰ ਕਿਸੇ ਪ੍ਰਕਾਰ ਦਾ ਨਿਯੰਤਰਣ ਨਾ ਲਾਇਆ ਹੋਵੇ, ਉਹ ਮਨ-ਆਈਆਂ ਕਰਦਾ ਰਹੇ, ਉਸਨੂੰ ਗੁਰਬਾਣੀ ਵਿੱਚ ਮਨਮੁੱਖ ਕਿਹਾ ਗਿਆ ਹੈ।2 ਗੁਰਮਤਿ ਅਨੁਸਾਰ ਮਨੁੱਖ ਬਾਰੇ ਡਾ. ਜਸਬੀਰ ਕੇਸਰ ਲਿਖਦੇ ਹਨ, "ਮਨਮੁੱਖ ਉਹ ਮਨੁੱਖ ਹੈ ਜਿਹੜਾ ਮਨ ਦੇ ਪਿੱਛੇ ਲੱਗ ਕੇ ਦੁਨਿਆਵੀ ਅਤੇ ਸਰੀਰਿਕ ਖੁਸ਼ੀਆਂ ਹਾਸਿਲ ਕਰਨ ਵਿੱਚ ਗਲਤਾਨ ਹੈ, ਜਿਸ ਨੂੰ ਸੱਚ-ਝੂਠ ਦੀ ਕੋਈ ਸੋਝੀ ਨਹੀਂ।3

ਇਸ ਮਨਮੁੱਖ ਦੇ ਸਮਾਨੰਤਰ ਜਿਸ ਆਦਰਸ਼ ਮਨੁੱਖ ਦਾ ਸੰਕਲਪ ਗੁਰਬਾਣੀ ਵਿੱਚ ਪੇਸ਼ ਕੀਤਾ ਗਿਆ ਹੈ, ਉਸਨੂੰ ਗੁਰਮੁੱਖ ਕਿਹਾ ਜਾਂਦਾ ਹੈ। ਗੁਰਬਾਣੀ ਵਿੱਚ ਗੁਰਮੁੱਖ ਪਦ ਦੀ ਵਰਤੋਂ ਅਜਿਹੇ ਵਿਅਕਤੀ ਲਈ ਕੀਤੀ ਗਈ ਹੈ ਜੋ ਸਦਾ ਗੁਰੂ ਦੇ ਸਨਮੁੱਖ ਰਹਿੰਦਾ ਹੈ, ਕਦੇ ਵੀ ਬੇਮੁੱਖ ਨਹੀਂ ਹੁੰਦਾ।

ਗੁਰੂ ਦੇ ਸਨਮੁੱਖ ਰਹਿਣ ਦਾ ਅਰਥ ਹੈ ਸਦਾ ਗੁਰੂ ਦੀ ਸਿੱਖਿਆ ਉੱਪਰ ਚਲਣਾ, ਉਸ ਦੀ ਆਗਿਆ ਵਿੱਚ ਰਹਿਣਾ ਅਤੇ ਮੁਸ਼ਕਿਲ ਤੋਂ ਮੁਸ਼ਕਿਲ ਸਥਿਤੀ ਵਿੱਚ ਵੀ ਗੁਰੂ ਦੀ ਇੱਛਾ ਦੀ ਉਲੰਘਣਾ ਨਹੀਂ ਕਰਨਾ।4

ਗੁਰੂ ਸਾਹਿਬਾਨ ਨੇ ਮਨੁੱਖ ਨੂੰ ਗੁਰਮੁੱਖ ਰੂਪ ਹੈ ਕੇ ਪਰਮ-ਪਦ ਹਾਸਿਲ ਕਰਨ ਲਈ ਪ੍ਰੇਰਿਆ ਹੈ। ਸੁਖਮਨੀ ਸਾਹਿਬ ਵਿੱਚ ਵੀ ਗੁਰਮੁੱਖ ਦੇ ਸੰਕਲਪ ਨੂੰ ਅਧਿਆਤਮਿਕ ਉੱਚਤਾ ਦੇ ਵੱਖ-ਵੱਖੇ ਪੜਾਵਾਂ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਇਸ ਨੂੰ ਗੁਰਮੁੱਖ ਭਗਤ, ਸਾਧ, ਸੰਤ ਅਤੇ ਬ੍ਰਹਮ ਗਿਆਨੀ ਦੇ ਰੂਪ ਵਿੱਚ ਅਜਿਹੇ ਆਦਰਸ਼ ਮਨੁੱਖ ਦੇ ਸੰਕਲਪ ਨੂੰ ਉਭਾਰਦੇ ਹਨ ਜੋ ਆਤਮਿਕ ਉੱਚਤਾ ਦੇ ਪੜਾਵਾਂ ਨੂੰ ਪਾਰ ਕਰਦਿਆਂ ਕੂੜ ਦੀ ਪਾਲ ਨੂੰ ਤੋੜਦਿਆਂ, ਰੱਬੀ ਗੁਣਾਂ ਦਾ ਧਾਰਨੀ ਹੋ ਕੇ ਆਪ ਪਰਮੇਸ਼ਵਰ ਦਾ ਹੀ ਰੂਪ ਹੋ ਜਾਂਦਾ ਹੈ।

ਨਾਨਕ ਬ੍ਰਹਮ ਗਿਆਨੀ ਆਪ ਪ੍ਰਮੇਸ਼ਰ5

ਬ੍ਰਹਮ ਗਿਆਨੀ ਦੇ ਰੂਪ ਵਿੱਚ ਉਹ ਇੱਕ ਅਜਿਹਾ ਆਦਰਸ਼ ਹੈ ਜੋ ਮਨ ਅਤੇ ਮੁੱਖ ਦੇ ਪੱਖੋਂ ਸੱਚਾ ਹੋ ਕੇ ਕੇਵਲ ਤੇ ਕੇਵਲ ਪਰਮਾਤਮਾ ਨੂੰ ਹੀ ਸਰਵ-ਵਿਆਪਕ ਰੂਪ ਵਿੱਚ ਦੇਖਦਾ ਹੈ। ਉਹ ਨਾਮ ਨੂੰ ਅਧਾਰ ਬਣਾ ਕੇ ਪਰਮਾਨੰਦ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਪਰਮੇਸ਼ਰ ਰੂਪ ਹੋ ਜਾਂਦਾ ਹੈ।

ਇਸੇ ਤਰ੍ਹਾਂ ਸੰਤ ਕੇਵਲ ਪ੍ਰਭੂ ਦੇ ਨਾਮ ਨੂੰ ਚਿਤਵਦਾ ਹੋਇਆ ਅਡੋਲਤਾ ਦੀ ਅਵਸਥਾ ਨੂੰ ਪ੍ਰਾਪਤ ਕਰਦਾ ਹੈ। ਉਸਦੀ ਆਤਮਿਕ ਉੱਚਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਿਥੇ ਸੰਤ ਦੀ ਸ਼ਰਨ ਵਿੱਚ ਆਉਣ 'ਤੇ ਮਨੁੱਖ ਦਾ ਉਧਾਰ ਹੋ ਜਾਂਦਾ ਹੈ ਉਥੇ ਸੰਤ ਦੇ ਨਿੰਦਕ ਨੂੰ ਵੱਖ-ਵੱਖ ਜੂਨਾਂ ਦੀ ਭਟਕਣਾ ਹਾਸਿਲ ਹੁੰਦੀ ਹੈ। ਉਹ ਆਤਮਿਕ ਉੱਚਤਾ ਦੀ ਉਸ ਅਵਸਥਾ ਨੂੰ ਪ੍ਰਾਪਤ ਕਰਦਾ ਹੈ ਜਿਥੇ ਚੱਲ ਕੇ ਉਹ ਨਿੰਦਕਾਂ ਨੂੰ ਵੀ ਤਾਰ ਸਕਦਾ ਹੈ।

ਸਿੱਖ ਉਹ ਵਿਅਕਤੀ ਹੈ ਜੋ ਸਤਿਗੁਰ ਦੀ ਸੰਗਤ ਵਿੱਚ ਆ ਕੇ ਤਰ ਜਾਂਦਾ ਹੈ। ਸਿੱਖਾਂ ਦਾ ਸੇਵਕ ਸਦਾ ਆਪਣੇ ਮਾਲਕ ਦਾ ਆਗਿਆਕਾਰੀ ਹੋ ਕੇ ਪ੍ਰਭੂ-ਭਗਤੀ ਵਿੱਚ ਜੁਟਿਆ ਰਹਿੰਦਾ ਹੈ। ਉਸ ਦੇ ਮਨ ਵਿੱਚ ਸਦਾ ਪਰਮਾਤਮਾ ਪ੍ਰਤੀ ਵਿਸ਼ਵਾਸ਼ ਹੁੰਦਾ ਹੈ। ਸੱਚੀ-ਸੁੱਚੀ ਅਤੇ ਮਰਿਆਦਾ ਵਾਲੀ ਜ਼ਿੰਦਗੀ ਜਿਉਣ ਲਈ ਉਹ ਸਿਰਫ਼ ਨਾਮ ਨੂੰ ਹੀ ਅਧਾਰ ਬਣਾਉਂਦਾ ਹੈ ਅਤੇ ਇੱਕ ਆਦਰਸ਼ ਮਨੁੱਖ ਵਜੋਂ ਪੇਸ਼ ਹੁੰਦਾ ਹੈ। ਪ੍ਰਭੂ ਆਪ ਉਸਦਾ ਪਾਲਣਹਾਰ ਬਣਦਾ ਹੈ ਅਤੇ ਉਸ ਦੀ ਹਲਤ-ਪਲਤ ਨੂੰ ਸਵਾਰਦਾ ਹੈ।

ਇੱਥੇ ਇਹ ਗੱਲ ਬਹੁਤ ਅਹਿਮ ਹੈ ਕਿ ਆਖਿਰ ਅਜਿਹੀ ਆਤਮਿਕ ਉੱਚਤਾ ਦੀ ਅਵਸਥਾ ਨੂੰ ਕਿਵੇਂ ਪ੍ਰਾਪਤ

## ਜਾਲ / ਹਰਦੀਪ ਸੱਭਰਵਾਲ

ਉਹ ਹੁਣ ਉਸਨੂੰ ਬਿਲਕੁਲ ਵੀ ਪਸੰਦ ਨਹੀਂ ਕਰਦੀ ਸੀ, ਨਾ ਉਸਨੂੰ ਉਸਦੀ ਛੋਹ ਅਤੇ ਨਾ ਹੀ ਉਸਦੇ ਮੂੰਹੋ ਨਿਕਲੇ ਸ਼ਬਦ ਪਸੰਦ ਸਨ।

ਕਈ ਵਾਰ ਉਹ ਹੈਰਾਨ ਹੁੰਦੀ ਸੀ ਕਿ ਉਹ ਉਸਦੇ ਨਾਲ ਪਿਆਰ ਵਿੱਚ ਕਿਵੇਂ ਪੈ ਗਈ।

ਪਰ ਉਹ ਸੀ ਕਿ ਉਸਨੂੰ ਗੁਆਉਣਾ ਨਹੀਂ ਚਾਹੁੰਦਾ ਸੀ, ਉਹ ਹਮੇਸ਼ਾਂ ਕਹਿੰਦਾ, ''ਤੂੰ ਕਿੰਨੀ ਸੋਹਣੀ ਹੈਂ, ਜੋ ਖਿੱਚ ਤੇਰੇ ਵਿੱਚ ਹੈ ਹੋਰ ਕਿਤੇ ਵੀ ਨਹੀ''

ਉਹ ਅਕਸਰ ਉਸਨੂੰ ਮਿਲਣ ਲਈ ਬੁਲਾਉਂਦਾ, ਜਦ ਕਦੇ ਵੀ ਉਹ ਇਨਕਾਰ ਕਰਦੀ ਸੀ ਤਾਂ ਉਹ ਸਾਰਿਆਂ ਨੂੰ ਉਸਦੇ ਖ਼ਤ ਅਤੇ ਤਸਵੀਰਾਂ ਦਿਖਾਉਣ ਦੀ ਧਮਕੀ ਦਿੰਦਾ।

ਉਹ ਆਪਣੇ ਆਪ ਨੂੰ ਇੱਕ ਜਾਲ ਵਿੱਚ ਫਸਿਆ ਮਹਿਸੂਸ ਕਰਦੀ, ਦਿਨ ਬ ਦਿਨ ਉਸ ਲਈ ਇਹ ਸਭ ਸਹਿਣਾ ਮੁਸ਼ਕਲ ਹੁੰਦਾ ਜਾ ਰਿਹਾ ਸੀ।

''ਨਹੀਂ, ਮੈਂ ਇਕ ਵਸਤੂ ਨਹੀਂ ਹਾਂ,'' ਉਸਨੇ ਫੈਸਲਾ ਕੀਤਾ,'' ਮੈਂ ਇਹ ਸਭ ਹੁਣ ਬਰਦਾਸ਼ਤ ਨਹੀਂ ਕਰਾਂਗੀ''।

ਮੈਨੂੰ ਅੱਜ ਇਸ ਖੇਡ ਨੂੰ ਖਤਮ ਕਰਨਾ ਹੀ ਹੋਵੇਗਾ।

ਉਹ ਤੇਜ਼ੀ ਨਾਲ ਉਸਦੇ ਕਮਰੇ ਵਿੱਚ ਦਾਖਲ ਹੋਈ, ਉਸਦੀਆਂ ਅੱਖਾਂ ਵਿੱਚ ਅੱਖ ਪਾ ਕੇ ਅਤੇ ਦ੍ਰਿੜਤਾ ਨਾਲ ਬੋਲੀ,



''ਅਖੀਰ, ਇੱਕ ਵਿਅਕਤੀ ਆਪਣੀ ਗਲਤੀ ਲਈ ਕਿੰਨਾ ਚਿਰ ਸਜਾ ਭੁਗਤੇਗਾ?''।

ਉਸਦੀ ਆਵਾਜ਼ ਫੈਸਲੇ ਦੀ ਗੂੰਜ ਸੀ।

ਉਹ ਚੁੱਪ ਚਾਪ ਉਸ ਵੱਲ ਵੇਖਦਾ ਰਿਹਾ, ਕੁਝ ਪਲ ਰੁਕਿਆ, ਅਤੇ ਫੇਰ ਅਚਾਨਕ ਅਲਮਾਰੀ ਦਾ ਦਰਾਜ਼ ਖੋਲ੍ਹਿਆ, ਉਸਦੇ ਖ਼ਤ ਅਤੇ ਤਸਵੀਰਾਂ ਉਸ ਵੱਲ ਸੁੱਟ ਕੇ, ਉਸਨੇ ਕਿਹਾ,

''ਕੋਈ ਵੀ ਹੁਣ ਆਪਣੀ ਕੀਤੀ ਇਕ ਗਲਤੀ ਦੀ ਸਜ਼ਾ ਨੂੰ ਹੁਣ ਹੋਰ ਨਹੀਂ ਭੁਗਤੇਗਾ''।

ਹੈਰਾਨ, ਬੁਰੀ ਤਰ੍ਹਾਂ ਚਕਨਾਚੂਰ, ਉਸਦੇ ਜਵਾਬ ਤੋਂ ਪਰੇਸ਼ਾਨ, ਉਹ ਕਮਰੇ ਵਿਚ ਵਾਪਸ ਆਈ ਅਤੇ ਆਪਣੇ ਸ਼ੀਸ਼ੇ ਦੇ ਸਾਹਮਣੇ ਖੜੇ ਹੋ ਕੇ ਆਪਣੇ ਵੱਲ ਵੇਖਿਆ ਅਤੇ ਆਪਣੇ ਆਪ ਨੂੰ ਕਹਿਣ ਲੱਗ ਪਈ,

ਕੀ ਮੈਂ ਹੁਣ ਇੰਨੀ ਸੁਹਣੀ, ਇੰਨੀ ਆਕਰਸ਼ਕ ਨਹੀਂ ਰਹੀ, ਜਿੰਨੀ ਆਕਰਸ਼ਕ ਮੈਂ ਪਹਿਲਾਂ ਸੀ''।

ਤੇ ਉਹ ਫੁਟ ਫੁਟ ਕੇ ਰੋ ਪਈ.....।

ਕੀਤਾ ਜਾਵੇ। ਇਸ ਦਾ ਮਾਰਗ ਦਰਸਾਉਂਦਿਆਂ ਗੁਰੂ ਅਰਜਨ ਦੇਵ ਜੀ ਸੁਖਮਨੀ ਸਾਹਿਬ ਵਿੱਚ ਫਰਮਾਉਂਦੇ ਹਨ ਕਿ ਨਾਮ ਰੂਪੀ ਸੁੱਖਾਂ ਦੀ ਮਣੀ ਜਿਸ ਦਾ ਵਾਸਾ ਭਗਤ-ਜਨਾਂ ਦੇ ਹਿਰਦੇ ਵਿੱਚ ਹੈ, ਦੁਆਰਾ ਹੀ ਆਤਮਿਕ ਉੱਚਤਾ ਨੂੰ ਹਾਸਿਲ ਕੀਤਾ ਜਾ ਸਕਦਾ ਹੈ। ਮਨੁੱਖ ਦਾ ਮਨ ਬਹੁਤ ਚੰਚਲ ਹੈ ਜੋ ਵਿਕਾਰਾਂ ਵਸ ਹੋ ਕੇ ਉਸਨੂੰ ਮਨੁੱਖਤਾ ਦੇ ਰਾਹ ਤੋਂ ਤੋੜਦਾ ਹੈ। ਜਿਥੇ ਉਹ ਸੰਸਾਰਕ ਰਿਸ਼ਤਿਆਂ, ਧਨ-ਦੌਲਤ, ਮਾਇਆ, ਰਾਜ-ਭਾਗ ਆਦਿਕ ਸੁਵਿਧਾਵਾਂ ਵਿੱਚ ਫਸ ਜਾਂਦਾ ਹੈ। ਗੁਰੂ ਸਾਹਿਬ ਪੁੱਛਦੇ ਹਨ ਕਿ ਇਹਨਾਂ ਸਭ ਸੁਵਿਧਾਵਾਂ ਵਿੱਚੋਂ ਅਜਿਹੀ ਕਿਹੜੀ ਚੀਜ਼ ਹੈ ਜੋ ਤੇਰੇ ਨਾਲ ਜਾਣੀ ਹੈ ਅਤੇ ਜਿਸਨੇ ਤੈਨੂੰ ਮੁਕਤੀ ਦੇਣੀ ਹੈ। ਸਮੁੱਚੇ ਸੁਖਮਨੀ ਸਾਹਿਬ ਵਿੱਚ ਗੁਰੂ ਅਰਜਨ ਦੇਵ ਜੀ ਨੇ ਸਿਮਰਨ ਦੇ ਰੂਪ ਵਿੱਚ ਅਜਿਹੇ ਮਾਰਗ ਨੂੰ ਦਰਸਾਇਆ ਹੈ ਜਿਸ 'ਤੇ ਚੱਲਦਿਆਂ ਇੱਕ ਸਧਾਰਨ ਮਨੁੱਖ ਇੱਕ ਆਦਰਸ਼ ਮਨੁੱਖ ਦੀ ਅਵਸਥਾ ਨੂੰ ਪ੍ਰਾਪਤ ਕਰ ਸਕਦਾ ਹੈ। ਉਹ ਨਾ ਕੇਵਲ ਆਪਣੇ ਜੀਵਨ ਨੂੰ ਸਵਾਰਦਾ ਹੈ ਸਗੋਂ ਦੂਜਿਆਂ ਦੇ ਜੀਵਨ ਦਾ ਵੀ ਉਧਾਰ ਕਰਦਾ ਹੈ।

ਸਮੁੱਚੇ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਜਿਸ ਮਨੁੱਖ ਨੇ ਸਰੀਰਿਕ ਅਤੇ ਬੌਧਿਕ ਪੜਾਵਾਂ ਦੀ ਉੱਚਤਾ ਨੂੰ ਪ੍ਰਾਪਤ ਕਰਦਿਆਂ ਜੀਵ-ਜਗਤ ਵਿੱਚ ਸਰਵ- ਸ਼੍ਰੇਸ਼ਠ ਸਥਾਨ ਪ੍ਰਾਪਤ ਕੀਤਾ ਹੈ, ਨੂੰ ਗੁਰੂ ਸਾਹਿਬਾਨ ਨੇ ਆਤਮਿਕ ਉੱਚਤਾ ਦੇ ਅਜਿਹੇ ਪੜਾਅ ਤੇ ਲੈ ਆਂਦਾ ਜਿਥੇ ਉਹ ਸਮੁੱਚੀ ਮਾਨਵਤਾ ਲਈ ਇੱਕ ਆਦਰਸ਼ ਦੇ ਰੂਪ ਵਿੱਚ ਸਥਾਪਿਤ ਹੁੰਦਾ ਹੈ। ਗੁਰਮੁੱਖ, ਸਾਧ, ਭਗਤ, ਸੰਤ ਅਤੇ ਬ੍ਰਹਮ ਗਿਆਨੀ ਦੇ ਰੂਪ ਵਿੱਚ ਉਹ ਇੱਕ ਆਦਰਸ਼ ਮਨੁੱਖ ਹੈ।

**ਹਵਾਲੇ**


(1) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 1045

(2) ਬ੍ਰਹਮਜਗਦੀਸ਼ ਸਿੰਘ (ਪ੍ਰੋ.), ਗੁਰੂ ਗ੍ਰੰਥ ਸੰਕਲਪ ਕੋਸ਼ ਵਾਰਿਸ ਸ਼ਾਹ ਫਾਉਂਡੇਸ਼ਨ, ਪੰਨਾ 358

(3) ਜਸਬੀਰ ਕੇਸਰ (ਡਾ.) ਸਿੱਖ ਵਿਅਕਤੀ ਅਤੇ ਸਿੱਖ ਸਮਾਜਕ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ, ਪੰਨਾ 43

(4) ਬ੍ਰਹਮਜਗਦੀਸ਼ ਸਿੰਘ (ਪ੍ਰੋ.), ਗੁਰੂ ਗ੍ਰੰਥ ਸੰਕਲਪ ਕੋਸ਼ ਵਾਰਿਸ ਸ਼ਾਹ ਫਾਉਂਡੇਸ਼ਨ, ਪੰਨਾ 212

(5) ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ 272



**ਖੋਜਾਰਥੀ,**
**ਪੰਜਾਬੀ ਵਿਭਾਗ,**
**ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ**

## ਜਦੋਂ ਮਿੱਥ ਟੁੱਟਦੀ ਹੈ
## (ਲਿਖਤ ਦੇ ਅੰਦਰੂਨੀ ਅਤੇ ਬਾਹਰੀ ਮਿੱਥਾਂ ਦੇ ਟੁੱਟਣ ਦਾ ਨਾਂ ਹੈ 'ਬਲੌਰਾ') / ਸਰਵਰਿੰਦਰ ਸਿੰਘ

ਮਿੱਥਾਂ ਦੀ ਨਿਰਮਾਣਕਾਰੀ ਦਾ ਅਮਲ ਅਚੇਤਨ-ਸੁਚੇਤਨ ਮਾਨਵੀ ਪ੍ਰਕਿਰਿਆ ਰਾਹੀਂ ਸਬੰਧਿਤ ਸਥਿਤੀਆਂ ਵਿਚ ਸਮੇਂ ਦੇ ਹਰੇਕ ਕਾਲ ਅੰਦਰ ਜਾਰੀ ਰਹਿੰਦਾ ਹੈ। ਭੂਤ-ਪੂਰਵ ਸਥਾਪਤੀਆਂ ਹੰਢਾਅ ਰਹੀਆਂ ਨਿਰਧਾਰਿਤ ਕੀਤੀਆਂ ਗਈਆਂ ਮਿੱਥਾਂ ਹਰੇਕ ਵਰਤਮਾਨ ਵਿਚ ਆਪਣੀ ਸਮੁੱਚੀ ਹੋਂਦ ਸਮੇਤ ਹਾਜਿਰ ਰਹਿੰਦੀਆਂ ਹਨ ਅਤੇ ਮਨ ਦੇ ਪਰਤ-ਦਰ-ਪਰਤ ਧਰਾਤਲ ਤੇ ਵਿਚਰਦੀਆਂ ਰਹਿੰਦੀਆਂ ਹਨ। ਸਾਡੀ ਸੰਵੇਦਨਾ ਨੂੰ ਇਹ ਉਲਾਸ, ਹਤਾਸ਼, ਨਿਰਾਸ਼, ਭਰੋਸਗੀ, ਬੇਭਰੋਸਗੀ ਆਦਿ ਅੰਤਰ-ਵਿਰੋਧਾਂ ਦੇ ਸਨਮੁੱਖ ਕਰਦੀਆਂ ਹਨ, ਇਹਨਾਂ ਅੰਤਰ-ਵਿਰੋਧਾਂ ਵਿਚ ਘਿਰਿਆ ਮਾਨਵ-ਮਨ ਕਿਸੇ ਫ਼ੈਸਲੇ ਦੇ ਪਹੁੰਚਣ ਤੋਂ ਇਨਕਾਰੀ ਹੋ ਜਾਂਦਾ ਹੈ।

ਗੁਰਪ੍ਰੀਤ ਸਹਿਜੀ ਦਾ ਨਾਵਲ ਆਉਂਦਾ ਹੈ, 'ਬਲੌਰਾ' ਤੇ ਨਾਲ ਹੀ ਫੇਸਬੁੱਕ 'ਤੇ ਪੰਜਾਬੀ ਕਹਾਣੀ ਦੇ ਖੇਤਰ ਦਾ ਇਕ ਸਮਰੱਥ ਕਹਾਣੀਕਾਰ ਨਾਵਲ ਦੇ ਇਕ ਅੰਸ਼ ਨੂੰ ਪੋਸਟ ਕਰਦਾ ਹੈ। ਉਸ ਇਕ ਅੰਸ਼ ਨੂੰ ਪੜ੍ਹਣ ਨਾਲ ਨਾਵਲ ਬਾਰੇ ਅਤੇ ਨਾਵਲਕਾਰ ਬਾਰੇ ਇਕ ਅਸਮਝ ਬਣਦੀ ਹੈ, ਜਿਸ ਦੇ ਸਿੱਟੇ ਵਜੋਂ ਨਾਵਲ ਤੋਂ ਕਿਨਾਰਾਕਸ਼ੀ ਕਰਕੇ ਇਕ ਗੈਰਜਰੂਰੀ ਵਿੱਥ 'ਤੇ ਖਲੋ ਕੇ ਗਲਤ ਧਾਰਨਾ ਦਾ ਨਿਰਮਾਣ ਕਰ ਲਿਆ ਜਾਂਦਾ ਹੈ। ਨਾਵਲ ਨੂੰ ਸਾਹਿਤ ਅਕਾਦਮੀ ਦਾ ਇਨਾਮ ਮਿਲਦਾ ਹੈ। ਫੇਸਬੁੱਕ 'ਤੇ ਨਾਵਲ ਬਾਰੇ ਚਰਚਾ ਛਿੜਦੀ ਹੈ, ਸਾਹਿਤ ਅਕਾਦਮੀ ਬਾਰੇ ਕਈ ਤਰਾਂ ਦੀ ਗੱਲਾਂ ਕੀਤੀਆਂ ਜਾਂਦੀਆਂ ਹਨ। ਨਾਵਲ ਨੂੰ ਗੈਰ-ਸਾਹਿਤਕ, ਗੈਰ-ਯਥਾਰਥਿਕ, ਗੈਰ-ਬਿਰਤਾਂਤਕ ਗਲਪ ਆਦਿ ਵਿਅੰਗਾਤਮਕ ਵਿਸ਼ੇਸਣਾ ਅਤੇ ਵਿਸ਼ਲੇਸ਼ਣਾ ਨਾਲ ਨਿਵਾਜਿਆ ਜਾਂਦਾ ਹੈ। ਪਹਿਲਾਂ ਤੋਂ ਸਥਾਪਿਤ ਹੋਈ ਅਸਮਝ ਨੂੰ ਸਥੂਲ ਧਰਾਤਲ ਮਿਲਦਾ ਹੈ ਅਤੇ ਗਲਪ ਰਚਨਾ ਤੀਕ ਪਹੁੰਚ ਸਥਾਪਿਤ ਕਰਨ ਦੀ ਜ਼ਹਿਮਤ ਕਰਨ ਤੋਂ ਬਚਣ ਲਈ ਪੈਦਾ ਹੋਈਆਂ ਭ੍ਰਾਂਤੀਆਂ ਉੱਪਰ ਵਿਸ਼ਵਾਸ ਕਰ ਲਿਆ ਜਾਂਦਾ ਹੈ ਅਤੇ ਇਕ ਮਿੱਥ ਦਾ ਨਿਰਮਾਣ ਹੁੰਦਾ ਹੈ ਕਿ ਇਹ ਨਾਵਲ ਉਸਾਰੂ ਸਾਹਿਤ ਹੋਣ ਦੇ ਮਾਪਦੰਡਾਂ ਤੋਂ ਨੀਵਾਂ ਹੈ। ਇਸ ਦੇ ਬਾਵਜੂਦ ਗੁਰਪ੍ਰੀਤ ਸਹਿਜੀ ਦਾ ਨਾਵਲ ਬਲੌਰ ਪੰਜਾਬੀ ਨਾਵਲਕਾਰੀ ਵਿੱਚ ਆਪਣੀ ਵਿਸ਼ੇਸ਼ ਥਾਂ ਰੱਖਦਾ ਹੈ।

ਨਾਵਲ ਸ਼ੁਰੂ ਹੁੰਦਾ ਹੈ ਤਾਂ ਪਹਿਲੇ ਹੀ ਡਾਇਲਾਗ ਨਾਲ ਨਾਵਲ ਨਾਲ ਜੁੜ ਜਾਂਦਾ ਹਾਂ, "ਬਲੌਰਾ ਤਾਂ ਕੁੱਕੜ ਦੀ ਬਾਂਗ ਦੀ ਨਾਲ ਸਦੇਹਾਂ ਈ ਉੱਠ ਖੜੋਂਦਾ ਸੀ, ਪਰ ਬਚਨੇ ਨੇ ਕੱਲ੍ਹ ਸ਼ਾਮ ਕੁੱਕੜ ਰਿੰਨ੍ਹ ਕੇ, ਘਰ ਆਏ ਜਵਾਈ ਨੂੰ ਖੁਵਾ ਦਿੱਤਾ।" ਹੁਣ ਬਲੌਰਾ ਜੋ ਬਗਾਨੇ ਕੁੱਕੜ ਦੀ ਬਾਂਗ ਤੇ ਉੱਠਦਾ ਹੈ ਇਹ ਬਿਲਕੁਲ ਏਵੇਂ ਹੈ ਜਿਵੇਂ ਅਜਮੇਰ ਔਲਖ ਆਖਦਾ ਹੈ ਕਿ 'ਜਿਹੜੇ ਰਹਿਣਗੇ ਬਗਾਨੇ ਬੋਹੜ ਦੀ ਛਾਂ ਥੱਲੇ'। ਪਿੰਡਾਂ ਵਿਚ ਉੱਸਰ ਰਹੀ ਨਿੱਕ-ਬੁਰਜੂਆ ਜਮਾਤ ਕਿਵੇਂ ਆਰਥਿਕ ਅਸਮਾਨਤਾ ਬਣਾ ਰਹੀ ਹੈ, ਬਲੌਰਾ ਉਸੇ ਅਸਮਾਨਤਾ ਦਾ ਸ਼ਿਕਾਰ ਪਾਤਰ ਹੈ। ਪਰ ਸਥਿਤੀ ਦਾ ਦੁਖਾਂਤ ਇਹ ਹੈ ਕਿ ਬਲੌਰੇ ਕੋਲ ਸਿਵਾਏ ਪਰਾਏ ਵੱਸ ਪੈਣ ਦੇ ਕੋਈ ਹੋਰ ਚਾਰਾ ਨਹੀਂ। ਪੰਜਾਬੀ ਸੱਭਿਆਚਾਰਕ ਪ੍ਰਵਚਨ ਜੋ ' ਫਰੀਦਾ ਬਾਰਿ ਪਰਾਇਆ ਬੈਸਣਾ ਸਾਂਈ ਮੁਝੇ ਨ ਦੇਹਿ' ਦੇ ਦੁਆਲੇ ਉੱਸਰਦਾ ਹੈ, ਉਸ ਪ੍ਰਵਚਨ ਨੂੰ ਦੂਸ਼ਿਤ ਹੋਏ ਸੱਭਿਅਕ ਵਰਤਾਰਿਆਂ ਵਿਚ ਕਾਇਮ ਰੱਖਣਾ ਬਲੌਰੇ ਦੀ ਪ੍ਰਾਪਤੀ ਹੈ। ਸਹਿਜੀ ਦੇ ਇਸ ਨਾਵਲ ਦੀ ਇਕੋ ਇਕ ਖਾਸੀਅਤ ਬਲੌਰੇ ਵਰਗਾ ਪਾਤਰ ਘੜਣਾ ਹੈ। ਬਲੌਰਾ ਜੋ ਅਖੋਤੀ ਅਣਖ ਤੋਂ ਕਿਨਾਰਾ ਵੀ ਕਰਦਾ ਹੈ ਅਤੇ ਬੰਦੇ ਅੰਦਰਲੀ ਜਰੂਰੀ ਕਣੀ ਨੂੰ ਵੀ ਨਹੀਂ ਮਰਨ ਦਿੰਦਾ। ਭਾਂਵੇ ਇਹ ਗੱਲ ਆਪਣੇ ਆਪ ਵਿਚ ਦਵੰਦਾਤਮਕ ਲਗਦੀ ਹੈ, ਪਰ ਇਸਨੂੰ ਨਿਭਾਉਣ ਦਾ ਹੁਨਰ ਸਹਿਜੀ ਕੋਲ ਸੀ ਅਤੇ ਉਹ ਬਲੌਰੇ ਵਰਗਾ ਪਾਤਰ ਸਿਰਜਦਾ ਹੈ। ਬਲੌਰਾ ਪੰਜਾਬੀ ਨਾਵਲ ਦੀ ਦੁਨੀਆ ਵਿਚ ਇਕ ਯਾਦਗਾਰੀ ਅਤੇ ਚਿਰਸਥਾਈ ਪਾਤਰ ਹੈ। ਜਿਸਤੋਂ ਬਿਨ੍ਹਾ ਭਵਿੱਖ ਵਿਚ ਨਾਵਲਾਂ ਦੇ ਯਾਦਗਾਰੀ ਪਾਤਰਾਂ ਦੀ ਗਿਣਤੀ ਅਧੂਰੀ ਰਹੇਗੀ। ਬਲੌਰੇ ਵਿਚ ਤੁਸੀਂ ਗੁਰਦਿਆਲ ਸਿੰਘ ਦੇ ਦੋ ਪਾਤਰਾਂ ਜਗਸੀਰ (ਮੜ੍ਹੀ ਦਾ ਦੀਵਾ) ਅਤੇ ਪਰਸਾ (ਪਰਸਾ) ਦੇ ਗੁਣ ਇਕੱਠੇ ਵੇਖ ਸਕੋਂਗੇ। ਇਹ ਉਹ ਦੋ ਪਾਤਰ ਹਨ ਜਿਹਨਾਂ ਦਾ ਇਕ ਮੁਹਾਜ ਤੇ ਇਕੱਠੇ ਹੋ ਕੇ ਲੜਣਾ ਜਰੂਰੀ ਸੀ। ਗੁਰਪ੍ਰੀਤ ਸਹਿਜੀ ਇਹ ਕੰਮ ਕਰਨ ਵਿੱਚ ਕਾਮਯਾਬ ਹੋਇਆ ਹੈ।

ਗੁਰਪ੍ਰੀਤ ਸਹਿਜੀ ਪਿੰਡ ਪੱਧਰ ਤੇ ਸਥਾਪਿਤ ਹੋ ਰਹੀ ਨਿੱਕ-ਬੁਰਜੁਵਾਜੀ ਤੋਂ ਪੈਦਾ ਹੋ ਰਹੇ ਕਿਸਾਨੀ ਸੰਕਟ ਜਿਹੜਾ ਕਿ ਆਰਥਿਕ ਹੋਣ ਦੇ ਨਾਲ-ਨਾਲ ਬਹੁਤਾ ਮਾਨਸਿਕ ਹੈ, ਉਸਨੂੰ ਬਲ਼ੌਰੇ ਅਤੇ ਉਸਦੇ ਪਰਿਵਾਰ ਦੇ ਜੀਆਂ ਦੁਆਰਾ ਦ੍ਰਿਸ਼ਮਾਨ ਕਰਦਾ ਹੈ। ਬਲੌਰੇ ਦਾ ਪਿਤਾ ਅਜੈਬ ਨਸ਼ਿਆਂ ਕਾਰਨ ਆਪਣੀ ਭੋਇੰ ਗਵਾ ਬਹਿੰਦਾ ਹੈ, ਹੁਣ ਉਸਦੀ ਘਰ ਵਿਚ ਕੋਈ ਸਵੈ-ਹੋਂਦ ਨਹੀਂ ਪਰ ਉਸਦੀ ਸਥੂਲ ਹੋਂਦ ਤੋਂ ਇਨਕਾਰੀ ਵੀ ਨਹੀਂ ਹੋਇਆ ਜਾ ਸਕਦਾ। ਇਸੇ ਸਥੂਲ ਹੋਂਦ ਕਾਰਨ ਬਲੌਰਾ ਉਸ ਨੂੰ ਸੰਗਲ ਨਾਲ ਬੰਨ੍ਹ ਕੇ ਰੱਖਣ ਲਈ ਮਜਬੂਰ ਹੈ। ਬਲੌਰੇ ਦੀ ਮਾਂ ਇਕ ਕਿਸਾਨ ਔਰਤ ਜਿਹੜੀ ਕਿ ਕਦੇ ਆਪਣੇ ਪਤੀ ਸਾਹਵੇਂ ਕਦੇ ਮੂੰਹ ਖੋਲ ਕੇ ਬੋਲੀ ਨਹੀਂ, ਘਰ ਵਿਚ ਬਣ ਰਹੇ ਹਾਲਾਤਾਂ ਨਾਲ ਦੋ-ਚਾਰ ਹੁੰਦੀ ਆਪਣੀ ਜਿੰਦਗੀ ਦੇ ਅੰਤਿਮ ਅਧਿਆਏ ਵੱਲ ਵਧ ਰਹੀ ਹੈ। ਫਿਊਡਲ ਪੈਟਰੀਔਰਟਿਕ ਹੈਜਾਮਨੀ ਦੀ ਸ਼ਿਕਾਰ ਔਰਤ ਆਪਣੇ



ਸਮਾਜਿਕ ਅਸਤਿੱਤਵ ਨੂੰ ਆਪਣੇ ਪਤੀ ਤੋਂ ਵਿਮੁਕਤ ਕਰਦੀ ਹੋਈ ਆਪਣੇ ਬੱਚਿਆਂ ਰਾਹੀਂ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਪਰ ਉਹ ਇਸ ਵਿਚ ਕਾਮਯਾਬ ਕਦੇ ਨਹੀਂ ਹੋ ਸਕਦੀ ਕਿਉਂ ਕਿ ਇਹ ਵਰਤਾਰੇ ਉਸ ਨੂੰ ਸਥਾਪਿਤ ਰੂਪ ਵਿਚ ਮਿਲੇ ਹਨ, ਜਿੰਨ੍ਹਾਂ ਵਿੱਚ ਵੱਢ ਮਾਰਨਾ ਉਸਦੇ ਇਕੱਲੀ ਜਾਨ ਦੇ ਵੱਸ ਨਹੀਂ, ਪਰ ਸੰਕੇਤਕ ਰੂਪ ਵਿਚ ਉਹ ਬਲੌਰੇ ਰਾਹੀਂ ਆਪਣੀ ਤ੍ਰਾਸਦੀ ਦੇ ਵਿਘਟਨ ਦਾ ਪ੍ਰਵਚਨ ਜਰੂਰ ਉਸਾਰਦੀ ਹੈ। ਨਾਵਲ ਦੀ ਪਾਤਰ ਬਲੌਰੇ ਦੀ ਭੈਣ 'ਦੀਸਾਂ'ਇਕ ਹੋਰ ਅਹਿਮ ਪਾਤਰ ਹੈ। ਨਾਵਲ ਬਾਰੇ ਜੋ ਵਿਵਾਦ ਪੈਦਾ ਕੀਤਾ ਗਿਆ ਸੀ, ਜਿਸਨੂੰ ਮੈਂ ਸ਼ੁਰੂਆਤ ਵਿਚ ਅਸਮਝ ਕਿਹਾ ਹੈ। ਉਹ ਦੀਸਾਂ ਅਤੇ ਬਲੌਰੇ (ਭੈਣ-ਭਰਾ) ਦੇ ਰਿਸ਼ਤੇ ਵਿਚਲੀ ਅਣਯਥਾਰਥਕ ਦਿਸਦੀ ਖੁੱਲ੍ਹ ਬਾਰੇ ਹੀ ਸੀ। ਦੀਸਾਂ ਉਸ ਕਿਸਾਨ ਦੀ ਧੀ ਹੈ ਜਿਸ ਕੋਲ ਉਸਦੇ ਵਿਆਹੁਣ ਲਈ ਹੁਣ ਕੋਈ ਸਾਧਨ ਨਹੀਂ ਬਚਿਆ ਹੋਇਆ। ਜੋ ਥੋੜੀ ਬਹੁਤ ਪੈਲੀ ਹੈ ਵੀ ਉਸ ਨਾਲ ਉਹ ਦੀਸਾਂ ਦੇ ਵਿਆਹ ਦਾ ਖਰਚਾ ਨਹੀਂ ਉਠਾ ਸਕਦਾ। ਭਾਂਵੇ ਅਜੈਬ (ਦੀਸਾਂ ਦਾ ਪਿਤਾ) ਖੁਦ ਆਪਣੀ ਅਤੇ ਆਪਣੇ ਪਰਿਵਾਰ ਦੀ ਤ੍ਰਾਸਦੀ ਦਾ ਕਾਰਨ ਹੈ, ਪਰ ਫੇਰ ਵੀ ਹੁਣ ਉਸਦੀ ਇਹ ਹਾਲਤ ਹੈ ਕਿ ਉਹ ਗੁਰਦੁਆਰੇ ਜਾ ਕੇ ਭਾਈ ਜੀ ਤੋਂ ਇਹ ਅਰਦਾਸ ਕਰਵਾਉਂਦਾ ਹੈ ਕਿ ਉਸਦੀ ਧੀ ਕਿਸੇ ਨਾਲ ਉੱਧਲ ਜਾਵੇ, ਤਾਂ ਜੋ ਉਸਦੇ ਵਿਆਹ ਦਾ ਖਰਚਾ ਬਚ ਸਕੇ। ਹੁਣ ਜਦ ਸਥਿਤੀ ਇਸ ਹੱਦ ਤੱਕ ਪਹੁੰਚ ਚੁੱਕੀ ਹੈ ਤਾਂ ਅਖੋਤੀ ਅਣਖ ਵਾਲਾ ਮਸਲਾ ਤਾਂ ਖਤਮ ਹੋ ਹੀ ਗਿਆ ਹੈ। ਹੁਣ ਜੇ ਅਜੇ ਵੀ ਕੋਈ ਫਿਊਡਲ ਮਾਨਸਿਕਤਾ ਦਾ ਬੰਦਾ ਇਹ ਕਹਿੰਦਾ ਹੈ ਕਿ ਇਸ ਸਥਿਤੀ ਵਿਚ ਅਜੈਬ ਨੂੰ ਇਹ ਨਹੀਂ ਸੀ ਕਰਨਾ ਚਾਹੀਦਾ, ਇਸ ਨਾਲ ਸਥਾਪਿਤ ਕਦਰਾਂ-ਕੀਮਤਾਂ ਨੂੰ ਸੱਟ ਵੱਜਦੀ ਹੈ ਤਾਂ ਇਹ ਉਸਦੀ ਸੀਮਤ ਸਮਝ ਦਾ ਸਿੱਟਾ ਹੈ। ਜਿਸ ਦੇ ਘਰ ਸਾਧਨਾਂ ਦੀ ਅਣਹੋਂਦ ਕਾਰਨ ਧੀ ਵਿਆਹੁਣ ਖੁਣੋਂ ਬੈਠੀ ਹੋਵੇ ਉਹ ਬੰਦਾ ਹੋਰ ਕੀ ਕਰੇਗਾ ਤੇ ਅਜਿਹੇ ਹੀ ਸਮਿਆਂ ਵਿਚ ਬਲੌਰਾ ਦੀਸਾਂ ਨੂੰ ਉਸਦੇ ਸਬੰਧਾਂ ਬਾਰੇ ਪੁੱਛਦਾ ਹੈ। ਪੁੱਛਦਾ ਹੀ ਨਹੀਂ ਬਲਕਿ ਉਸਦੇ ਪ੍ਰੇਮੀ ਨੂੰ ਮਿਲਕੇ ਉਸਨੂੰ ਸਿੱਧਾ ਤੇ ਸਪੱਸ਼ਟ ਹੀ ਇਹ ਪੁੱਛਦਾ ਹੈ ਕਿ ਤੇਰੇ ਵਿਚ ਚਾਰ ਲਾਵਾਂ ਲੈਣ ਦੀ ਹਿੰਮਤ ਵੀ ਹੈ ਕਿ ਨਹੀਂ। ਉਸਦੇ ਢਿੱਲਾ ਪੈਣ ਤੇ ਬਲੌਰਾ ਦੀਸਾਂ ਲਈ ਹੋਰ ਕਿਸੇ ਵਰ ਦੀ ਤਲਾਸ਼ ਕਰਦਾ ਹੈ ਬਜਾਏ ਦੀਸਾਂ ਦੀ ਔਨਰ ਕਿਲਿੰਗ ਕਰਨ ਦੇ।

ਇਹ ਹੈ ਉਹ ਸਥਿਤੀ ਜੋ ਕਦਰਾਂ-ਕੀਮਤਾਂ ਤੇ ਅਧਾਰਿਤ ਸਮਾਜ ਨੂੰ ਮਨਜੂਰ ਨਹੀਂ ਅਤੇ ਇਸ ਨਾਵਲ ਬਾਰੇ ਕੂੜ-ਪ੍ਰਚਾਰ ਕਰਦੀ ਹੈ। ਗੁਰਪ੍ਰੀਤ ਸਹਿਜੀ ਇਸ ਨਾਵਲ ਰਾਹੀਂ ਪਹਿਲੀ ਵਾਰ ਉਸ ਸਥਾਪਿਤ ਮੁੱਲ-ਪ੍ਰਬੰਧ ਨੂੰ ਵੱਢ ਮਾਰਦਾ ਹੈ। ਜਿਹੜਾ ਮਰ-ਮਰ ਕੇ ਜੀਣ ਲਈ ਛੱਡ ਦਿੰਦਾ ਹੈ, ਜਿਸ ਕੋਲ ਜੀਵਨ ਜੀਣ ਦੀ ਸਪੇਸ ਨਹੀਂ ਹੈ। ਬਲੌਰਾ ਇਸੇ ਸਪੇਸ ਦੀ ਤਲਾਸ਼ ਵਿਚ ਰੱਬ ਨਾਲ ਆਢਾ ਲੈਂਦਾ ਹੈ। ਰੱਬ ਉਹ ਮੈਟਾਫਰ ਹੈ ਜਿਸ ਰਾਹੀਂ ਸਹਿਜੀ ਸਥਾਪਤੀ ਦੀਆਂ ਧੱਜੀਆਂ ਉਡਾਉਂਦਾ ਹੈ। ਜੇ ਕੋਈ ਪਾਤਰ ਰੱਬ ਨਾਲ ਭਿੜਨ ਲਈ ਤਿਆਰ ਹੋ ਜਾਵੇ ਤਾਂ ਉਸ ਮਿੱਥੀ ਗਈ ਸੁਪਰੀਮ ਪਾਵਰ ਤੋਂ ਹੇਠਲੀਆਂ ਸ਼ੋਸ਼ਣ ਕਰਨ ਵਾਲੀਆਂ ਸੱਤਾਧਾਰੀ ਧਿਰਾਂ ਨਾਲ ਮੱਥਾ ਲਾਉਣਾ ਜਾਂ ਉਹਨਾਂ ਦਾ ਖਾਤਮਾ ਕਰਨਾ ਕਦੇ ਵੀ ਔਖਾ ਨਹੀਂ। ਸਹਿਜੀ ਜਾਣ-ਬੁੱਝ ਕੇ ਬਲੌਰੇ ਦਾ ਮੱਥਾ ਰੱਬ ਨਾਲ ਲਵਾਉਂਦਾ ਹੈ ਬਜਾਏ ਹੋਰ ਕਿਸੇ ਸਥਾਪਿਤ ਧਿਰ ਦੇ। ਸਮਕਾਲ ਦੇ ਹਾਲਾਤਾਂ ਦੇ ਅਨੁਸਾਰ ਹੁਣ ਸਿਰਦਾਰੀ ਦੇ ਅਰਥ ਸੁਪਰੀਮ ਪਾਵਰ ਤੱਕ ਪਹੁੰਚ ਸਥਾਪਿਤ ਕਰਦੇ ਹਨ, ਬਾਕੀ ਬੁਰਜੂਆ ਜਮਾਤੀ ਲੋਕ ਤਾਂ ਉਸਦਾ ਸਹਾਰਾ ਲੈ ਕੇ ਆਪਣੀ ਸਿਕਦਾਰੀ ਕਾਇਮ ਰੱਖ ਰਹੇ ਹਨ। ਅਜਿਹੇ ਵਿਚ ਬਲੌਰੇ ਵਰਗੇ ਪਾਤਰ ਦਾ ਹੋਣਾ ਪੰਜਾਬੀ ਸਮਾਜ ਲਈ ਇਕ ਵੱਡੀ ਗੱਲ ਹੈ।

ਅਖੀਰ ਵਿਚ ਫੇਰ ਦੁਬਾਰਾ ਦੁਹਾਰਾਉਂਦਾ ਹਾਂ ਕਿ ਇਸ ਨਾਵਲ ਬਾਰੇ ਜਿੰਨ੍ਹਾ ਵੀ ਕੂੜ ਪ੍ਰਚਾਰ ਹੋਇਆ ਉਹ ਕਿਤੇ ਨਾ ਕਿਤੇ ਗਲਤ ਸੀ। (ਮੇਰੀ ਸੀਮਤ ਸਮਝ ਅਨੁਸਾਰ) ਨਾਵਲ ਨੂੰ ਪੜ੍ਹਣ ਤੋਂ ਬਾਅਦ ਹੀ ਕਿਸੇ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ। ਪੰਜਾਬੀ ਨਾਵਲ ਦੇ ਉਹ ਪਾਠਕ ਜਿੰਨ੍ਹਾਂ ਨੇ ਮੇਰੇ ਵਾਂਗ ਸੁਣੀਆਂ-ਸੁਣਾਈਆਂ ਗੱਲਾਂ ਤੇ ਯਕੀਨ ਕਰਕੇ ਹੁਣ ਤੱਕ ਨਾਵਲ ਤੋਂ ਪਾਸਾ ਵੱਟੀ ਰੱਖਿਆ ਉਹ ਨਾਵਲ ਨੂੰ ਜਰੂਰ ਪੜ੍ਹਣ ਅਤੇ ਸਥਾਪਿਤ ਸਮਾਜਿਕ ਢਾਂਚੇ ਵਿਚ ਬਣ ਚੁੱਕੀਆਂ ਮਿੱਥਾਂ ਦੇ ਟੁੱਟਣ ਦਾ ਖੜਾਕ ਸੁਣਨ।

**ਸੀਨੀਅਰ ਰਿਸਰਚ ਸਕਾਲਰ**
**ਪੰਜਾਬੀ ਯੂਨੀਵਰਸਿਟੀ, ਪਟਿਆਲ਼ਾ**

## ਭਾਰਤ ਪਾਕਿ ਵੰਡ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਵਾਲਾ ਅਹਿਮ ਸਰੋਤ - ਆਪਣੇ ਲੋਕ / ਨਿਰੰਜਣ ਬੋਹਾ

ਭਾਵੇਂ ਸੰਨ ਸੰਤਾਲੀ ਦੇਸ਼ ਦੀ ਨੌਜਵਾਨ ਪੀੜ੍ਹੀ ਲਈ ਦੇਸ਼ ਦੀ ਅਜਾਦੀ ਦੇ ਵਰ੍ਹੇ ਵਜੋਂ ਮਾਨਤਾ ਰੱਖਦਾ ਹੈ ਪਰ ਇਸ ਵਰ੍ਹੇ ਦੇ ਇਤਿਹਾਸਕ ਤੇ ਫੈਂਸਲਾਕੁੰਨ ਘਟਨਾਕ੍ਰਮ ਦੀ ਸਮਕਾਲੀ ਤੇ ਚਸ਼ਮਦੀਦ ਗਵਾਹ ਰਹੀ ਬਜ਼ੁਰਗ ਪੀੜ੍ਹੀ ਇਸ ਨੂੰ ਭਾਰਤ-ਪਾਕਿ ਵੰਡ ਦੇ ਵਰ੍ਹੇ ਦੇ ਰੂਪ ਵਿਚ ਹੀ ਸਵੀਕਾਰਦੀ ਹੈ। ਦੋ ਦੇਸ਼ਾਂ ਦੀਆਂ ਨਵੀਆਂ ਸਰਹੱਦਾਂ ਉਲੀਕਣ ਦੇ ਸੰਬੰਧ ਵਿਚ ਹੋਏ ਮਨੁੱਖੀ ਕਤਲੇਆਮ ਦੀਆਂ ਦਿਲ ਚੀਰਵੀਆਂ ਯਾਦਾਂ ਉਹਨਾਂ ਨੂੰ ਭੁਲਾਏ ਵੀ ਨਹੀਂ ਭੁਲਦੀਆਂ। ਮੁਲਕ ਦੀ ਵੰਡ ਕਾਰਨ ਉਜਾੜੇ ਦਾ ਸੰਤਾਪ ਹੰਢਾਉਣ ਵਾਲੇ ਬਹੁਤ ਸਾਰੇ ਲੋਕਾਂ ਨੇ ਆਪੋ ਆਪਣੇ ਦ੍ਰਿਸ਼ਟੀਕੋਨ ਤੇ ਅਭਿਵਿਅਕਤੀਗਤ ਸਮਰੱਥਾ ਅਨੁਸਾਰ ਉਸ ਸਮੇ ਦੇ ਦੁਖਾਂਤਕ ਅਨੁਭਵਾਂ ਨੂੰ ਆਪਣੀ ਅਭਿਵਿਅਕਤੀ ਦਾ ਮਾਧਿਅਮ ਬਣਾਇਆ ਹੈ। ਵਿਚਾਰ ਅਧੀਨ ਨਾਵਲ 'ਆਪਣੇ ਲੋਕ' ਦਾ ਲੇਖਕ ਭਾਵੇਂ ਇਸ ਵਿਸ਼ੇ ਤੇ ਲਿਖਣ ਵਾਲੇ ਬਜ਼ੁਰਗ ਲੇਖਕਾਂ ਵਾਂਗ ਭਾਰਤ- ਪਾਕਿ ਵੰਡ ਸਮੇਂ ਵਾਪਰੇ ਅਮਾਨਵੀ ਵਰਤਾਰਿਆਂ ਬਾਰੇ ਹੱਡੀਂ ਹੰਢਾਇਆ ਅਨੁਭਵ ਨਹੀਂ ਰੱਖਦਾ ਪਰ ਇਸ ਦੁਖਾਂਤ ਨੂੰ ਭੋਗਣ ਵਾਲੇ ਬਜੁਰਗਾਂ ਦੇ ਮਨਾਂ ਵਿਚ ਸੁਰੱਖਿਅਤ ਪਈਆਂ ਇਸ ਵੰਡ ਦੀਆਂ ਹਿਰਦੇ ਵੇਧਕ ਯਾਦਾਂ ਨੂੰ ਕਲਮਬੱਧ ਕਰਨ ਲਈ ਉਸ ਆਪਣੀ ਮਿਹਨਤ ਨਾਲ ਐਨਾਂ ਫੀਲਡ ਵਰਕ ਕੀਤਾ ਹੈ ਕਿ ਸੱਤ ਦਹਾਕੇ ਪਹਿਲਾਂ ਦਾ ਬਿਗਾਨਾ ਅਨੁਭਵ ਵੀ ਉਸਦਾ ਆਪਣਾ ਅਨੁਭਵ ਬਣ ਗਿਆ ਹੈ।

ਨਾਵਲ ਵਿੱਚਲੀ ਮਾਨਵੀ ਦ੍ਰਿਸ਼ਟੀ ਧਰਮ ਦੇ ਨਾਂ 'ਤੇ ਕਰਵਾਈ ਗਈ ਅਧਰਮੀ ਵੰਡ ਰਾਹੀਂ ਉਜਾੜੇ ਦੇ ਸ਼ਿਕਾਰ ਹੋਏ ਦੋਹਾਂ ਪਾਸਿਆਂ ਦੇ ਲੋਕਾਂ ਨਾਲ ਇੱਕੋ ਜਿਹੀ ਹਮਦਰਦੀ ਰੱਖਦੀ ਹੈ। ਨਾਵਲ ਦੇ ਵਿਸ਼ਲੇਸ਼ਣੀ ਸਿੱਟਿਆਂ ਅਨੁਸਾਰ ਸੰਨ ਸੰਤਾਲੀ ਦੀ ਵੰਡ ਵੇਲੇ ਦੋ ਮੁਲਕਾਂ ਵਿਚ ਵੰਡੇ ਜਾਣ ਵਾਲੇ ਲੋਕਾਂ ਦੀ ਸਹਿਮਤੀ ਸ਼ਾਮਿਲ ਨਹੀਂ ਸੀ ਸਗੋਂ ਦੋਹਾਂ ਪਾਸਿਆਂ ਤੋਂ ਸੱਤਾ ਦੀ ਕੁਰਸੀ ਤੇ ਕਾਬਜ਼ ਹੋਣ ਦੀ ਕਾਹਲ ਕਰਨ ਵਾਲੇ ਰਾਜਸੀ ਨੇਤਾਵਾਂ ਨੇ ਇਸ ਵੰਡ ਨੂੰ ਏਨੀ ਤੇਜੀ ਨਾਲ ਅੰਜ਼ਾਮ ਦਿੱਤਾ ਕਿ ਲੱਖਾਂ ਮਨੁੱਖੀ ਜਾਨਾਂ ਉਨ੍ਹਾਂ ਦੀ ਰਾਜਸੀ ਹਿਰਸ ਦੀ ਭੇਟ ਚੜ੍ਹ ਗਈਆਂ। ਅੰਗਰੇਜ਼ ਹਾਕਮਾਂ ਨੇ ਭਾਰਤ ਨੂੰ ਅਜ਼ਾਦੀ ਦੇਣ ਤੋਂ ਬਾਦ ਵੀ ਅੱਡ ਹੋਏ ਦੋਹਾਂ ਮੁਲਕਾਂ 'ਤੇ ਆਪਣੀ ਰਾਜਸੀ ਪਕੜ ਬਣਾਈ ਰੱਖਣ ਲਈ ਅਜਿਹੀਆਂ ਫੁੱਟ ਪਾਊ ਚਾਲਾਂ ਚੱਲੀਆਂ ਕਿ ਦੋਹਾਂ ਪਾਸਿਆਂ ਦੇ ਲੋਕ ਅੱਜ ਤਕ ਵੀ ਇਸਦੇ ਨਤੀਜੇ ਭੁਗਤ ਰਹੇ ਹਨ । ਲੇਖਕ ਜਿੱਥੇ ਦੇਸ਼ ਦ ਵੰਡ ਦੇ ਤਤਕਾਲੀ ਕਾਰਨਾਂ ਦੀ ਖੋਜ ਕਰਨ ਵੇਲੇ ਇਸ ਵੰਡ ਲਈ ਜਿੰਮੇਵਾਰ ਸਾਰੀਆਂ ਧਿਰਾਂ ਨੂੰ ਬਰਾਬਰ ਰੂਪ ਵਿਚ ਦੋਸ਼ੀ ਮੰਨਦਾ ਹੈ ਉੱਥੇ ਉਸਦੀ ਇਹ ਵੀ ਕੋਸ਼ਿਸ਼ ਰਹੀ ਹੈ ਇਸ ਵੰਡ ਦਾ ਵਿਰੋਧ ਕਰਨ ਵਾਲੇ ਲੋਕਾਂ ਵੱਲੋਂ ਨਿਭਾਈ ਇਤਿਹਾਸਕ ਭੂਮਿਕਾ ਨੂੰ ਵੀ ਪੂਰਾ ਸਤਿਕਾਰ ਦਿੱਤਾ ਜਾਵੇ ।

ਨਾਵਲਕਾਰ ਨੇ ਆਪਣੇ ਰਿਹਾਇਸ਼ੀ ਖੇਤਰ ਦੇ ਪਿੰਡਾਂ ਪੀਰਾਂ ਵਾਲੀ( ਰਿਉਂਦ ਕਲਾਂ), ਕਾਲੀਆ, ਕਾਹਨਗੜ੍ਹ, ਡਸਕਾ ਤੇ ਲੱਖੀਵਾਲ, ਗੰਢੂ ਕਲਾਂ, ਕੁਲਰੀਆਂ, ਭਾਵਾ, ਭਖੜਿਆਲ, ਲੱਖੀਵਾਲਾ ਤੇ ਤਾਲਵਾਲਾ ਆਦਿ ਵਿੱਚ ਫੀਲਡ ਵਰਕ ਕਰਕੇ ਆਪਣੇ ਨਾਵਲ ਲਈ ਅਜਿਹਾ ਕਥਾਨਕ ਉਸਾਰਿਆ ਹੈ ਜਿਸ ਰਾਹੀਂ ਇਤਿਹਾਸਕ ਨਾਵਲ ਲਿਖਣ ਵਾਲੇ ਨਾਵਲਕਾਰ ਵਜੋਂ ਉਸਦੇ ਚੰਗੇ ਭਵਿੱਖ ਦੀਆਂ ਸੰਭਾਵਨਾਵਾਂ ਪ੍ਰਬਲ ਰੂਪ ਵਿਚ ਉਜਾਗਰ ਹੋਈਆਂ ਹਨ। ਨਾਵਲ ਵਿਚ ਦਰਸਾਏ ਇਤਿਹਾਸਕ ਤੱਥਾਂ ਅਨੁਸਾਰ ਸੰਨ ਸੰਤਾਲੀ ਤੋਂ ਪਹਿਲਾਂ ਪਿੰਡ ਕਾਹਨਗੜ੍ਹ ਹਿੰਦੂ -ਸਿੱਖ ਬਹੁ ਗਿਣਤੀ ਵਾਲਾ ਪਿੰਡ ਸੀ ਤੇ ਕਾਲੀਆ ਮੁਸਲਮਾਨ ਬਹੁ ਗਿਣਤੀ ਵਾਲਾ। ਨਾਵਲ ਦੇ ਮੁੱਢਲੇ ਕਾਂਡ ਦੋਹਾਂ ਪਿੰਡਾਂ ਦੇ ਲੋਕਾਂ ਵਿਚਲੀ ਭਾਈਚਾਰਕ ਸਾਂਝ ਨੂੰ ਦਰਸਾਉਂਦੇ ਹਨ। ਇਕ ਪਾਸੇ ਕਾਲੀਏ ਪਿੰਡ ਦਾ ਵਾਸੀ ਨਵਾਬ ਖਾਨ (ਮੁਸਲਮਾਨ ) ਸਤੀਆ (ਹਿੰਦੂ) ਤੇ ਕਾਹਨਗੜ੍ਹ ਦਾ ਗੁਰਮੁਖ ਸਿੰਘ (ਸਿੱਖ) ਪੱਗ ਵੱਟ ਭਰਾ ਹਨ ਤਾਂ ਦੂਸਰੇ ਪਾਸੇ ਗੁਰਮੁਖ ਸਿੰਘ ਦਾ ਪੁੱਤਰ ਪੰਜਾਬਾ ਤੇ ਕਾਲੀ ਲੁਹਾਰ ਦਾ ਪੁੱਤਰ ਰਫੀਕ ਦੀ ਬਚਪਨ ਦੀ ਦੋਸਤੀ ਮਨੁੱਖੀ ਸਾਂਝ ਦੀ ਭਰੋਸੇਯੋਗ ਗਵਾਹੀ ਭਰਦੀ ਹੈ । ਹਰ ਦੁੱਖ-ਸੁੱਖ ਵਿਚ ਸਾਂਝੀ ਰਹੇ ਇਨ੍ਹਾਂ ਲੋਕਾਂ ਲਈ ਦੇਸ਼ ਦੀ ਵੰਡ ਦੀ ਖਬ਼ਰ ਹਿਰਦੇ ਵੇਧਕ ਵੀ ਸੀ ਤੇ ਹੈਰਾਨੀ ਜਨਕ ਵੀ। ਮਾਨਵੀ ਸੋਚ ਨਾਲ ਜੁੜੀਆਂ ਇਹ ਧਿਰਾਂ ਆਪਣੀਆਂ ਜਾਨਾਂ ਵਾਰ ਕੇ ਵੀ ਵੰਡ ਵਿਚ ਹੋਣ ਵਾਲੇ ਕਤਲੇਆਮ ਨੂੰ ਰੋਕਣ ਦੀ ਇੱਛਾ ਰੱਖਦੀਆਂ ਸਨ । ਨਾਵਲ ਦਾ ਇਕ ਖੋਜ਼ੀ ਸਿੱਟਾ ਇਹ ਵੀ ਹੈ ਕਿ ਦੋਹੇਂ ਪਾਸਿਆਂ ਦੇ ਨਵਾਬ ਖਾਨ ਵਰਗੇ ਮਾਨਵੀ ਸੋਚ ਵਾਲੇ ਲੋਕ ਆਪਣੀਆਂ ਜਾਨਾਂ ਵਾਰ ਕੇ ਆਪਣੇ ਹਮਸਾਏ ਰਹੇ ਲੋਕਾਂ ਦੀਆਂ ਜਾਨਾਂ ਦੀ ਰੱਖਿਆ ਨਾ ਕਰਦੇ ਤਾਂ ਉਸ ਸਮੇਂ ਹੋਇਆ ਮਨੁੱਖੀ ਕਤਲੇਆਮ ਹੋਰ ਵੀ ਭਿਆਨਕ ਹੋਣਾ ਸੀ। ਪਿੰਡ ਕਾਹਨਗੜ੍ਹ ਵਿਚ ਮੁਜਾਰਾ ਲਹਿਰ ਦੇ ਆਗੂ ਧਰਮ ਸਿੰਘ ਫੱਕਰ ਵਲੋਂ ਪੈਦਾ ਕੀਤੀ ਸਿਆਸੀ ਚੇਤਨਾ ਜਿੱਥੇ ਉੱਥੋਂ ਦੇ ਮੁਜਾਰਿਆਂ ਨੂੰ ਆਪਣੇ ਹੱਕਾਂ ਲਈ ਲਾਮਬੱਧ ਕਰਦੀ ਹੈ ਉੱਥੇ ਇਹ ਪਿੰਡ ਦੇ ਲੋਕਾਂ ਅੰਦਰ ਮਨੁੱਖਤਾਵਾਦੀ ਭਰਾਤਰੀ ਭਾਵ ਵੀ ਪੈਦਾ ਕਰਦੀ ਹੈ। ਜਦੋਂ ਆਲੇ ਦੁਆਲੇ ਦੇ ਸਾਰੇ ਪਿੰਡਾਂ ਵਿਚ ਫਿਰਕੂ ਵਹਿਸ਼ਤ ਦਾ ਨੰਗਾ ਨਾਚ ਨੱਚਿਆ ਜਾ ਰਿਹਾ ਹੁੰਦਾ ਤਾਂ ਕਾਹਨਗੜ੍ਹ ਦੇ ਲੋਕਾਂ ਦੀ ਸਿਆਸੀ ਚੇਤਨਾ ਆਪਣੇ ਪਿੰਡ ਵਿਚ ਰਹਿਣ ਵਾਲੇ ਕਾਲੀ ਲੁਹਾਰ ਤੇ ਹੋਰ ਮੁਸਲਮਾਨਾਂ ਲਈ ਢਾਲ ਬਣ ਜਾਂਦੀ ਹੈ । ਇਹ ਮੁਜਾਰਾ

ਲਹਿਰ ਦੀ ਮਾਨਵੀ ਪਹੁੰਚ ਦਾ ਹੀ ਨਤੀਜਾ ਹੈ ਕਿ ਇਸ ਪਿੰਡ ਦੇ ਵਸਨੀਕਾਂ ਵੱਲੋਂ ਆਪਣੀ ਜਨਮ ਭੋਇੰ ਛੱਡ ਕੇ ਜਾ ਰਹੇ ਮੁਸਲਮਾਨ ਭਰਾਵਾਂ ਦੀ ਜਾਨ ਤੇ ਮਾਲ ਦੀ ਰਾਖੀ ਲਈ ਚੇਤੰਨ ਸਮੂਹਿਕ ਤੇ ਸੰਗਠਿਤ ਯਤਨ ਕੀਤੇ ਜਾਂਦੇ ਹਨ। ਗੁਆਂਢੀ ਪਿੰਡ ਕਾਲੀਆ ਵਿਚ ਗੱਜੂ ਤੇ ਉੱਥੋਂ ਦਾ ਧਾਰਮਿਕ ਆਗੂ ਮੌਲਵੀ ਬਾਹਰੀ ਫਿਰਕੂ ਅਨਸਰਾਂ ਨਾਲ ਮਿਲ ਕੇ ਉੱਥੋਂ ਦੀ ਹਿੰਦੂ ਅਬਾਦੀ ਨੂੰ ਕਤਲੇਆਮ ਦਾ ਸ਼ਿਕਾਰ ਬਣਾਉਂਦੇ ਹਨ ਤਾਂ ਕਾਹਨਗੜ੍ਹ ਦੇ ਮੁਜਾਰੇ ਆਪਣੀ ਜਾਨ ਨੂੰ ਜ਼ੋਖਮ ਵਿਚ ਪਾ ਕੇ ਵੀ ਗੈਰ ਮੁਸਲਿਮ ਗੁਜਰ ਪਰਿਵਾਰਾਂ ਨੂੰ ਕਾਲੀਏ ਵਿਚੋਂ ਕੱਢ ਕੇ ਆਪਣੇ ਪਿੰਡ ਵਿਚ ਪਨਾਹ ਦਿੰਦੇ ਹਨ। ਸੰਤਾਲੀ ਦੇ ਉਜਾੜੇ ਤੋਂ ਸਿੱਖ ਪਰਿਵਾਰਾਂ ਨੂੰ ਕਾਲੀਏ ਪਿੰਡ ਵਿਚ ਜ਼ਮੀਨ ਅਲਾਟ ਹੁੰਦੀ ਹੈ ਤਾਂ ਮੁਜਾਰਾ ਲਹਿਰ ਦੇ ਆਗੂ ਝੰਡਾ ਸਿੰਘ ਤੇ ਗੁਰਮੁਖ ਸਿੰਘ ਦੀ ਅਗਵਾਈ ਹੇਠ ਕਾਹਨਗੜ੍ਹੀਏ ਮੁਜਾਰਿਆਂ ਵੱਲੋਂ ਉਹਨਾਂ ਦੇ ਪੁਨਰ ਵਸੇਬੇ ਸਮੇਂ ਆਉਣ ਵਾਲੀਆਂ ਮੁਸਕਲਾਂ ਨੂੰ ਦੂਰ ਕਰਨ ਸਬੰਧੀ ਵੀ ਹਰ ਸੰਭਵ ਯਤਨ ਕੀਤਾ ਜਾਂਦਾ ਹੈ।

ਮਨੁੱਖੀ ਸੋਚ ਨੂੰ ਸਿਰਜਣਾਤਮਕ ਦਿਸ਼ਾ ਤੇ ਦਸ਼ਾ ਦੇਣ ਲਈ ਮੁਜਾਰਾ ਲਹਿਰ ਦੀ ਭੂਮਿਕਾ ਉਸ ਵੇਲੇ ਵੀ ਪਾਠਕਾਂ ਦੇ ਦ੍ਰਿਸ਼ਟੀਗੋਚਰ ਹੁੰਦੀ ਹੈ ਜਦੋਂ ਗੁਰਮੁਖ ਦਾ ਪੁੱਤਰ ਪੰਜਾਬਾ ਆਪਣੇ ਦੋਸਤ ਰਫੀਕ ਦੇ ਵਿਛੋੜੇ ਨੂੰ ਦਿਲ 'ਤੇ ਲਾ ਕੇ ਉਦਾਸ ਤੇ ਮਾਯੂਸ ਰਹਿਣ ਲੱਗ ਪੈਂਦਾ ਹੈ । ਗੁਰਮੁਖ ਮੁਜਾਰਾ ਲਹਿਰ ਦੇ ਹੋਰ ਆਗੂਆਂ ਨਾਲ ਆਪਣੇ ਜੁਆਨ ਹੋ ਰਹੇ ਪੁੱਤਰ ਦੀ ਸਮੱਸਿਆ ਸਾਂਝੀ ਕਰਦਾ ਹੈ ਤਾਂ ਉਹ ਇਹੀ ਸੁਝਾਅ ਦਿੰਦੇ ਹਨ ਕਿ ਪੰਜਾਬੇ ਦੇ ਮਨ ਨੂੰ ਨਿਰਾਸ਼ਾ ਵਿੱਚੋਂ ਪੁੱਟ ਕੇ ਆਸ਼ਾ ਵਿਚ ਲਾਉਣ ਲਈ ਉਸਨੂੰ ਮੁਜਾਰਾ ਲਹਿਰ ਦੀਆਂ ਸਰਗਰਮੀਆਂ ਨਾਲ ਜੋੜ ਦਿੱਤਾ ਜਾਵੇ। ਲੋਕ ਪੱਖੀ ਲਹਿਰਾਂ ਦੇ ਇਤਿਹਾਸ ਨੂੰ ਸੰਭਾਲਦੀਆਂ ਕਿਤਾਬਾਂ ਦੇ ਪਾਠ ਰਾਹੀਂ ਪੰਜਾਬੇ ਦੇ ਅੰਦਰ ਅਜਿਹਾ ਬਦਲਾਅ ਆਉਂਦਾ ਵੀ ਹੈ । ਨਾਵਲ ਇਸ ਮਨੋ-ਵਿਗਿਆਨਕ ਧਾਰਨਾ ਨੂੰ ਉਚੇਚੇ ਤੌਰ 'ਤੇ ਉਭਾਰਦਾ ਹੈ ਕਿ ਥੱਕਿਆ, ਟੁੱਟਿਆ ਤੇ ਨਿਰਾਸ਼ ਹੋਇਆ ਮਨੁੱਖੀ ਜੀਵਨ ਆਪਣੀ ਪੁਨਰ ਉਸਾਰੀ ਦਾ ਮਾਦਾ ਵੀ ਆਪਣੇ ਅੰਦਰ ਹੀ ਰੱਖਦਾ ਹੈ ਤੇ ਜੀਵਨ ਦੇ ਔਖੇ ਤੋਂ ਔਖੇ ਪੜਾਅ ਪਾਰ ਕਰਕੇ ਮਨੁੱਖ ਫਿਰ ਤੋਂ ਵਿਗਸਣ ਤੇ ਜੀਣ-ਥੀਣ ਦੇ ਮੌਕੇ ਤਲਾਸ਼ ਹੀ ਲੈਂਦਾ ਹੈ। ਨਾਵਲ ਦਾ ਅੰਤ ਪੰਜਾਬੇ ਵੱਲੋਂ ਵੇਖੇ ਇੱਕ ਅਜਿਹੇ ਸੁਪਨੇ ਨਾਲ ਹੁੰਦਾ ਹੈ ਜਿਹੜਾ ਉਸਦੇ ਜੀਵਨ ਵਿਚ ਪੈਦਾ ਹੋਏ ਨਵੇਂ ਉਤਸ਼ਾਹ ਤੇ ਉਮੰਗ ਦਾ ਸੂਚਕ ਹੈ।

ਕਾਲੀਏ ਦਾ ਨਵਾਬ ਖਾਨ ਆਪਣੇ ਹਿੰਦੂ ਭਰਾਵਾਂ ਨੂੰ ਬਚਾਉਣ ਲਈ ਸ਼ਹਾਦਤ ਦੇ ਦਿੰਦਾ ਹੈ ਤਾਂ ਗੁਰਮੱਖ ਅੰਦਰ ਵੀ ਇੱਕ ਅਜਿਹਾ ਖਲਾਅ ਪੈਦਾ ਹੋ ਜਾਂਦਾ ਹੈ ਜਿਹੋ ਜਿਹਾ ਖਲਾਅ ਉਸਦੇ ਪੁੱਤਰ ਅੰਦਰ ਆਪਣੇ ਆੜੀ ਰਫੀਕ ਦੇ ਵਿਛੜਣ ਕਾਰਨ ਪੈਦਾ ਹੋਇਆ ਸੀ । ਨਾਵਲਕਾਰ ਇਸ ਖਲਾਅ ਨੂੰ ਭਰਨ ਲਈ ਬਹੁਤ ਪ੍ਰਭਾਵਕਾਰੀ ਮਨੋ-ਵਿਗੀਆਨਕ ਜੁਗਤ ਵਰਤਦਾ ਹੈ। ਜਦੋਂ ਨਵਾਬ ਦੇ ਖਾਲ੍ਹੀ ਹੋਏ ਮਕਾਨ ਵਿਚ ਲਹਿੰਦੇ ਪੰਜਾਬ ਤੋਂ ਆਇਆ ਸਵਰਨ ਸਿੰਘ ਦਾ ਪਰਿਵਾਰ ਰਹਿਣ ਲੱਗ ਪੈਂਦਾ ਹੈ , ਉਸਨੂੰ ਲੱਗਦਾ ਹੈ ਜਿਵੇਂ ਨਵਾਬ ਖਾਨ ਦਾ ਪਰਿਵਾਰ ਹੀ ਆਪਣੇ ਘਰ ਵਾਪਸ ਆ ਗਿਆ ਹੋਵੇ । ਨਵਾਬ ਦੇ ਘਰ ਦੀ ਦੁੱਧ ਵਾਲੀ ਬਾਲਟੀ ਤੋਂ ਸੱਖਣੀ ਹੋਈ ਕਿੱਲੀ ਉਸਨੂੰ ਮਾਨਸਿਕ ਤੌਰ ਤੇ ਪ੍ਰੇਸ਼ਾਨ ਕਰਦੀ ਹੈ ਤਾਂ ਉਹ ਇਸ ਭਾਵਨਾਤਮਕ ਖਲਾਅ ਨੂੰ ਭਰਨ ਲਈ ਆਪਣੇ ਘਰੋਂ ਮੱਝ ਦਾ ਸੰਗਲ ਖੋਲ੍ਹ ਕੇ ਆਪਣੇ ਨਵੇਂ ਬਣੇ ਭਰਾ ਸਵਰਨ ਸਿੰਘ ਦੇ ਕਿੱਲੇ ਤੇ ਬੰਨ੍ਹ ਆਉਂਦਾ ਹੈ। ਨਾਵਲ ਵਿਚ ਦੋਹੇਂ ਪਾਸੇ ਹੋਏ ਉਜਾੜੇ , ਲੁੱਟ ਮਾਰ ਤੇ ਕਤਲੇਆਮ ਦੇ ਵੇਰਵੇ ਬਹੁਤ ਦਿਲ ਕੰਬਾਊ ਤੇ ਹਿਰਦੇ ਵੇਧਕ ਹਨ, ਖਾਸ ਤੌਰ ਤੇ ਦੋਹਾਂ ਪਾਸਿਆਂ ਦੀਆਂ ਸੱਲੋਂ ਪਠਾਨੀ ਵਰਗੀਆਂ ਔਰਤਾਂ ਦੀ ਹੋਈ ਦੁਰਦਸ਼ਾ ਦੇ ਵੇਰਵੇ ਪੜ੍ਹ ਕੇ ਪਾਠਕਾਂ ਦੀ ਰੂਹ ਧੁਰ ਅੰਦਰ ਤੱਕ ਕੰਬ ਜਾਂਦੀ ਹੈ । ਨਾਵਲ ਵਿੱਚਲੀ ਇਹ ਧਾਰਨਾ ਪਾਠਕਾਂ ਨੂੰ ਕੁਝ ਮਾਨਸਿਕ ਰਾਹਤ ਜ਼ਰੂਰ ਪਹੁੰਚਾਉਦੀ ਹੈ ਕਿ ਮਾਨਵੀ ਸੰਵੇਦਨਾਂ ਤੇ ਇਨਸਾਨੀਅਤ ਘੱਟ ਜਾਂ ਵੱਧ ਰੂਪ ਵਿਚ ਹਰ ਕਾਲ ਤੇ ਹਰ ਹਾਲ ਵਿਚ ਆਪਣੀ ਹੋਂਦ ਬਣਾਈ ਰੱਖਦੀ ਹੈ।

ਨਾਵਲ ਦੀ ਭਾਸ਼ਾ ਸੰਵੇਦਨਾਤਮਕ ਤੇ ਭਾਵ ਪੂਰਤ ਹੋਣ ਤੇ ਵੀ ਸਰਲ ਮੁਹਾਂਦਰੇ ਵਾਲੀ ਹੈ ।ਇਸ ਨਾਵਲ ਦੇ ਪਾਠ ਰਾਹੀਂ ਦੇਸ਼ ਦੀ ਵੰਡ ਹੋਣ ਤੋਂ ਬਾਅਦ ਬਦਲੇ ਪੰਜਾਬ ਦੇ ਭਾਸ਼ਾਈ ਮੁਹਾਂਦਰੇ ਤੇ ਇਸ ਵਿੱਚ ਆਈ ਵਿੰਭਿਨਤਾ ਬਾਰੇ ਵੀ ਬਹੁਤ ਕੁਝ ਜਾਣਿਆ ਜਾ ਸਕਦਾ ਹੈ। ਭਾਵੇ ਨਾਵਲਕਾਰ ਵੱਲੋਂ ਸਿਰਜੇ ਸੰਤਾਲੀ ਦੀ ਵੰਡ ਤੇ ਇਸ ਨੂੰ ਰੋਕਣ ਲਈ ਕੀਤੀਆਂ ਗਈਆਂ ਕੁਰਬਾਨੀਆਂ ਦਾ ਬਿਰਤਾਂਤ ਦੇ ਕੁਝ ਵੇਰਵੇ ਉਪ-ਭਾਵੁਕ ਪੱਧਰ ਦੇ ਵੀ ਲੱਗਦੇ ਹਨ ਪਰ ਵੰਡ ਦੀ ਤ੍ਰਾਸਦੀ ਭੋਗ ਰਹੇ ਲੋਕਾਂ ਨਾਲ "ਅੱਗੇ ਕੀ ਹੋਵੇਗਾ" ਜਾਨਣ ਦੀ ਉਤਸੁਕਤਾ ਨਾਵਲ ਦੇ ਪਾਠ ਵਿਚ ਪਾਠਕੀ ਦਿਲਚਸਪੀ ਲਗਾਤਾਰ ਬਰਕਰਾਰ ਰੱਖਦੀ ਹੈ।ਇਹ ਨਾਵਲ ਲਿਖ ਕੇ ਅਜ਼ੀਜ਼ ਸਰੋਏ ਨੇ ਆਪਣੀ ਉਮਰ ਨਾਲੋਂ ਬਹੁਤ ਵੱਡਾ ਕਾਰਜ਼ ਕਰ ਵਿਖਾਇਆ ਹੈ। ਉਮੀਦ ਹੈ ਕਿ ਸਾਹਿਤਕ ਤੇ ਅਕਾਦਮਿਕ ਖੇਤਰ ਵਿੱਚ ਇਸਨੂੰ ਮੁਲਕ ਦੀ ਵੰਡ ਬਾਰੇ ਪ੍ਰਮਾਣਿਕ ਜਾਣਕਾਰੀ ਦੇਣ ਵਾਲੇ ਅਹਿਮ ਦਸਤਾਵੇਜ਼ ਵਜੋ ਸਵੀਕਾਰਿਆ ਜਾਵੇਗਾ। ਨਾਵਲ ਦੇ ਬੈਕ ਟਾਈਟਲ ਤੇ ਦਰਜ਼ ਲਹਿੰਦੇ ਪੰਜਾਬ ਦੇ ਨਾਮਵਰ ਸ਼ਾਇਰ ਬਾਬਾ ਨਜ਼ਮੀ ਤੇ ਮੁਹੰਮਦ ਆਸਿਫ ਰਜ਼ਾ ਦੀਆਂ ਟਿੱਪਣੀਆਂ ਮੇਰੇ ਇਸ ਕਥਨ ਦੀ ਪੁਸ਼ਟੀ ਵੀ ਕਰਦੀਆਂ ਹਨ। 288 ਪੰਨੇ 'ਤੇ ਅਧਾਰਿਤ 280 ਰੁਪਏ ਮੁੱਲ ਦੇ ਇਸ ਨਾਵਲ ਨੂੰ ਕੈਲੀਬਰ ਪਬਲੀਕੇਸ਼ਨਜ਼ ਪਟਿਆਲਾ ਨੇ ਛਾਪਿਆ ਹੈ।


**89682 82700**


## ਪ੍ਰਤਿਮਾਨ ਦੇ ਦੋਸਤ ਲੇਖਕਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ






























































RNI NO. PUNPUN / 2006 / 16230 April-September 2022 ISSN: 2277-9930

## ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ



























ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS